Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Pay = 530-00
Dearness Pay 222-60
Dearness allowance 274-70
HRA 112-90
CCA 45-15

GPF = 100-00
GCG EGIS = 20-00

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

'ਹਰ ਜਸ ਰੇ ਮਨਾਂ ! ਗਾਏ ਲੈ ਜੋ ਸੰਗੀ ਹੈ ਤੇ[illegible]
ਅਉਸਰ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇ[illegible]

( ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

---

ਅੰਮ੍ਰਿਤ ਪ੍ਰਿੰਟਿੰਗ ਪ੍ਰੈਸ ਭਗਵਾੜਾ ਗੇਟ ਜਾਲੰਧਰ ਸ਼ਹਿਰ
ਵਿਚ ਸੁਪਤਨੀ ਗੁਲਸ਼ਨ ਰਾਇ ਭਾਟੀ ਨੇ ਛਪਵਾ ਕੇ
ਪ੍ਰਕਾਸ਼ਤ ਕੀਤਾ ।

੧੦੦੦. [illegible] -੧੦-੮[illegible] ਪਹਿਲੀ ਵਾਰ

Digitized by Panjab Digital Library | www.panjabdigilib.org

# ਪ੍ਰਾਰਥਨਾਂ

ਕ੍ਰਿਪਾ ਨਿਧਿ[1] ਬਸਹੁ ਰਿਦੈ[2] ਹਰਿ ਨੀਤ ॥
ਐਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ
ਪ੍ਰੀਤਿ ॥੧॥ ਰਹਾਉ ॥ ਦਾਸ ਤੁਮਾਰੇ ਕੀ ਪਾਵਉ
ਧੂਰਾ ਮਸਤਕਿ ਲੇ ਲੇ ਲਾਵਉ ॥ ਮਹਾ ਪਤਿਤ[3] ਤੇ
ਹੋਤ ਪੁਨੀਤਾ[4] ਹਰਿ ਕੀਰਤਨ ਗੁਨ ਗਾਵਉ ॥੧॥
ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ
ਭਾਵਉ । ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ[5] ਆਨ[6]
ਨ ਕਤਹੂ ਪਾਵਉ ॥ ੨॥ ਸਦ ਹੀ ਨਿਕਟਿ ਜਾਨਉ
ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥ ਸਾਧੂ
ਮੀਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥੩॥
ਸਦਾ ਸਦਾ ਹਮ ਛੋਹਰੇ[7] ਤੁਮਰੇ ਤੂ ਪ੍ਰਭ ਹਮਰੋ
ਮੀਰਾ[8] ॥ ਨਾਨਕ ਬਾਰਿਕ[9] ਤੁਮ ਮਾਤ ਪਿਤਾ
ਮੁਖਿ ਨਾਮੁ ਤੁਮਾਰੋ ਖੀਰਾ[10] ॥

(ਸ੍ਰੀ ਗੁਰੂ ਅਰਜਨ ਦੇਵ ਜੀ ਸਫਾ ੭੧੨—੩)

---

[1] ਕ੍ਰਿਪਾ ਦੇ ਸਮੁੰਦਰ (ਵਾਹਿਗੁਰੂ ਜੀ)। [2] ਮਨ। [3] ਵਿਕਾਰੀ। [4] ਪਵਿੱਤਰ। [5] ਰਜ ਜਾਏ। [6] ਹੋਰ। [7] ਛੋਕਰੇ, ਬਚੇ। [8] ਸਰਦਾਰ, ਮਾਲਿਕ। [9] ਬਚਾ। [10] ਤੇਰਾ ਨਾਮ ਮੇਰੇ ਲਈ ਦੁਧ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸੁਖਮਨੀ[1] ਸਾਹਿਬ

ਈਸ਼ਵਰ ਦਾ ਸੁਖ ਪਹੁਚਾਣ ਵਾਲਾ ਹੀਰਾ ।

ਗਉੜੀ ਸੁਖਮਨੀ ਮਹਲਾ[2] ੫[3]

ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰਨ ਤੀ ।

੧ਓ ਸਤਿਗੁਰ ਪ੍ਰਸਾਦਿ ॥

ਈਸ਼ਵਰ ਇਕ ਹੈ, ਤੇ ਉਹ ਸਭ ਦਾ ਪਾਲਨ ਵਾਲਾ ਹੈ । ਉਸ ਨਾਉਂ ਸਦਾ ਰਹਿਨ ਵਾਲਾ ਹੈ । ਹੇ ਗੁਰੂ ਜੀ ਮੈਂ ਤੁਸਾਡੀ ਓਟ ਲੈਕੇ ਸੁਖਮਨੀ ਸਾ[illegible] ਆਰੰਭ ਕਰਦਾ ਹਾਂ ।

---

[illegible] । 3 ਗੁਰੂ ਨਾਨਕ, ਜਿਸਮ ਪੰਜਵਾਂ



Digitized by Panjab Digital Library | www.panjabdigilib.org

# ਸਲੋਕੁ ।

ਆਦਿ 1 ਗੁਰ ਏ 2 ਨਮਹ ॥
ਜੁਗਾਦਿ 3 ਗੁਰ ਏ ਨਮਹ ॥
ਸਤਿਗੁਰ ਏ ਨਮਹ ॥
ਸ੍ਰੀ ਗੁਰਦੇਵ ਏ ਨਮਹ ॥ ੧ ॥

ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਹੈ, ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਹੈ, ਸ੍ਰੀ ਗੁਰੂ ਅਮਰ ਦਾਸ ਜੀ ਨੂੰ ਨਮਸਕਾਰ ਹੈ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਹੈ।

(ਦੂਜਾ ਅਰਥ) ਮੇਰੀ ਉਸ ਵਾਹਿਗੁਰੂ ਨੂੰ ਨਮਸਕਾਰ ਹੈ ਜੋ ਸਭ ਦਾ ਮੁੱਢ ਹੈ। ਅਤੇ ਜੋ ਜੁਗਾਂ ਦਾ ਮੁੱਢ ਹੈ, ਸਤਿਗੁਰੂ ਨੂੰ ਨਮਸਕਾਰ ਹੈ ਤੇ ਗੁਰੂ ਦੇਵ ਜੀ ਨੂੰ ਨਮਸਕਾਰ ਹੈ।

## ਅਸਟਪਦੀ

ਅਠਾਂ ਬੰਦਾਂ ਵਾਲੀ।

ਸਿਮਰਉ 4 ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ 5 ਕਲੇਸ 6 ਤਨ ਮਾਹਿ ਮਿਟਾਵਉ ॥

ਹੇ ਭਾਈ! ਰਬ ਨੂੰ ਯਾਦ ਕਰੋ। ਉਸ ਨੂੰ ਯਾਦ ਕਰਨ ਨਾਲ ਸੁਖ ਪਾਓਗੇ। ਇਸ ਤਰਾਂ ਕਰਨ ਨਾਲ ਸਰੀਰ ਦੇ ਕਲਪਨਾ ਵਾਲੇ ਸਾਰੇ

---

1 ਪਹਿਲੇ। 2 ਤਾਈ,ਨੂੰ। 3 (ਰ [illegible] ੜਿਆਂ ਦੇ ਆਦਿ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ [illegible] ਗੜੇ [illegible] ਦੁਖ।



Digitized by Panjab Digital Library | www.panjabdigilib.org

ਦੁਖ ਤੇ ਝਟ.ੜੇ ਦੂਰ ਹੋ ਜਾਣਗੇ।

ਸਿਮਰਉ ਜਾਸੁ 1 ਬਿਸੁੰਭਰ 2 ਏਕੈ ॥
ਨਾਮੁ ਜਪਤ ਅਗਨਤ 3 ਅਨੇਕੈ ॥

ਜਿਸ ਜਗਤਪਾਲਕ ਈਸ਼ਵਰ ਦੇ ਨਾਂ ਬੇਅੰਤ ਹਨ ਜੋ ਗਿਣੇ ਭੀ ਨਹੀਂ ਜਾਂਦੇ ਤੁਸੀਂ ਭੀ ਓਸੇ ਈਸ਼ਵਰ ਨੂੰ ਯਾਦ ਕਰੋ।

(ਦੂਜਾ) ਕੇਵਲ ਇਕ ਪ੍ਰਭੂ ਨੂੰ ਯਾਦ ਕਰੋ, ਜੋ ਦੁਨੀਆਂ ਦੇ ਪਾਲਨ ਵਾਲਾ ਹੈ। ਉਸ ਵਾਹਿਗੁਰੂ ਦੇ ਬੇਅੰਤ ਨਾਂ ਹਨ ਤੇ ਉਸ ਨੂੰ ਬੇਅੰਤ ਜੀ ਹੀ ਜਪਦੇ ਹਨ।

ਬੇਦ ਪੁਰਾਨ ਸਿੰਮ੍ਰਿਤਿ ਸੁਧਾਖੁਰ 4 ॥
ਕੀਨੇ ਰਾਮ ਨਾਮ ਇਕ ਆਖੁਰ ॥

ਵੇਦਾਂ, ਪੁਰਾਨਾਂ ਤੇ ਸਿੰਮ੍ਰਤੀਆਂ, ਪਰੰਤੂ ਸਾਰੀਆਂ ਚੰਗੀਆਂ ੨ ਪੁਸਤਕਾਂ ਵਿਚ ਇਕ ੨ ਅਖਸ਼ਰ ਤਲਾਸ਼ ਕੀਤਾ ਹੈ। ਇਕ ਰਬ ਦਾ ਨਾਂ ਹੀ ਐਸਾ ਮਿਲਿਆ ਹੈ ਜੋ ਸਚਾ ਹੈ ਬਾਕੀ ਸਬ ਝੂਠ ਹੈ।

ਕਿਨਕਾ 5 ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥

ਜੋ ਮਨੁਖ ਉਸ ਰਬ ਦੇ ਨਾ ਨੂੰ ਥੋੜੇ ਤੋਂ ਥੋੜੇ ਸਮੇਂ ਲਈ ਹੀ ਆਪ ਦੇ ਦਿਲ ਵਿਚ ਸਚੀ ਤਰਾਂ ਸਮਾ ਲਵੇ। ਉਸ ਸ਼ਰਧਾਲੂ ਦੀ ਪੂਰੀ ਤਰਾਂ ਮੁਕਮਲ ਤੌਰ ਤੇ ਤਾਰੀਫ ਨਹੀਂ ਕੀਤੀ ਜਾ ਸਕਦੀ।

---

1 ਜਿਸ। 2 (ਬਿਸ਼ੰ-ਜਗਤ, ਭਰ-ਪਾਲਕ) 3 ਅਨਗਿਣਤ।
4 ਸੋਧਿਆ ਹੈ, ਤਲਾਸ਼ ਕੀਤਾ ਹੈ। 5 ਬਹੁਤ



Digitized by Panjab Digital Library | www.panjabdigilib.org

ਕਾਂਖੀ੧ 1 ਏਕੈ ਦਰਸੁ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ 2 ॥ ੧ ॥

ਸ੍ਰੀ ਗੁਰੂ ਜੀ ਆਖਦੇ ਹਨ, ਹੇ ਮੇਰੇ ਸਾਈਂ ਜੀ ਜੋ ਮਨੁਖ ਸਿਰਫ ਤੇਰੇ ਹੀ ਦਰਸ਼ਨ ਦੇ ਪਿਆਸੇ ਹਨ, ਉਨ੍ਹਾਂ ਦੀ ਸੰਗਤ ਬਖਸ਼ ਕੇ ਮੈਨੂੰ ਵੀ ਸੰਸਾਰ ਸਾਗਰ ਤੋਂ ਤਾਰ ਲਵੋ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ 3 ॥ ਰਹਾਉ 4 ॥

ਪ੍ਰਭੂ ਦਾ ਸੁਖ ਦੇਣ ਵਾਲਾ ਤੇ ਅੰਮ੍ਰਤ ਭਰਿਆ ਮਿਠਾ ਨਾਂ ਹੀ ਵਡਾ ਸੁਖਦਾਇਕ ਹੀਰਾ ਹੈ। ਇਸ ਪ੍ਰਭੂ ਦੇ ਸਚੇ ਨਾਂ ਦਾ ਟਿਕਾਣਾ ਭਗਤਾਂ ਦੇ ਹਿਰਦੇ ਵਿਚ ਹੀ ਹੈ। ਬਾਬਾ ਜੀ ਕਹਿੰਦੇ ਹਨ ਜੋ ਠਹਿਰ ਜਾਉ। ਇਸ ਤੁਕ ਵਿਚ ਹੀ ਸਾਰੀ ਸੁਖਮਨੀ ਸਾਹਿਬ ਦਾ ਖੁਲਾਸਾ ਭਰਿਆ ਹੈ।

ਪ੍ਰਭ ਕੈ ਸਿਮਰਨਿ ਗਰਭ 5 ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥

ਈਸ਼ਵਰ ਨੂੰ ਯਾਦ ਕਰਨ ਨਾਲ ਮਨੁਖ ਜਨਮ-ਮਰਨ ਵਿਚ ਨਹੀਂ ਆਂਦਾ, ਪਰੰਤੂ ਮੁਕਤੀ ਪਾ ਜਾਂਦਾ ਹੈ। ਰਬ ਦੇ ਚੇਤੇ ਕਰਨ ਵਾਲੇ ਦੇ ਦੁਖ ਕੱਟੇ ਜਾਂਦੇ ਹਨ ਤੇ ਜਮਦੂਤ ਦਾ ਡਰ ਭੀ ਦੂਰ ਹੋ ਜਾਂਦਾ ਹੈ।

---

1 ਚਾਹਨੇ ਵਾਲੇ । 2 ਤਾਰ । 3 ਟਿਕਾਣਾ । 4 ਠਹਿਰ ਜਾਓ। 5 ਮਾਂ ਦਾ ਪੇਟ।



Digitized by Panjab Digital Library | www.panjabdigilib.org

ਪ੍ਰਭ ਕੈ ਸਿਮਰਨਿ ਕਾਲੁ 1 ਪਰਹਰੈ 2 ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ 3 ॥

ਖ ਈਸ਼ਵਰ ਦੇ ਜਾਪ ਕਰਨ ਨਾਲ ਮੌਤ ਦੂਰ ਹੋ ਜਾਂਦੀ ਹੈ। ਕੇ ਉਸ ਰਬ ਨੂੰ ਯਾਦ ਕਰਨ ਨਾਲ਼ ਦੁਸ਼ਮਨ ਟਲ ਜਾਂਦੇ ਹਨ।

ਪ੍ਰਭ ਸਿਮਰਤ ਕਛੁ ਬਿਘਨ 4 ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ 5 ਜਾਗੈ ॥

ਰਬ ਨੂੰ ਚੇਤੇ ਕਰਨ ਨਾਲ ਕੋਈ ਮੁਸ਼ਕਿਲ ਜਾਂ ਤਕਲੀਫ ਰਸਤੇ ਵਿਚ ਨਹੀਂ ਰਹਿੰਦੀ। ਉਸ ਨੂੰ ਯਾਦ ਕਰਨ ਨਾਲ ਮਨੁਖ ਦਿਨ ਰਾਤ ਸੁਚੇਤ ਰਹਿੰਦਾ ਹੈ।

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ 6 ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ 7 ॥

ਪ੍ਰਭੂ ਦੇ ਯਾਦ ਕਰਨ ਨਾਲ ਜੀਵ ਨੂੰ ਕੋਈ ਡਰ ਨਹੀਂ ਛੂੰਹਦਾ।

ਪ੍ਰਭੂ ਸਿਮਰਨ ਨਾਲ ਕੋਈ ਦੁਖ ਭੀ ਵਿਆਕੁਲ ਨਹੀਂ ਕਰਦਾ।

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥
ਸਰਬ 8 ਨਿਧਾਨ 9 ਨਾਨਕ ਹਰਿ ਰੰਗਿ 10 ॥ ੨ ॥

ਗੁਰੂ ਜੀ ਆਖਦੇ ਹਨ ਕਿ ਜੋ ਮਨੁਖ ਰਾਮ ਦਾ ਭਜਨ ਸੰਤਾਂ ਦੀ ਸੰਗਤ ਵਿਚ ਰਹਿ ਕੇ ਕਰਦਾ ਹੈ ਉਸ ਨੂੰ ਉਸ ਸਚੇ ਦੇ ਪ੍ਰੇਮ ਵਿਚ ਹੀ ਸਭ ਦੁਨੀਆਂ ਦੀਆਂ ਨਿਆਮਤਾਂ ਮਿਲ ਜਾਦੀਆਂ ਹਨ।

---

1 [illegible] । 2 ਦਰ ਹੋਣਾ, ਪਰੇ ਹਟਣਾ। 3 ਟਲਨਾਂ। 4 ਰੁਕ [illegible] ਨ ਰਾਤ। 6 ਜ਼ੋਰ ਪਾਂਦਾ ਹੈ। 7 ਤੰਗ ਕਰਦਾ [illegible] । 10 ਪਿਆਰ ਵਿਚ।



Digitized by Panjab Digital Library | www.panjabdigilib.org

ਪ੍ਰਭ ਕੈ ਸਿਮਰਨਿ ਰਿਧਿ 1 ਸਿਧਿ 2 ਨਉ 3 ਨਿਧਿ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ 4 ਬੁਧਿ॥

ਪ੍ਰਭੂ ਦੇ ਸਿਮਰਨ ਨਾਲ ਮਾਨਸਿਕ ਤਾਕਤ, ਦੇਵਤਿਆਂ ਵਾਲ ਤਾਕਤ ਤੇ ਜਗਤ ਦੇ ਖਜ਼ਾਨੇ ਪ੍ਰਾਪਤ ਹੋਂਦੇ ਹਨ। ਉਸ ਨੂੰ ਯਾਦ ਕਰਨ ਨਾਲ ਹਕੀਕੀ ਤੌਰ ਤੇ ਪ੍ਰਭੂ ਦਾ ਧਿਆਨ ਹੋ ਜਾਂਦਾ ਹੈ।

ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥
ਪ੍ਰਭ ਕੈ ਸਿਮਰਨਿ ਬਿਨਸੈ 5 ਦੂਜਾ॥

ਹਰੀ ਦਾ ਜਾਪ ਕਰਨ ਨਾਲ ਜਾਪ, ਤਪਸਿਆ ਤੇ ਉਸ ਨੂੰ ਪੂਜਨ ਦਾ ਫਲ ਮਿਲ ਜਾਂਦਾ ਹੈ! ਉਸ ਨੂੰ ਯਾਦ ਕਰਨ ਨਾਲ ਦ੍ਵੈਤ ਭਾਵਨਾ ਦਾ ਨਾਸ ਹੋ ਜਾਂਦਾ ਹੈ।

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ 6॥

ਰਾਮ ਦੇ ਜਾਪ ਕਰਨ ਨਾਲ ਤੀਰਥ ਤੇ ਇਸ਼ਨਾਨ ਕਰਨ ਦੇ ਬਰਾਬਰ ਪੁਨ ਪ੍ਰਾਪਤ ਹੁੰਦਾ ਹੈ। ਉਸ ਨੂੰ ਯਾਦ ਕਰਨ ਨਾਲ ਇਸ ਜਹਾਨ ਨੂੰ ਤਾਂ ਛੋੜ ਰਬ ਦੇ ਘਰ ਵਿਚ ਵੀ ਇਜ਼ਤ ਹੁੰਦੀ ਹੈ।

ਪ੍ਰਭ ਕੈ ਸਿਮਰਨਿ ਹੋਇ ਸੁ ਭਲਾ॥
ਪ੍ਰਭ ਕੈ ਸਿਮਰਨਿ ਸੁਫਲ ਫਲਾ॥

ਹਰੀ ਦੇ ਯਾਦ ਕਰਨ ਵਾਲਾ ਰਬ ਦਾ ਸ਼ਾਕਿਰ ਹੋ ਜਾਂਦਾ ਹੈ।

---

1 ਮਾਨਸਿਕ ਤਾਕਤ। 2 ਦੇਵਤਿਆਂ ਵਾ[illegible] ਤਾਕਤ।
3 ਜਗਤ ਦਾ ਸਾਰਾ ਖਜ਼ਨਾ। ਨਾਸ।
6 ਮਾਨ ਵਾਲਾ ਇਜ਼ਤ ਵਾਲਾ।



Digitized by Panjab Digital Library | www.panjabdigilib.org

ਤੇ ਉਹ ਜਾਨ ਜਾਂਦਾ ਹੈ ਕਿ ਜੋ ਰਬ ਕਰਦਾ ਹੈ ਚੰਗਾ ਕਰਦਾ ਹੈ। ਉਸ ਨੂੰ ਯਾਦ ਕਰਨ ਵਾਲਾ ਸ਼ੁਭ ਗੁਨਾਂ ਦੇ ਫੁਲਾਂ ਨਾਲ ਫਲਦਾ ਹੈ।

ਸੇ ਸਿਮਰਹਿ ਜਿਨ ਆਪਿ ਸਿਮਰਾਏ॥
ਨਾਨਕ ਤਾ ਕੈ ਲਾਗਉ ਪਾਇ॥ ੩॥

ਈਸ਼ਵਰ ਦਾ ਨਾਂ ਉਹੀ ਕਿਸਮਤ ਵਾਲੇ ਜਪਦੇ ਹਨ ਜਿਨਾਂ ਤੇ ਉਹ ਆਪ ਮੇਹਰ ਦੀ ਨਜ਼ਰ ਕਰਦਾ ਹੈ ਤੇ ਉਨ੍ਹਾਂ ਨੂੰ ਨਾਮ ਦੇ ਜਪਨ ਦੀ ਤਾਕਤ ਦੇਂਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਜਿਨ੍ਹਾਂ ਨੂੰ ਰਬ ਭਗਤੀ ਕਰਨ ਦੀ ਤਾਕਤ ਦੇਂਦਾ ਹੈ ਉਹਨਾਂ ਦੇ ਚਰਨਾਂ ਤੇ ਮਥਾ ਟੇਕੋ।

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥
ਪ੍ਰਭ ਕੈ ਸਿਮਰਨਿ ਉਧਰੇ 1 ਮੂਚਾ 2 ॥

ਹਰੀ ਦਾ ਨਾਮ ਜਪਨਾ ਸਾਰੇ ਆਹਾਰਾਂ ਨਾਲੋਂ ਚੰਗਾ ਹੈ ਉਸ ਦਾ ਨਾਂ ਲੈਣ ਨਾਲ ਬੜੀ ਦੁਨੀਆਂ ਤਰ ਗਈ ਹੈ।

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥

ਈਸ਼ਵਰ ਦਾ ਨਾਂ ਲੈਣ ਨਾਲ ਦੁਨਯਾਵੀ ਚੀਜ਼ਾਂ ਦੀ ਹਾਸਿਲ ਕਰਨ ਦੀ ਪਿਆਸ ਬੁਝ ਜਾਂਦੀ ਹੈ। ਉਸ ਨੂੰ ਯਾਦ ਕਰਨ ਨਾਲ ਸਭ ਗਲਾਂ ਦੀ ਰੋਸ਼ਨੀ ਹੋ ਜਾਂਦੀ ਹੈ।

ਪ੍ਰਭ ਕੈ ਸਿਮਰਨਿ ਨਾਹੀ ਜਮ 3 ਤ੍ਰਾਸਾ 4 ॥
ਪ੍ਰਭ ਕੈ ਸਿਮਰਨਿ ਪੂਰਨ ਆਸਾ॥

---

1 ...ਹਨ। 2 ਬਹੁਤ ਸਾਰੇ। 3 ਮੌਤ। 4 ਡਰ।



Digitized by Panjab Digital Library | www.panjabdigilib.org

ਈਸ਼ਵਰ ਦਾ ਨਾਂ ਲੈਣ ਨਾਲ ਮੌਤ ਤੋਂ ਡਰ ਨਹੀਂ ਲਗਦਾ। ਜੀਵ ਦਾ ਚੁਰਾਸੀ ਦੇ ਗੇੜ ਤੋਂ ਛੁਟਕਾਰਾ ਹੋ ਜਾਂਦਾ ਹੈ। ਉਸ ਪ੍ਰਭੂ ਦਾ ਨਾਂ ਜਪਨ ਨਾਲ ਜੀਵ ਦੀਆਂ ਸਭ ਖੁਾਸ਼ਾਂ ਪੂਰੀਆਂ ਹੋ ਜਾਂਦੀਆਂ ਹਨ।

ਪ੍ਰਭ ਕੈ ਸਿਮਰਨਿ ਮਨਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ 1 ਮਾਹਿ ਸਮਾਇ॥

ਜਿਸ ਤਰ੍ਹਾਂ ਸਾਬਨ ਨਾਲ ਕਪੜੇ ਦੀ ਮੈਲ ਲਥ ਜਾਂਦੀ ਹੈ ਇਸੇ ਤਰਾਂ ਰਬ ਦਾ ਨਾਂ ਲੈਣ ਨਾਲ ਮਨ ਦੀ ਗੰਦਗੀ ਸਾਫ ਹੋ ਜਾਂਦੀ ਹੈ ਤੇ ਜਦ ਮਨ ਸਾਫ ਹੋ ਜਾਂਦਾ ਹੈ ਤਾਂ ਪ੍ਰਭੂ ਦਾ ਅਮਰ ਕਰਨ ਵਾਲਾ ਨਾਮ ਹਿਰਦੇ ਵਿਚ ਟਿਕ ਜਾਂਦਾ ਹੈ।

ਪ੍ਰਭ ਜੀ ਬਸਹਿ ਸਾਧ ਕੀ ਰਸਨਾ 2 ॥
ਨਾਨਕ ਜਨ 3 ਕਾ ਦਾਸਨਿ ਦਸਨਾ ॥ ੪ ॥

ਪਰਮਾਤਮਾਂ ਗੁਰਮੁਖਾਂ ਦੀ ਜੀਭ ਤੇ ਵਸਦਾ ਹੈ, ਪਰੰਤੂ ਭਲੇ ਪੁਰਸ਼ ਉਸ ਦਾ ਸਦਾ ਹੀ ਜਾਪ ਕਰਦੇ ਹਨ। ਸ੍ਰੀ ਗੁਰੂ ਜੀ ਆਖਦੇ ਹਨ ਜੋ ਮੈਂ ਐਸੇ ਗੁਰਮੁਖਾਂ ਦੇ ਨੌਕਰਾਂ ਦਾ ਭੀ ਸੇਵਕ ਹਾਂ।

ਪ੍ਰਭ ਕਉ ਸਿਮਰਹਿ ਸੇ 4 ਧਨਵੰਤੇ 5 ।
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ6 ॥

ਹਰੀ ਨੂੰ ਯਾਦ ਕਰਨ ਵਾਲੇ ਧੰਨ ਵਾਲੇ ਹੋ ਜਾਂਦੇ ਹਨ। ਤੇ ਉਸ ਨੂੰ ਯਾਦ ਕਰਨ ਵਾਲੇ ਇਜ਼ਤ ਪਾਂਦੇ ਹਨ।

---

1 ਹਿਰਦਾ। 2 ਜੀਭ। 3 ਸਾਧ। ਾਲੇ।
6 ਇਜ਼ਤ ਵਾਲੇ।



Digitized by Panjab Digital Library | www.panjabdigilib.org

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ [1] ॥
ਪ੍ਰਭ ਕਉ ਸਿਮਰਹਿ ਸੇ ਪੁਰਖ [2] ਪ੍ਰਧਾਨ [3] ॥

ਜੋ ਮਨੁਖ ਰਾਮ ਦਾ ਭਜਨ ਕਰਦੇ ਹਨ, ਉਨ੍ਹਾਂ ਦੀ ਬੜੀ ਸ਼ੋਹਰਤ ਹੋ ਜਾਂਦੀ ਹੈ। ਰਬ ਨੂੰ ਯਾਦ. ਕਰਨ ਵਾਲੇ ਬੰਦੇ ਸਭ ਦੇ ਆਗੂ ਬਣ ਜਾਂਦੇ ਹਨ।

ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ [4] ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥

ਪਰਭੂ ਨੂੰ ਯਾਦ ਕਰਨ ਵਾਲੇ ਕਿਸੇ ਦੇ ਮੁਥਾਜ ਨਹੀਂ ਹਨ। ਉਸਨੂੰ ਗਾਉਣ ਵਾਲੇ ਤਾਂ ਸਗੋਂ ਸਭ ਦੇ ਬਾਦਸ਼ਾਹ ਹਨ।

ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ [5] ॥

ਰਬ ਨੂੰ ਯਾਦ ਕਰਣ ਵਾਲੇ ਸਦਾ ਸੁਖੀ ਰਹਿੰਦੇ ਹਨ। ਉਸ ਦੇ ਯਾਦ ਕਰਣ ਵਾਲੇ ਜਨਮ ਮਰਣ ਦੇ ਗੇੜ ਤੋਂ ਬਚ ਜਾਂਦੇ ਹਨ।

ਸਿਮਰਨ ਤੇ [6] ਲਾਗੇ ਜਿਨ [7] ਆਪਿ [8] ਦਇਆਲਾ ॥
ਨਾਨਕ ਜਨ [9] ਕੀ ਮੰਗੈ ਰਵਾਲਾ [10] ॥ ੫ ॥

ਈਸ਼ਵਰ ਦੀ ਯਾਦ ਵਿਚ ਉਹੀ ਮਨੁਖ ਲਗਦੇ ਹਨ, ਜਿਨ੍ਹਾਂ ਉਤੇ ਰਬ ਆਪ ਮੇਹਰਬਾਨ ਹੁੰਦਾ ਹੈ। ਸ੍ਰੀ ਗੁਰੂ ਜੀ

---

[1] ਮੰਨੇ ਪਰਮੰਨੇ। [2] ਆਦਮੀ। [3] ਮੁਖੀ ਮਸ਼ਹੂਰ ਪਰੈਜ਼ੀਡੈਂਟ। [4] ਬੇ ਪਰਵਾਹ। [5] ਨਾਸ ਹੋਣ ਤੋਂ ਰਹਿਤ। [6] ਉਹੀ। [7] ਜਿਨਾਂ ਉਤੇ। [8] ਪ੍ਰਭੂ। [9] ਸੇਵਕ। [10] ਚਰਨਾਂ ਦੀ ਧੂੜ।



Digitized by Panjab Digital Library | www.panjabdigilib.org

ਆਖਦੇ ਹਨ ਮੈਂ ਐਸੇ ਭਾਗਾਂ ਵਾਲੇ ਗੁਰਮੁਖਾਂ ਦੀ ਚਰਨ ਧੂੜ ਮੰਗਦਾ ਹਾਂ।

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ[1] ॥
ਪ੍ਰਭ ਕਉ ਸਿਮਰਹਿ ਤਿਨ ਸਦ[2] ਬਲਿਹਾਰੀ[3] ॥

ਈਸ਼ਵਰ ਨੂੰ ਜੋ ਯਾਦ ਕਰਦੇ ਹਨ ਉਹ ਦੂਜਿਆਂ ਤੇ ਭਲਾਈ ਕਰਨ ਵਾਲੇ ਬਨ ਜਾਂਦੇ ਹਨ। ਪ੍ਰਭੂ ਦੇ ਯਾਦ ਕਰਨ ਵਾਲਿਆਂ ਤੋਂ ਹਮੇਸ਼ਾ ਕੁਰਬਾਨ ਜਾਣਾ ਚਾਹੀਦਾ ਹੈ।

ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ[4] ॥

ਈਸ਼ਵਰ ਦੇ ਯਾਦ ਕਰਨ ਵਾਲਿਆਂ ਦੇ ਮੂੰਹ ਸੁੰਦਰ ਲਗਦੇ ਹਨ। ਈਸ਼ਵਰ ਨੂੰ ਯਾਦ ਕਰਨ ਵਾਲੇ ਆਪਣੀ ਉਮਰ ਸੁਖ ਵਿਚ ਗੁਜ਼ਾਰਦੇ ਹਨ।

ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ[5] ਰੀਤਾ[6] ॥

ਹਰੀ ਨੂੰ ਯਾਦ ਕਰਨ ਵਾਲੇ ਆਪਣੇ ਮੰਨ ਤੇ ਕਾਬੂ ਪਾ ਲੈਂਦੇ ਹਨ। ਉਸ ਨੂੰ ਯਾਦ ਕਰਨ ਵਾਲਿਆਂ ਦਾ ਚਾਲ ਚਲਨ ਪਵਿਤਰ ਹੋ ਜਾਂਦਾ ਹੈ।

ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ[7] ॥

---

[1] ਦੂਜਿਆਂ ਨਾਲ ਭਲਾਈ ਕਰਨ ਵਾਲਾ। [2] ਸਦਾ, ਹਮੇਸ਼ਾ। [3] ਕੁਰਬਾਨ। [4] ਗੁਜ਼ਰਦੀ ਹੈ। [5] ਪਵਿੱਤ੍ਰ। [6] ਜ਼ਿੰਦਗੀ ਗੁਜ਼ਾਰਨ ਦਾ ਤਰੀਕਾ। [7] ਨਜ਼ਦੀਕ।



Digitized by Panjab Digital Library | www.panjabdigilib.org

ਜੋ ਪ੍ਰਭੂ ਨੂੰ ਯਾਦ ਕਰਦੇ ਹਨ ਉਨਾਂ ਨੂੰ ਖੁਸ਼ੀਆਂ ਹੀ ਖੁਸ਼ੀਆਂ ਹੋਂਦੀਆਂ ਹਨ। ਹਰੀ ਨੂੰ ਯਾਦ ਕਰਨ ਵਾਲੇ ਪ੍ਰਭੂ ਦੇ ਨਜ਼ਦੀਕ ਹੋ ਜਾਂਦੇ ਹਨ।

ਸੰਤ ਕ੍ਰਿਪਾ ਤੇ ਅਨਦਿਨੁ [1] ਜਾਗਿ ॥
ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥

ਸੰਤਾਂ ਦੀ ਕ੍ਰਿਪਾ ਨਾਲ ਹੀ ਇਸ ਅਵਿਦਿਆ ਦੀ ਨੀਂਦ ਤੋਂ ਸੁਜਾਗਤ ਹੋਕੇ ਹਰ ਵਕਤ ਸਿਮਰਨ ਦੀ ਜਾਗ ਆ ਸਕਦੀ ਹੈ ਸ੍ਰੀ ਗੁਰੂ ਜੀ ਆਖਦੇ ਹਨ ਈਸ਼ਵਰ ਨੂੰ ਯਾਦ ਕਰਨ ਦੀ ਦਾਤ ਵਡੇ ਭਾਗਾਂ ਵਾਲਿਆਂ ਨੂੰ ਮਿਲਦੀ ਹੈ।

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ [2] ॥

ਰਬ ਨੂੰ ਚੇਤੇ ਕਰਨ ਵਾਲੇ ਦੇ ਸਾਰੇ ਕੰਮ ਹੋ ਜਾਂਦੇ ਹਨ, ਉਸ ਨੂੰ ਯਾਦ ਕਰਨ ਵਾਲਾ ਕਦੀ ਚਿੰਤਾ ਨਹੀਂ ਕਰਦਾ।

ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥
ਪ੍ਰਭ ਕੈ ਸਿਮਰਨਿ ਸਹਜਿ [3] ਸਮਾਨੀ [4] ॥

ਹਰੀ ਦੇ ਚੇਤੇ ਕਰਨ ਨਾਲ ਜੀਵ ਨੂੰ ਰਬ ਦੀ ਸਿਫਤ ਸਲਾਹ ਕਰਨ ਦੀ ਆਦਤ ਪੈ ਜਾਂਦੀ ਹੈ। ਪ੍ਰਭੂ ਦੇ ਯਾਦ ਕਰਨ ਵਾਲਾ ਨਾ ਡੋਲਨ ਵਾਲੀ ਅਵਸਥਾ ਵਿਚ ਟਿਕ ਜਾਂਦਾ ਹੈ।

---

1 ਹਰ ਰੋਜ਼। 2 ਚਿੰਤਾ ਕਰਨਾ। 3 ਅਡੋਲ ਅਵਸਥਾ। 4 ਸਮਾ ਜਾਂ ... ਹੈ।



Digitized by Panjab Digital Library | www.panjabdigilib.org

ਪ੍ਰਭ ਕੈ ਸਿਮਰਨਿ ਨਿਹਚਲ[1] ਆਸਨੁ ॥
ਪ੍ਰਭ ਕੈ ਸਿਮਰਨਿ ਕਮਲ[2] ਬਿਗਾਸਨੁ[3] ॥

ਹਰੀ ਦੇ ਚੇਤੇ ਕਰਨ ਨਾਲ ਆਦਮੀ ਦਾ ਮਨ ਰੂਪੀ ਆਸਨ ਹਿਲਦਾ ਡੋਲਦਾ ਨਹੀਂ, ਤੇ ਪ੍ਰਭੂ ਤੇ ਪੂਰਾ ੨ ਯਕੀਨ ਹੋ ਜਾਂਦਾ ਹੈ। ਰਬ ਨੂੰ ਯਾਦ ਕਰਨ ਵਾਲੇ ਇਨਸਾਨ ਦਾ ਦਿਲ ਕਮਲ ਰੂਪੀ ਫੁਲ ਵਾਂਗ ਖਿੜਿਆ ਰਹਿੰਦਾ ਹੈ।

ਪ੍ਰਭ ਕੈ ਸਿਮਰਨਿ ਅਨਹਦ[4] ਝੁਨਕਾਰ[5] ॥
ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥

ਰਬ ਨੂੰ ਯਾਦ ਕਰਨ ਨਾਲ ਇਨਸਾਨ ਦੇ ਮੰਨ ਦੇ ਅੰਦਰ ਲਗਾਤਾਰ ਰਸੀਲੇ ਸ਼ਬਦਾਂ ਦਾ ਗਾਇਨ ਹੋਂਦਾ ਰਹਿੰਦਾ ਹੈ। ਪ੍ਰਭੂ ਦੇ ਸਿਮਰਨਿ ਨਾਲ ਇਤਨੇ ਜ਼ਿਆਦਾ ਸੁਖ ਪਰਤੀਤ ਹੁੰਦੇ ਹਨ ਕਿ ਉਨਾਂ ਦਾ ਕੋਈ ਅੰਤ ਭੀ ਨਹੀਂ।

ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ[6] ॥
ਨਾਨਕ ਤਿਨ ਜਨ ਸਰਨੀ[7] ਪਇਆ ॥ ੭ ॥

ਰਬ ਜਿਨਾਂ ਉਤੇ ਆਪ ਕ੍ਰਿਪਾ ਕਰੇ ਉਹੀ ਉਹੀ ਉਸ ਦਾ ਸਿਮਰਨਿ ਕਰਦੇ ਹਨ। ਸ੍ਰੀ ਗੁਰੂ ਜੀ ਆਖਦੇ ਹਨ ਮੈਂ ਉਨਾਂ ਰਬ ਨੂੰ ਚੇਤੇ ਕਰਨ ਵਾਲਿਆਂ ਦੀ ਹੀ ਓਟ ਲਈ ਹੋਈ ਹੈ।

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਇ[8] ॥
ਹਰਿ ਸਿਮਰਨਿ ਲਗਿ ਬੇਦ ਉਪਾਇ[9] ॥

---

[1] ਨਾ ਹਿਲਨ ਵਾਲਾ। [2] ਹਿਰਦਾ ਰੂਪੀ ਕਮਲ ਫੁਲ। [3] ਖਿੜਾਓ। [4] ਲਗਾਤਾਰ। [5] ਰਸੀਲੇ ਮਿਠੇ ਸ਼ਬਦ। [5] ਮੇਹਰ, ਦਇਆ। [7] ਓਟ, ਆਸਰਾ। [8] ਮਸ਼ਹੂਰ ਹੋਏ। [9] ਪੈਦਾ ਕੀਤੇ



Digitized by Panjab Digital Library | www.panjabdigilib.org

ਰਬ ਨੂੰ ਚੇਤੇ ਕਰਨ ਨਾਲ ਭਗਤ ਲੋਕ ਜਹਾਨ ਵਿਚ ਮਸ਼ਹੂਰ ਹੋ ਜਾਂਦੇ ਹਨ। ਉਸ ਦੀ ਯਾਦ ਵਿਚ ਲਗ ੨ ਕੇ ਹੀ ਰਿਸ਼ੀਆਂ ਮੁਨੀਆਂ ਨੇ ਵੇਦ ਉਚਾਰਨ ਕੀਤੇ ਹਨ।

ਹਰਿ ਸਿਮਰਿਨ ਭਇ [1] ਸਿਧ[2] ਜਤੀ[3] ਦਾਤੇ [4] ॥
ਹਰਿ ਸਿਮਰਿਨ ਨੀਚ ਚਹੁ ਕੁੰਟ [5] ਜਾਤੇ[6] ॥

ਰਬ ਨੂੰ ਯਾਦ ਕਰਨ ਨਾਲ ਫਰਿਸ਼ਤਾ, ਜਤੀ ਤੇ ਦਾਨੀ ਬਨ ਜਾਈਦਾ ਹੈ। ਰਬ ਨੂੰ ਚੇਤੇ ਕਰਨ ਨਾਲ ਨੀਚ ਪੁਰਸ਼ ਵੀ ਸਾਰੇ ਜਹਾਨ ਵਿਚ ਮਸ਼ਹੂਰ ਹੋ ਜਾਂਦੇ ਹਨ।

ਹਰਿ ਸਿਮਰਨਿ ਧਾਰੀ ਸਭ ਧਰਨਾ [7] ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥

ਰਬ ਦੀ ਯਾਦ ਕਰਨ ਵਾਲਿਆਂ ਦੀ ਮੇਹਰ ਨਾਲ ਇਹ ਧਰਤੀ ਖੜੀ ਹੈ, ਹਰੀ ਦੀ ਯਾਦ ਹੀ ਧਰਤੀ ਨੂੰ ਆਸਰਾ ਦਿਤਾ ਹੋਇਆ ਹੈ। ਜਦੋਂ ਸਿਮਰਿਨ ਵਿਚ ਇਤਨੀ ਤਾਕਤ ਹੈ। ਤਾਂ ਸਾਰੇ ਕਮਾਂ ਦੇ ਸਿਧੇ ਕਰਨ ਵਾਲੇ ਰਬ ਨੂੰ ਚੇਤੇ ਕਰੋ, ਚੇਤੇ ਕਰੋ।

ਹਰਿ ਸਿਮਰਨਿ ਕੀਉ ਸਗਲ ਅਕਾਰਾ [8] ॥
ਹਰਿ ਸਿਮਰਨਿ ਮਹਿ [9] ਆਪਿ ਨਿਰੰਕਾਰਾ ॥

ਰਬ ਨੂੰ ਚੇਤ ਕਰਨ ਵਾਸਤੇ ਹੀ ਇਹ ਦੁਨੀਆਂ ਪੈਦਾ ਹੋਈ ਹੈ। ਹਰੀ ਸਿਮਰਨਿ ਵਿਚ ਪ੍ਰਭੂ ਆਪ ਵਸਦਾ ਹੈ।

---

1 ਹੋ ਗਏ। 2 ਫ਼ਰਿਸ਼ਤਾ। 3 ਸਰੀਰਕ ਇੰਦ੍ਰੀਆਂ ਨੂੰ ਵਸ ਕਰਨ ਵਾਲਾ। 4 ਦਾਨੀ। 5 ਸਾਰੇ 6 ਜਹਾਨ ਵਿਚ ਮਸ਼ਹੂਰ ਹੋਣਾ। 7 ਧਰਤੀ। 8 ਦੁਨੀਆਂ। 9 ਵਿਚ।



Digitized by Panjab Digital Library | www.panjabdigilib.org

ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨ ਪਾਇਆ ॥ ੮ ॥ ੧॥

ਜਿਸ ਉਤੇ ਰਬ ਆਪ ਮੇਹਰ ਕਰਦਾ ਹੈ । ਸ੍ਰੀ ਗੁਰੂ ਜੀ ਆਖਦੇ ਹਨ ਜਿਨਾਂ ਉਤੇ ਦਾਤੇ ਦੀ ਮੇਹਰ ਦੀ ਨਜ਼ਰ ਹੁੰਦੀ ਹੈ ਗੁਰਮੁਖਾਂ ਦੇ ਰਾਹੀਂ ਉਹਨਾਂ ਨੂੰ ਰਬ ਦੇ ਯਾਦ ਕਰਨ ਦੀ ਸ਼ਕਤੀ ਮਿਲਦੀ ਹੈ ।



Digitized by Panjab Digital Library | www.panjabdigilib.org

# ਸਲੋਕੁ ।

ਦੀਨ [1] ਦਰਦਦੁਖਭੰਜਨਾਂ [2] ਘਟਿ [3] ਘਟਿਨਾਥ [4] ਅਨਾਥ[5]॥
ਸਰਿਨ ਤੁਮਾਰੀ ਆਇਓ ਨਾਨਕ ਕੇ ਪ੍ਰਭ ਸਾਥ॥ ੨ ॥

ਹੇ ਗਰੀਬਾਂ ਦੇ ਦਰਦ ਦੁਖ ਦੂਰ ਕਰਨ ਵਾਲੇ ਪ੍ਰਭੂ ਜੀ ! ਹੇ ਹਰ ਇਕ ਜੀਵ ਵਿਚ ਵਸਨ ਵਾਲੇ ਦਾਤਾ ਜੀ ! ਹੇ ਯਤੀਮਾਂ ਦੇ ਮਾਈ ਬਾਪ!ਹੇ ਦਾਤਾਰ ਜੀਉ ਸ੍ਰੀਗੁਰੂ ਨਾਨਕ ਦਾ ਪਲੜਾ ਫੜ ਤੇ ਉਸ ਦੇ ਵਿਖਾਇ ਹੋਏ ਰਾਹ ਉਤੇ ਤੁਰ ਕੇ ਤੇਰੀ ਓਟ ਆ ਲਈ ਹੈ

## ਅਸਟਪਦੀ

ਜਹਾ [6] ਮਾਤ ਪਿਤਾ ਸੁਤ [7] ਮੀਤ [8] ਨਭਾਈ॥
ਮਨ [9] ਊਹਾ ਨਾਮੁ ਤੇਰੈ ਸੰਗਿ ਸਹਾਈ॥

ਜਿਥੇ ਮਾਂ ਬਾਪ ਪੁਤ੍ਰ ਮਿਤ੍ਰ ਤੇ ਭਿਰਾ ਕੋਈ ਭੀ ਸਾਥੀ ਨਹੀਂ ਬਨਦਾ। ਹੇ ਮਨ ! ਉਥੇ ਪ੍ਰਭੂ ਦਾ ਨਾਮ ਹੀ ਤੇਰੇ ਨਾਲੇ ਜਾ ਕੇ ਸਹੈਤਾ ਕਰਦਾ ਹੈ ।

ਜਹ ਮਹਾ [10] ਭਇਆਨ [11] ਦੂਤ ਜਮ [12] ਦਲੈ[13]॥
ਤਹ ਕੇਵਲ ਨਾਮੁ ਸੰਗਿ ਤਰੈ ਚਲੈ ॥

ਜਿਥੇ ਇਸ ਗਲ ਦਾ ਡਰ ਹੈ ਜੋ ਡਰਾਉਨੇਤੇ ਖੂਨਖਾਰ ਜਮਦੂਤ ਪੀੜਨਗੇ, ਉਥੇ ਸਿਰਫ ਪ੍ਰਭੂ ਨਾਮ ਹੀ ਤੇਰੀ ਸਹੈਤਾ ਕਰੇਗਾ ।

---

1 ਗਰੀਬ ਕਮਜ਼ੋਰ । 2 ਤੋੜਨ ਵਾਲਾ । 8 ਸਰੀਰ । 4 ਮਾਲਿਕ। 5 ਯਤੀਮ । 6 ਜਿਸ ਜਗਾ । 7 ਪੁਤ੍ਰ । 8 ਮਿਤ੍ਰ । 9 ਹੇ ਮਨ । 10 ਵਡਾ 11 ਡਰਾਉਨਾ 12 ਜਮਦੂਤ । 13 ਦਲਨਾਂ, ਪੀੜਨਾ ।



Digitized by Panjab Digital Library | www.panjabdigilib.org

ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ[1] ਮਾਹਿ ਉਧਾਰੀ[2] ॥

ਜਿਥੇ ਕੋਈ ਬੜੀ ਭਾਰੀ ਮੁਸ਼ਕਿਲ ਆ ਬਣੇ ਉਥੇ ਭੀ ਪ੍ਰਭੂ ਦਾ ਨਾਮ ਹੀ ਚੁਟਕੀ ਦੇ ਮਾਰਨ ਦੀ ਦੇਰ ਵਿਚ ਬਚਾ ਲੈਂਦਾ ਹੈ

ਅਨਿਕ ਪੁਨਹ ਚਰਨ[3] ਕਰਤ ਨਹੀ ਤਰੈ ॥
ਹਰਿ ਕੋ ਨਾਮੁ ਕੋਟਿ[4] ਪਾਪ ਪਰ ਹਰੈ[5] ॥

ਅਨੇਕ ਧਾਰਮਿਕ ਰਸਮਾਂ ਕਰਕੇ ਜਿਥੇ ਤੂੰ ਨਹੀਂ ਤਰ ਸਕਦਾ ਉਥੇ ਹਰੀ ਦਾ ਨਾਮ ਤੇਰੇ ਕਰੋੜਾਂ ਪਾਪ ਦੂਰ ਕਰ ਦੇਂਦਾ ਹੈ। ਤੇ ਜੀਵ ਤਰ ਜਾਂਦਾ ਹੈ।

ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥
ਨਾਨਕ ਪਾਵਹੁ ਸੂਖ ਘਨੇਰੇ ॥ ੧ ॥

ਹੇ ਮੇਰੇ ਮਨਾਂ! ਗੁਰਦੁਆਰੇ ਜਾ ਕੇ ਜਾਂ ਗੁਰਸਿਖਾਂ ਨਾਲ ਰਲਕੇ ਰਬ ਦਾ ਨਾ ਜਪ। ਸ੍ਰੀ ਗੁਰੂ ਜੀ ਆਖਦੇ ਹਨ ਇਸ ਤਰ੍ਹਾਂ ਕਰਨ ਨਾਲ ਬੜੇ ਸੁਖ ਪਾਵੇਂਗਾ।

ਸਗਲ[6] ਸ੍ਰਿਸਟਿ[7] ਕੋ ਰਾਜਾ ਦੁਖੀਆ ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥

---

ਸਾਰੀ ਦੁਨੀਆਂ ਦਾ ਰਾਜਾ ਹੋ ਕੇ ਭੀ ਜੀਵ ਦੁਖੀ ਰਹਿੰਦਾ ਹੈ। ਪਰ ਜੋ ਪ੍ਰਭੂ ਦਾ ਨਾਂ ਲੈਂਦਾ ਹੈ ਉਹ ਸੁਖੀ ਹੋ ਜਾਂਦਾ ਹੈ।

1 ਅਖ ਦੇ ਝਿਮਕਨ ਦੀ ਦੇਰ। 2 ਬਚਾਉਂਦਾ ਹੈ। 3 ਧਾਰਮਕ ਰਸਮ। 4 ਕਰੋੜ। 5 ਦੂਰ ਕਰਨਾ। ਸਾਰੀ। 7 ਦੁਨੀਆਂ।



Digitized by Panjab Digital Library | www.panjabdigilib.org

ਲਾਖ ਕਰੋਰੀ ਬੰਧਨ ਪਰੈ ॥
ਹਰਿ ਕਾ ਨਾਮੁ ਜਪਤ ਨਿਸਤਰੈ[1] ॥

ਲਖਾਂ ਤੇ ਕਰੋੜਾਂ ਤਕਲੀਫ਼ਾਂ ਦੇ ਬੰਧਨ ਮਨੁਖ ਨੂੰ ਘੇਰ ਲੈਣਾ ਰਬ ਦਾ ਨਾਂ ਲੈਣ ਨਾਲ ਉਹ ਸਬ ਦੁਖਾਂ ਤੋਂ ਛੁਟ ਜਾਂਦਾ ਹੈ।

ਅਨਿਕ ਮਾਇਆ ਰੰਗ ਤਿਖ[2] ਨ ਬੁਝਾਵੈ ॥
ਹਰਿ ਕਾ ਨਾਮੁ ਜਪਤ ਆਘਾਵੈ[3] ॥

ਦੁਨੀਆਂ ਦੀਆਂ ਬੇਅੰਤ ਖੁਸ਼ੀਆਂ ਭੀ ਮਨੁ ਦੀ ਤ੍ਰਹਿ ਨਹੀਂ ਬੁਝਾ ਸਕਦੀਆਂ। ਆਦਮੀ ਦੁਨਿਆਵੀ ਪਦਾਰਥਾਂ ਤੋਂ ਕਦੀ ਭੀ ਨਹੀਂ ਰਜਦਾ। ਰਬ ਦਾ ਨਾਂ ਲੈਣ ਨਾਲ ਮਨ ਦੁਨਿਆਵੀ ਪਦਾਰਥਾਂ ਤੇ ਖਾਹਸ਼ਾਂ ਵਲੋਂ ਰਜ ਜਾਂਦਾ ਹੈ।

ਜਿਹ ਮਾਰਗ ਇਹੁ ਜਾਤ ਇਕੇਲਾ ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ[4] ॥

ਜਿਸ ਰਸਤੇ ਉਤੇ ਇਸ ਜੀਵ ਨਾਲ ਕਿਸੇ ਨੇ ਨਹੀਂ ਜਾਨ, ਤੇ ਇਹ ਅਕਲਾ ਹੋਵੇਗਾ ਉਥੇ ਪ੍ਰਭੂ ਦਾ ਨਾਂ ਹੀ ਇਸ ਜੀਵ ਦਾ ਸਾਥ ਦੇਵੇਗਾ।

ਐਸਾ ਨਾਮੁ ਮਨ ਸਦਾ ਧਿਆਈਐ ॥
ਨਾਨਕ ਗੁਰਮੁਖਿ ਪਰਮ ਗਤਿ[5] ਪਾਈਐ ॥ ੨ ॥

ਹੇ ਮਨਾਂ! ਐਸਾ ਨਾਮ ਜਿਸ ਵਿਚ ਇਤਨੇ ਗੁਨ ਹਨ

---

[1] ਪਾਰ ਉਤਰਨਾਂ, ਤਾਰਨਾਂ। [2] ਤ੍ਰਿਹੇਂ। [3] ਰਜ ਜਾਨਾਂ। [4] ਸੁਖ ਦੇਣ ਵਾਲਾ, ਮਿਤ੍ਰ। [5] ਦਰਜਾ।



Digitized by Panjab Digital Library | www.panjabdigilib.org

ਉਸ ਨੂੰ ਸਾਨੂੰ ਹਮੇਸ਼ਾ ਹੀ ਚੇਤੇ ਕਰਨਾਂ ਚਾਹੀਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਗੁਰਦੁਆਰੇ ਜਾਨ ਨਾਲ ਤੇ ਸੰਤ ਜਨਾਂ ਦੇ ਪਛੇ ਲਗਨ ਨਾਲ ਵਡਾ ਰੁਤਬਾ ਮਿਲਦਾ ਹੈ।

ਛੂਟਤ ਨਹੀ ਕੋਟਿ ਲਖ ਬਾਹੀ [1] ॥
ਨਾਮੁ ਜਪਤ ਤਹ ਪਾਰਿ ਪਰਾਹੀ [2] ॥

ਲਖਾਂ ਕਰੋੜਾਂ ਸਾਥੀਆਂ ਤੋਂ ਜਿਥੇ ਜਮਦੂਤਾਂ ਤੋਂ ਛੁਟਕਾਰਾ ਨਹੀ ਹੋਣਾ ਉਥੇ ਨਾਮ ਦੇ ਜਪਨ ਨਾਲ ਤੂੰ ਪਾਰ ਲੰਘ ਜਾਏਂਗਾ।

ਅਨਿਕ ਬਿਘਨ [3] ਜਹ ਆਇ ਸੰਘਾਰੈ [4] ॥
ਹਰਿ ਕਾ ਨਾਮੁ ਤਤਕਾਲ [5] ਉਧਾਰੈ [6] ॥

ਜਿਥੇ ਬੇਅੰਤ ਮੁਸ਼ਕਲਾਤ ਆ ਕੇ ਤੇਰਾ ਨਾਸ ਤੇ ਨੁਕਸਾਨ ਕਰਦੀਆਂ ਹਨ ਉਥੇ ਭੀ ਹਰੀ ਦਾ ਨਾਮ ਤੈਨੂੰ ਚੁਟਕੀ ਮਾਰਨ ਦੇ ਦੇਰ ਵਿਚ ਬਚਾ ਲੈਂਦਾ ਹੈ।

ਅਨਿਕ ਜੋਨਿ ਜਨਮੈ ਮਰਿ ਜਾਮ ॥
ਨਾਮੁ ਜਪਤ ਪਾਵੈ ਬਿਸ੍ਰਾਮ [7] ॥

ਬੇਅੰਤ ਜੂਨਾਂ ਵਿਚ ਜੀਵ ਜਮਦਾ ਤੇ ਮਰਦਾ ਹੈ। ਈਸ਼ਵਰ ਭਗਤੀ ਕਰਨ ਨਾਲ ਦਿਲ ਪ੍ਰਭੂ ਦੇ ਚਰਨਾਂ ਵਿਚ ਅਰਾਮ ਤੇ ਸ਼ਾਂਤੀ ਦੇ ਨਾਲ ਟਿਕ ਜਾਂਦਾ ਹੈ।

---

[1] ਬਾਹਵਾਂ, ਭਿਰਾਵਾਂ ਦੇ ਹੁੰਦਿਆਂ। [2] ਲੰਘਨਾਂ। [3] ਮੁਸ਼ਕਲਾਂ [4] ਨਾਸ ਕਰਨਾਂ। [5] ਤੁਰਤ, ਉਸੇ ਵੇਲੇ। [6] ਬਚਾਨਾਂ। [7] ਅਰਾਮ ਨਾਲ। ਬੈਠਨਾਂ।



Digitized by Panjab Digital Library | www.panjabdigilib.org

ਹਉ [1] ਮੈਲਾ ਮਲੁ ਕਬਹੁ ਨ ਧੋਵੈ ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥

ਹੰਕਾਰ ਕਰਕੇ ਜਿਸ ਦਾ ਮਨ ਮੈਲਾ ਹੈ, ਉਸ ਦੀ ਮੈਲ ਧੋਵਨ ਨਾਲ ਕਦੀ ਵੀ ਨਹੀਂ ਧੋਪ ਸਕਦੀ ਹਰੀ ਦਾ ਨਾਮ ਜੀਵ ਦੇ ਕਰੋੜਾਂ ਪਾਪ ਤੇ ਉਸਦੀ ਹੰਕਾਰ ਦੀ ਮੈਲ ਦਿਲ ਵਿਚੋਂ ਦੂਰ ਕਰ ਦੇਂਦਾ ਹੈ।

ਐਸਾ ਨਾਮੁ ਜਪਹੁ ਮਨ [2] ਰੰਗਿ [3] ॥
ਨਾਨਕ ਪਾਈਐ ਸਾਧ ਕੈ ਸੰਗਿ ॥ ੩ ॥

ਹੇ ਦਿਲ ! ਪ੍ਰੇਮ ਨਾਲ ਉਸ ਈਸ਼ਵਰ ਦੇ ਨਾਂ ਨੂੰ ਜਪ । ਸ੍ਰੀ ਗੁਰੂ ਜੀ ਆਖਦੇ ਹਨ। ਉਸ ਈਸ਼ਵਰ ਦਾ ਨਾਂ ਸਾਧ ਸੰਗਤ ਵਿਚੋਂ ਹੀ ਮਿਲਦਾ ਹੈ।

ਜਿਹ ਮਾਰਗ [4] ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ [5] ॥

ਜਿਸ ਜ਼ਿੰਦਗੀ ਰੂਪੀ ਰਸਤੇ ਦੇ ਕੋਹ ਤੇ ਮੀਲ ਗਿਣੇ ਨਹੀਂ ਜਾ ਸਕਦੇ ਉਸ ਲੰਬੇ ਰਸਤੇ ਤੇ ਪ੍ਰਭੂ ਦਾ ਨਾਮ ਇਨਸਾਨ ਦੇ ਨਾਲ ਰਸਤੇ ਦੀ ਖੁਰਾਕ ਬਣੇਗਾ।

ਜਿਹ ਪੈਡੈ [6] ਮਹਾ ਅੰਧ ਗੁਬਾਰਾ [7] ॥
ਹਰਿ ਕਾ ਨਾਮੁ ਸੰਗਿ ਉਜੀਆਰਾ [8] ॥

ਜਿਸ ਜ਼ਿੰਦਗੀ ਰੂਪੀ ਰਾਹ ਉਤੇ ਬੁਰੇ ਕੰਮਾਂ ਕਰਕੇ ਘੁਪ ਅੰਧੇਰਾ

---

[1] ਹਉਮੈ ਵੇਖਾ ਵਾਪਨ। [2] ਦਿਲ। [3] ਪ੍ਰੇਮ । [4] ਰਸਤਾ। [5] ਰਸਤੇ ਦੀ ਖੁਰਾਕ। [6] ਪੈਂਡੇ ਰਸਤੇ । [7] ਹਨੇਰਾ। [8] ਉਜਾਲਾ। ਚਾਂਦਨੀ।



Digitized by Panjab Digital Library | www.panjabdigilib.org

ਹੋਵੇਗਾ, ਉਥੇ ਪਰਭੂ ਦਾ ਨਾਮ ਇਨਸਾਨ ਦੇ ਨਾਲ ਰਸਤੇ ਤੇ ਰੋਸ਼ਨੀ ਕਰੇਗਾ।

ਜਹ ਪੰਥਿ[1] ਤੇਰਾ ਕੋ ਨ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥

ਜਿਸ ਰਸਤੇ ਤੇ ਤੇਰਾ ਕੋਈ ਜਾਨ ਪਹਿਚਾਨ ਵਾਲਾ ਨਹੀਂ ਹੋਵੇਗਾ ਉਥੇ ਪਰਭੂ ਦਾ ਨਾਮ ਤੇਰੇ ਨਾਲ ਸਦਾ ਸਾਥੀ ਹੋਵੇਗਾ।

ਜਹਾ ਮਹਾ ਭਇਆਨ[2] ਤਪਤਿ ਬਹੁ ਘਾਮ[3] ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥

ਉਸ ਭਿਆਨਕ ਰਸਤੇ ਤੇ ਜਿਥੇ ਬੁਰੇ ਕਰਮ ਕਰਕੇ ਬੜੀ ਭਿਆਨਕ ਤਪਸ਼ ਦੀ ਗਰਮੀ ਪੈਂਦੀ ਹੈ ਉਥੇ ਪਰਭੂ ਦਾ ਨਾਂ ਤੇਰੇ ਉਤੇ ਛਾਂ ਕਰੇਗਾ।

ਜਹ ਤ੍ਰਿਖਾ[4] ਮਨੁ ਤੁਝੁ ਆਕਰਖੈ[5] ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ[6] ॥੪॥

ਜਿਥੇ ਪਿਆਸ ਤੇਰੇ ਮਨ ਨੂੰ ਵਿਆਕਲ ਕਰੇਗੀ ਸ੍ਰੀ ਗੁਰੂ ਜੀ ਆਖਦੇ ਹਨ ਉਥੇ ਹਰੀ ਦਾ ਨਾਂ ਲੈਣ ਨਾਲ ਤੇਰੇ ਉਪਰ ਅੰਮ੍ਰਿਤ ਦੀ ਬਾਰਸ਼ ਹੋਵੇਗੀ।

ਭਗਤ ਜਨਾ ਕੀ ਬਰਤਨਿ ਨਾਮੁ ॥
ਸੰਤ ਜਨਾ ਕੈ ਮਨਿ ਬਿਸ੍ਰਾਮੁ ॥

ਪ੍ਰਭੂ ਦਾ ਨਾਮ ਭਗਤੀ ਕਰਨ ਵਾਲੇ ਹਰ ਵਕਤ ਇਸਤੇਮਾਲ ਕਰਦੇ ਹਨ ਪ੍ਰਭੂ ਦਾ ਨਾਂ ਸੰਤਾਂ ਦੇ ਦਿਲ ਵਿਚ ਹੀ ਰਿਹਾਇਸ਼ ਰਖਦਾ ਹੈ

---

1ਰਸਤਾ। 2 ਭਿਆਨਕ ਡਰਾਉਣਾ। 3 ਧੁਪ। 4 ਤ੍ਰਿਹ ਪਿਆਸ। 5 ਵਿਆਕਲ ਕਰਦੀ ਹੈ। 6 ਬਾਰਸ਼।



Digitized by Panjab Digital Library | www.panjabdigilib.org

ਹਰਿ ਕਾ ਨਾਮੁ ਦਾਸ ਕੀ ਓਟ ॥
ਹਰਿ ਕੈ ਨਾਮਿ ਉਧਰੇ[1] ਜਨ ਕੋਟਿ ॥

ਪ੍ਰਭੂ ਦਾ ਨਾਂ ਭਗਤਾਂ ਦਾ ਆਸਰਾ ਹੈ। ਪ੍ਰਭੂ ਦੇ ਨਾਂ ਦੇ ਰਾਹੀਂ ਕਰੋੜਾਂ ਲੋਕੀ ਤਰ ਗਏ ਹਨ।

ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥
ਹਰਿ ਹਰਿ ਅਉਖਧੁ[2] ਸਾਧ ਕਮਾਤਿ ॥

ਭਗਤ-ਜਨ ਦਿਨ ਰਾਤ ਪ੍ਰਭੂ ਦੇ ਗੁਨ ਗਾਂਦੇ ਹਨ ਤੇ ਨਾਮ ਰੂਪੀ ਦਵਾਈ ਨਾਲ ਹੀ ਸਾਧੂਆਂ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ।

ਹਰਿ ਜਨ ਕੈ ਹਰਿ ਨਾਮੁ ਨਿਧਾਨੁ[3] ॥
ਪਾਰਬ੍ਰਹਮਿ[4] ਜਨ ਕੀਨੋ ਦਾਨ ॥

ਭਗਤਾਂ ਕੋਲ ਪ੍ਰਭੂ ਦਾ ਨਾਮ ਹੀ ਅਸਲੀ ਖਜ਼ਾਨਾ ਹੈ। ਇਸ ਖਜ਼ਾਨੇ ਦੀ ਬਖਸ਼ਿਸ਼ ਪ੍ਰਭੂ ਨੇ ਭਗਤਾਂ ਤੇ ਆਪ ਕੀਤੀ ਹੈ।

ਮਨ ਤਨ ਰੰਗਿ ਰਤੇ ਰੰਗਿ ਏਕੈ ॥
ਨਾਨਕ ਜਨ ਕੈ ਬਿਰਤਿ[5] ਬਿਬੇਕੈ[6] ॥ ੫ ॥

ਭਗਤ ਜਨ ਅੰਦਰੋਂ ਬਾਹਰੋਂ ਪ੍ਰਭੂ ਦੇ ਪਿਆਰ ਵਿਚ ਮਸਤ ਰਹਿੰਦੇ ਹਨ, ਸ੍ਰੀ ਗੁਰੂ ਜੀ ਆਖਦੇ ਹਨ ਕਿ ਭਗਤ ਜਨਾਂ ਦੇ ਅੰਦਰ ਮੰਦੇ ਚੰਗੇ ਦੇ ਪਰਖਨ ਜਾਂ ਜਾਨਨ ਦੀ ਸ਼ਕਤੀ ਆ ਜਾਂਦੀ ਹੈ।

ਹਰਿ ਕਾ ਨਾਮੁ ਜਨ ਕਉ ਮੁਕਤਿ[7] ਜੁਗਤਿ[8] ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ[9] ਭੁਗਤਿ[10] ॥

---

1 ਤਰ ਗਏ। 2 ਦਵਾਈ। 3 ਖਜ਼ਾਨਾ। 4 ਪ੍ਰਭੂ। 5 ਸੁਭਾਉ, ਸ਼ਕਤੀ। 6 ਚੰਗੇ ਮੰਦੇ ਦੀ ਪਰਖ। 7 ਮੁਕਤੀ। 8 ਤਰੀਕਾ, ਰਸਤਾ। 9 ਤਸੱਲੀ। 10 ਭੋਗਿ ॥



Digitized by Panjab Digital Library | www.panjabdigilib.org

੨—੬

ਹਰੀ ਦਾ ਨਾਮ ਹੀ ਭਗਤਾਂ ਨੂੰ ਮੁਕਤੀ ਦਾ ਰਸਤਾ ਦਸਦਾ ਹੈ। ਤੇ ਇਸ ਹਰੀ ਦੇ ਨਾਮ ਦੇ ਰਾਹੀ ਹੀ ਉਹ ਦੁਨੀਆਂ ਦੇ ਭੋਗਾਂ ਤੋਂ ਰਜ ਜਾਂਦੇ ਹਨ, ਤੇ ਉਨ੍ਹਾਂ ਨੂੰ ਸਬਰ ਤੇ ਸ਼ਾਂਤੀ ਮਿਲ ਜਾਂਦੀ ਹੈ।

ਹਰਿ ਕਾ ਨਾਮੁ ਜਨ ਕਾ ਰੂਪ ਰੰਗੁ[1] ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ[2] ॥

ਪ੍ਰਭੂ ਦਾ ਨਾਮ ਹੀ ਭਗਤ ਜਨਾਂ ਦੀ ਅਸਲੀ ਖੂਬਸੂਰਤੀ ਹੈ, ਪ੍ਰਭੂ ਦਾ ਨਾਂ ਜਪਣ ਨਾਲ ਕਦੀ ਭੀ ਕੋਈ ਅੱਟਕਾ ਨਹੀਂ ਪੈਂਦਾ।

ਹਰਿ ਕਾ ਨਾਮੁ ਜਨ ਕੀ ਵਡਿਆਈ ॥
ਹਰਿ ਕੈ ਨਾਮਿ ਜਨ ਸੋਭਾ ਪਾਈ ॥

ਪ੍ਰਭੂ ਦਾ ਨਾਂ ਲੈਣ ਨਾਲ ਹੀ ਭਗਤ ਜਨਾਂ ਦੀ ਸ਼ੋਭਾ ਹੁੰਦੀ ਹੈ, ਤੇ ਇਸੇ ਨਾਮ ਨਾਲ ਹੀ ਉਨ੍ਹਾਂ ਨੂੰ ਉੱਚੀ ਪਦਵੀ ਮਿਲਦੀ ਹੈ।

ਹਰਿ ਕਾ ਨਾਮੁ ਜਨ ਕਉ ਭੋਗੁ ਜੋਗ ॥
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ[3] ॥

ਤਿਆਗੀ ਦਾ ਈਸ਼ਵਰ ਨਾਲ ਜੁੜਨ ਦਾ ਤਰੀਕਾ ਤੇ ਗ੍ਰਿਹਸਤੀ ਦਾ ਮਾਇਆ ਦਾ ਭੋਗ, ਭਗਤ ਜਨ ਵਾਸਤੇ ਪ੍ਰਭੂ ਦਾ ਨਾਂ ਹੈ। ਰਬ ਦਾ ਨਾਂ ਲੈਣ ਨਾਲ ਜੀਵ ਨੂੰ ਕਦੀ ਦੁਖ ਤਕਲੀਫ਼ ਤੇ ਵਿਛੋੜਾ ਨਹੀਂ ਹੁੰਦਾ।

ਜਨੁ ਰਾਤਾ[4] ਹਰਿ ਨਾਮ ਕੀ ਸੇਵਾ ॥
ਨਾਨਕ ਪੂਜੈ ਹਰਿ ਹਰਿ ਦੇਵਾ[5] ॥ ੬ ॥

ਪਰਭੂ ਦਾ ਭਗਤ ਹਰੀ ਦਾ ਨਾਮ ਲੈਣ ਵਿਚ ਹੀ ਲਗਾ ਰਹਿੰਦਾ

---

[1] ਖੂਬਸੂਰਤੀ। [2] ਵਿਘਨ, ਰੁਕਾਵਟ। [3] ਵਿਛੋੜਾ, ਦੁਖ। [4] ਲਗਾ ਹੋਇਆ। [5] ਦੇਵਤਾ।



Digitized by Panjab Digital Library | www.panjabdigilib.org

ਹੈ। ਸ੍ਰੀ ਗੁਰੂ ਜੀ ਆਖਦੇ ਭਨ ਹਰਿ ਹਰਿ ਜਪਨਾ ਹੀ ਅਸਲੀ ਦੇਵਤਾ ਹੈ, ਜਿਸ ਦੀ ਭਗਤ ਲੋਕ ਪੂਜਾ ਕਰਦੇ ਹਨ।

ਹਰਿ ਹਰਿ ਜਨ [1] ਕੈ ਮਾਲੁ ਖਜੀਨਾ [2] ॥
ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥

ਪ੍ਰਭੂ ਦਾ ਨਾਮ ਹੀ ਭਗਤਾਂ ਦਾ ਮਾਲ ਤੇ ਖਜ਼ਾਨਾ ਹੈ। ਇਹ ਨਾਮ ਰੂਪੀ ਧੰਨ ਭਗਤਾਂ ਨੂੰ ਪਰਭੂ ਨੇ ਆਪ ਬਖਸ਼ਿਆ ਹੈ।

ਹਰਿ ਹਰਿ ਜਨ ਕੈ ਓਟ ਸਤਾਣੀ [3] ॥
ਹਰਿ ਪ੍ਰਤਾਪਿ [4] ਜਨ ਅਵਰ ਨ ਜਾਣੀ ॥

ਪਰਭੂ ਦਾ ਨਾਮ ਹੀ ਸੰਤਾਂ ਦਾ ਸਭ ਤੋਂ ਵਡਾ ਆਸਰਾ ਹੈ, ਹਰੀ ਦੀ ਸ਼ਾਨ ਨੂੰ ਸੰਤਾਂ ਦੇ ਇਲਾਵਾ ਹੋਰ ਕੋਈ ਨਹੀਂ ਜਾਣ ਸਕਦਾ।

ਓਤਿ ਪੋਤਿ [5] ਜਨ ਹਰਿ ਰਸਿ ਰਾਤੇ ॥
ਸੁਨਿ [6] ਸਮਾਧਿ ਨਾਮ ਰਸਿ ਮਾਤੇ ॥

ਤਾਨੇ ਪੇਟੇ ਵਾਂਗੂੰ ਪੂਰੇ ਤੌਰ ਦੇ ਭਗਤ ਜਨ ਹਰੀ ਰਸ ਵਿਚ ਭਿਜੇ ਰਹਿੰਦੇ ਹਨ, ਨਾਮ ਰਸ ਦੇ ਮਸਤਾਨਿਆਂ ਨੂੰ ਸਵਾਏ ਪਰਭੂ ਭਗਤੀ ਦੇ ਹੋਰ ਸਭ ਕੁਛ ਸੁੰਞਾ ਲਗਦਾ ਹੈ।

ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ [7] ਨਹੀ ਛਪੈ ॥

ਭਗਤ ਜਨ ਹਰ ਵੇਲੇ, ਅਠ ਪਹਿਰ, ਪਰਭੂ ਨੂੰ ਜਪਦੇ ਹਨ।

---

[1] ਭਗਤ ਵਾਸਤੇ। [2] ਖਜ਼ਾਨਾਂ। [3] ਬੜੇ ਤਾਣ ਵਾਲੀ, ਬਲਵਾਨ, ਵਡਾ। [4] ਸ਼ਾਨ। [5] ਤਾਣੇ ਪੇਟੇ ਵਾਂਗ, ਪੂਰੇ ਤੌਰ ਤੇ। [6] ਸੁੰਞ। [7] ਮਸ਼ੂਰ।



Digitized by Panjab Digital Library | www.panjabdigilib.org

ਹਰੀ ਦਾ ਭਗਤ ਦੁਨੀਆਂ ਵਿਚ ਮਸ਼ੂਰ ਹੋ ਜਾਂਦਾ ਹੈ ਤੇ ਛੁਪਿਆ ਨਹੀਂ ਰਹਿੰਦਾ।

ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥
ਨਾਨਕ ਜਨ ਸੰਗਿ ਕੇਤੇ ਤਰੇ ॥ ੭ ॥

ਪਰਭੂ ਦੀ ਭਗਤੀ ਕਰਨ ਨਾਲ ਅਨੇਕਾ ਮੁਕਤੀ ਪਾ ਗਏ। ਸ੍ਰੀ ਗੁਰੂ ਜੀ ਆਖਦੇ ਹਨ ਭਗਤਾਂ ਦੀ ਸੰਗਤ ਕਰ ਕੇ ਹੀ ਅਨੇਕਾਂ ਤਰ ਜਾਂਦੇ ਹਨ।

ਪਾਰਜਾਤੁ [1] ਇਹ ਹਰਿ ਕੋ ਨਾਮ ॥
ਕਾਮਧੇਨ [2] ਹਰਿ ਹਰਿ ਗੁਣ ਗਾਮ [3] ॥

ਪਰਭੂ ਦਾ ਨਾਮ ਹੀ ਉਹ ਦਰਖਤ ਹੈ ਜੋ ਇਨਸਾਨ ਦੀਆਂ ਸਭ ਖਾਇਸ਼ਾਂ ਪੂਰੀਆਂ ਕਰ ਸਕਦਾ ਹੇ, ਤੇ ਹਰੀ ਦੇ ਗੁਣ ਗਾਣੇ ਹੀ ਉਹ ਸੁਰਗ ਦੀ ਗਊ ਹੈ ਜੋ ਮਨ ਦੀਆਂ ਸਾਰੀਆਂ ਇਛਾਂ ਪੂਰੀ ਕਰਦੀ ਹੈ।

ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥

ਪਰਭੂ ਦੀ ਕਥਾ ਸਭ ਦੁਨਿਆਵੀ ਗਲਾਂ ਤੋਂ ਚੰਗੀ ਹੈ, ਕਿਉਂ ਜੋ ਪਰਭੂ ਦਾ ਨਾਂ ਸੁਣਨ ਨਾਲ ਸਾਰੇ ਦੁਖ ਦਰਦ ਦੂਰ ਹੋ ਜਾਂਦੇ ਹਨ।

ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ [4] ਸਭੁ ਨਸੈ ॥

---

[1] ਕਲਪ ਬ੍ਰਿਛ ਜੋ ਸਬ ਖਾਇਸ਼ਾਂ ਪੂਰੀਆਂ ਕਰੇ। [2] ਸੁਰਗ ਦੀ ਗਊ ਜੋ ਸਭ ਖਾਇਸ਼ਾਂ ਪੂਰੀਆਂ ਕਰੇ। [3] ਗਾਣਾਂ, ਸਿਮਰਨਾਂ। [4] ਦੁਖ।



Digitized by Panjab Digital Library | www.panjabdigilib.org

ਪਰਭੂ ਦੇ ਨਾਮ ਦੀ ਵਡਿਆਈ ਸੰਤਾਂ ਦੇ ਦਿਲ ਦੇ ਵਿਚ ਵਸਦੀ ਹੈ। ਸੰਤ ਜਨਾਂ ਦੀ ਸ਼ਕਤੀ ਨਾਲ ਸਭ ਦੁਖ ਦਰਦ ਤੇ ਪਾਪ ਦੂਰ ਹੋ ਜਾਂਦੇ ਹਨ।

ਸੰਤ ਕਾ ਸੰਗੁ ਵਡ ਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥

ਸੰਤਾਂ ਦੀ ਸੰਗਤ ਵਡੇ ਭਾਗਾਂ ਵਾਲਿਆਂ ਨੂੰ ਹੀ ਮਿਲਦੀ ਹੈ ਅਤੇ ਸੰਤਾਂ ਦੀ ਸੇਵਾ ਕਰਨ ਨਾਲ ਹੀ ਨਾਮ ਦੇ ਜਪਨ ਵਿਚ ਧਿਆਨ ਲਗਦਾ ਹੈ।

ਨਾਮ ਤੁਲਿ[1] ਕਛੁ ਅਵਰੁ ਨ ਹੋਇ ॥
ਨਾਨਕ ਗੁਰਮੁਖਿ ਨਾਮ ਪਾਵੈ ਜਨੁ ਕੋਇ ॥੮॥੨॥

ਪਰਭੂ ਦੇ ਨਾਮ ਦੇ ਬਰਾਬਰ ਕੋਈ ਪਦਾਰਥ ਭੀ ਨਹੀਂ ਹੋ ਸਕਦਾ ਸ੍ਰੀ ਗੁਰੂ ਜੀ ਆਖਦੇ ਹਨ, ਕੋਈ ਵਿਰਲਾ ਮਨੁਖ ਹੀ ਗੁਰੂ ਦੇ ਸਨਮੁਖ ਹੋਕੇ ਨਾਮ ਦੀ ਦਾਤ ਲਭ ਸਕਦਾ ਹੈ।

[1] ਬਰਾਬਰ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਸਲੋਕੁ ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ [1] ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥

ਬਹੁਤ ਸ਼ਾਸਤਰ ਤੇ ਬਹੁਤ ਸਿਮਰਤੀਆਂ ਪਰੰਤੂ ਸਭ ਮਜ਼ਹਬੀ ਕਿਤਾਬਾਂ ਅਸੀਂ ਅਛੀ ਤਰ੍ਹਾਂ ਫਰੋਲ ੨ ਕੇ ਅਛੀ ਤਰ੍ਹਾਂ ਦੇਖ ਲਈਆਂ ਹਨ, ਸ੍ਰੀ ਗੁਰੂ ਜੀ ਆਖਦੇ ਹਨ, ਕਿ ਉਸ ਪਰਭੂ ਦਾ ਨਾਮ ਇਕ ਐਸਾ ਅਨਮੋਲ ਹੀਰਾ ਹੈ ਕਿ ਕੋਈ ਵਸਤੂ ਭੀ ਉਸ ਦੀ ਬਰਾਬਰੀ ਨਹੀਂ ਕਰ ਸਕਦੀ।

### ਅਸਟਪਦੀ ॥

ਜਾਪ [2] ਤਾਪ [3] ਗਿਆਨ ਸਭਿ ਧਿਆਨ [4]
ਖਟ [5] ਸਾਸਤ੍ਰ ਸਿਮ੍ਰਿਤਿ ਵਖਿਆਨ [6] ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ [7] ਬਹੁ ਰਤਨਾ [8] ॥
ਸਰੀਰੁ ਕਟਾਇ ਹੋਮੈ [9] ਕਰਿ ਰਾਤੀ [10] ॥

---

[1] ਪੁਜਨਾਂ, ਬਰਾਬਰੀ ਕਰਨਾਂ। [2] ਵੇਦਾਂ ਦੇ ਮੰਤ੍ਰ ਉਚਾਰਨੇ। [3] ਸਰੀਰ ਨੂੰ ਕਸ਼ਟ ਦੇਨਾਂ। [4] ਕਿਸੇ ਦੇਵਤਾ ਦੇ ਗੁਣ ਸਾਹਮਣੇ ਰਖਣੇ। [5] ਛੇ। [6] ਉਪਦੇਸ਼। [7] ਹਵਨ। [8] ਘੀ। [9] ਉਸ ਦਾ ਹਵਨ ਕਰੇ, ਅਗ ਵਿਚ ਪਾ ਦੇਵੇ। [10] ਰਤੀ ਰਤੀ, ਜ਼ਰਾ ਜ਼ਰਾ।



Digitized by Panjab Digital Library | www.panjabdigilib.org

ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥

ਜੇ ਕੋਈ ਵੇਦ ਮੰਤਰ ਦੇ ਉਚਰਨ ਕਰੇ ਸ਼ਰੀਰ ਨੂੰ ਕਸ਼ਟ ਦੇਵੇ ਗਿਆਨ ਦੀਆਂ ਗਲਾਂ ਕਰੇ ਦੇਵਤਿਆਂ ਦੇ ਗੁਣ ਸਾਮ੍ਹਣੇ ਰਖ ਕੇ ਉਨ੍ਹਾਂ ਵਲ ਧਿਆਨ ਧਰੇ, ਛੇ ਸ਼ਾਸਤ੍ਰ ਤੇ ਸਿਮ੍ਰਿਤੀਆਂ ਦਾ ਉਪਦੇਸ਼ ਕਰੇ, ਚੰਗੇ ਕਰਮ ਕਰੇ ਤੇ ਧਰਮ ਕਮਾਏ ਜਾਂ ਸਾਰੇ ਕੰਮ ਕਾਰ ਛਡ ਕੇ ਜੰਗਲ ਵਿਚ ਭੌਂਦਾ ਫਿਰੇ, ਬੇਅੰਤ ਕਿਸਮਾਂ ਦੀਆਂ ਕੋਸ਼ਸ਼ਾਂ ਕਰੇ ਜਾਂ ਪੁਨ ਤੇ ਦਾਨ ਕਰੇ ਜਾਂ ਬਹੁਤ ਸਾਰੇ ਘੀ ਨਾਲ ਹਵਨ ਤੇ ਯਗ ਕਰੇ । ਜਾਂ ਆਪਨੇ ਸ਼ਰੀਰ ਨੂੰ ਜ਼ਰਾ ਜ਼ਰਾ ਕਟਕੇ ਉਸ ਨੂੰ ਅਗ ਵਿਚ ਸਾੜ ਦੇਵੇ । ਜਾਂ ਕਈ ਕਿਸਮਾਂ ਦੇ ਵਰਤਾਂ ਦੇ ਬੰਧੇਜ ਕਰੇ । ਪਰ ਇਹ ਸਾਰੀਆਂ ਗਲਾਂ ਪਰਭੂ ਦੇ ਨਾਮ ਦੇ ਸਿਮਰਨ ਦੇ ਬਰਾਬਰ ਨਹੀਂ ਹੋ ਸਕਦੀਆਂ । ਸ੍ਰੀ ਗੁਰੂ ਜੀ ਆਖਦੇ ਹਨ, ਗੁਰਮੁਖ ਹੋ ਕੇ ਇਸ ਮਨੁਖਾ ਜਨਮ ਵਿਚ ਕੇਵਲ ਇਕ ਨਾਮ ਹੀ ਜਪਨਾ ਚਾਹੀਦਾ ਹੈ ।

ਨਉ ਖੰਡ [1] ਪ੍ਰਿਥਮੀ [2] ਫਿਰੈ ਚਿਰੁ ਜੀਵੈ ॥
ਮਹਾ ਉਦਾਸੁ ਤਪੀਸਰੁ ਥੀਵੈ [3] ॥
ਅਗਨਿ ਮਾਹਿ ਹੋਮਤ ਪਰਾਨ [4] ॥
ਕਨਿਕ [5] ਅਸ੍ਵ [6] ਹੈਵਰ [7] ਭੂਮਿ [8] ਦਾਨ ॥
ਨਿਊਲੀ [9] ਕਰਮ ਕਰੈ ਬਹੁ ਆਸਨ ॥

---

[1] ਹਿਸੇ । [2] ਧਰਤੀ । [3] ਹੋ ਜਾਵੇ । [4] ਜ਼ਿੰਦਗੀ । [5] ਸੋਨਾਂ । [6] ਘੋੜੇ । [7] ਦਰਿਆਈ ਘੋੜੇ । [8] ਜ਼ਮੀਨ । [9] ਯੋਗ ਦਾ ਇਕ ਸਾਧਨ ।



Digitized by Panjab Digital Library | www.panjabdigilib.org

੩-੨

ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ[1] ਕਰਿ ਸਰੀਰੁ ਕਟਾਵੈ ॥
ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੈ ਨਾਮ ਸਮ ਸਰਿ[2] ਕਛੁ ਨਾਹਿ ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ[3] ਪਾਹਿ॥੨॥

ਜੇਕਰ ਕੋਈ ਮਨੁਖ ਸਾਰੀ ਦੁਨੀਆਂ ਦਾ ਟੂਰ ਕਰ ਲਵੇ ਤੇ ਕਿਤਨੀ ਹੀ ਲੰਮੀ ਜ਼ਿੰਦਗੀ ਕਿਉਂ ਨ ਜੀਂਦਾ ਰਹੇ । ਦੁਨੀਆਂ ਤੇ ਉਦਾਸ ਹੋਕੇ ਤੇ ਵਡਾ ਤਪਸਵੀ ਹੋ ਜਾਵੇ । ਅਗ ਵਿਚ ਅਪਨੀ ਜ਼ਿੰਦਗੀ ਵੀ ਡਾਹ ਦੇਵੇ । ਸੋਨਾ ਘੋੜੇ ਤੇ ਕੀਮਤੀ ਘੋੜੇ ਤੇ ਧਰਤੀ ਦ ਦਾਨ ਕਰੇ । ਨਿਉਲੀ ਕਰਮ ਕਰੇ ਤੇ ਹੋਰ ਬਹੁਤੇ ਸਾਰੇ ਆਸਨ ਬਨਾਕੇ ਜੈਨੀਆਂ ਦੇ ਔਖੇ ਰਸਤੇ ਤੇ ਚਲਨ ਵਾਲੇ ਕੰਮ ਕਾਰ ਵੀ ਕਰੇ ਸਰੀਰ ਨੂੰ ਤੂੰਬਾ ੨ ਕਰਕੇ ਕਟਾ ਦੇਵੈ । ਤਦ ਵੀ ਹੰਕਾਰ ਦੀ ਮੈਲ ਦੂਰ ਨਹੀਂ ਹੋ ਸਕਦੀ। ਉਪਰ ਦਸੇ ਕਰਮਾਂ ਵਿਚੋਂ ਕੋਈ ਭੀ ਪ੍ਰਭੂ ਦੇ ਨਾਮ ਦੇ ਬਰ ਬਰ ਨਹੀਂ ਹੈ । ਸ੍ਰੀ ਗੁਰੂ ਜੀ ਆਖਦੇ ਹਨ ਉਹ ਇਨਸਾਨ ਜੋ ਗੁਰੂ ਦੀ ਸ਼ਰਨ ਲੈਕੇ ਨਾਮ ਜਪਦੇ ਹਨ, ਉਹ ਮੁਕਤੀ ਪਰਾਪਤ ਕਰਦੇ ਹਨ ।

---

[1] ਬੋਟੀ ਬੋਟੀ ਕਰਕੇ । [2] ਬਰ ਬਰ । [3] ਗਤੀ, ਮੁਕਤੀ ।



Digitized by Panjab Digital Library | www.panjabdigilib.org

ਮਨ ਕਾਮਨਾ[1] ਤੀਰਥ ਦੇਹ ਛੁਟੈ ॥
ਗਰਬੁ[2] ਗੁਮਾਨੁ ਨ ਮਨ ਤੇ ਹੁਟੈ[3] ॥

ਕਈਆਂ ਦੀ ਦਿਲ ਦੀ ਇਛਾ ਇਹ ਹੁੰਦੀ ਹੈ ਕਿ ਤੀਰਥ ਤੇ ਜਾਕੇ ਮਰੀਜੇ, ਪਰ ਇਸ ਤਰ੍ਹਾਂ ਭੀ ਹੰਕਾਰ ਤੇ ਗ਼ਰੂਰ ਦਿਲ ਵਿਚੋਂ ਨਹੀਂ ਹਟਦਾ ਜਾਂ ਘਟਦਾ ।

ਸੋਚ[4] ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥

ਭਾਵੇਂ ਮਨੁਖ ਦਿਨ ਰਾਤ ਪਵਿੱਤ੍ਰਤਾਈ ਦੇ ਕੰਮ ਕਰਦਾ ਰਹੇ, ਪਰ ਤਨ ਦੇ ਸਾਫ਼ ਕਰਨ ਨਾਲ ਮਨ ਦੀ ਮੈਲ ਨਹੀਂ ਉਤਰਦੀ।

ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨ ਤੇ ਕਬਹੂ ਨ ਬਿਖਿਆ[5] ਟਰੈ[6] ॥

ਇਸ ਸਰੀਰ ਨੂੰ ਠੀਕ ਕਰਨ ਦੀ ਖ਼ਾਤਿਰ ਖਾਹ ਕਿਤਨੀ ਹੀ ਕੋਸ਼ਸ਼ਾਂ ਕੀਤੀਆਂ ਜਾਣ ਇਸ ਦਿਲ ਤੋਂ ਕਦੀ ਪਾਪਾਂ ਦੀ ਜ਼ਹਿਰ ਨਹੀਂ ਲਹਿੰਦੀ।

ਜਲਿ ਧੋਵੈ ਬਹੁ ਦੇਹ ਅਨੀਤਿ[7] ॥
ਸੁਧ ਕਹਾ ਹੋਇ ਕਾਚੀ ਭੀਤਿ[8] ॥

ਇਸ ਨਾਸ਼ ਹੋ ਜਾਣ ਵਾਲੇ ਸਰੀਰ ਨੂੰ ਕਨਿਆ ਵਾਰੀ ਪਾਣੀ ਨਾਲ ਸਾਫ਼ ਕਰ ਲੋ, ਕਿਸ ਤਰ੍ਹਾਂ ਇਹ ਕਚੀ ਕੰਧ ਰੂਪੀ ਦੇਹ ਪਵਿਤਰ ਹੋ ਸਕਦੀ ਹੈ ?

---

[1] ਇਛਾ। [2] ਹੰਕਾਰ। [3] ਘਟਨਾਂ। [4] ਪਵਿਤਰਤਾਈ। [5] ਜ਼ਹਿਰ। [6] ਲਹਿੰਦੀ। [7] ਨਾ ਰਹਿਨ ਵਾਲੀ, ਨਾਸ ਹੋ ਜਾਣ ਵਾਲੀ। [8] ਕੰਧ।



Digitized by Panjab Digital Library | www.panjabdigilib.org

ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥
ਨਾਨਕ ਨਾਮਿ ਉਧਰੇ ਪਤਿਤ [1] ਬਹੁ ਮੂਚ [2] ॥੩॥

ਹੇ ਦਿਲ ! ਪ੍ਰਭੂ ਦੇ ਨਾਮ ਦੀ ਸਿਫ਼ਤ ਕਰਨੀ ਸਭ ਤੋਂ ਉਚਾ ਗੁਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਉਸ ਪਰਭੂ ਦੇ ਨਾਮ ਦੀ ਬਰਕਤ ਨਾਲ ਕਈ ਅਨਗਿਣਤ ਪਾਪੀ ਲੋਗ ਤਰ ਗਏ ਹਨ।

ਬਸੁਤੁ ਸਿਆਣਪ ਜਮ ਕਾ ਭਉ [3] ਬਿਆਪੈ [4] ॥
ਅਨਿਕ ਜਤਨ ਕਰਿ ਤ੍ਰਿਸਨ [5] ਨ ਧ੍ਰਾਪੈ [6] ॥

ਬਹੁਤ ਚਲਾਕੀਆਂ ਕਰਕੇ ਮੌਤ ਦਾ ਡਰ ਬਹੁਤਾ ਹੀ ਲਗਦਾ ਹੈ। ਭਾਵੇਂ ਮਾਇਆ ਦੇ ਇਕੱਠੇ ਕਰਨ ਦੀ ਕਿਤਨੀ ਹੀ ਕੋਸ਼ਿਸ਼ ਕਰੀਏ ਇਹ ਲਾਲਚ ਦੀ ਭੁਖ ਨਹੀਂ ਹਟਦੀ।

ਭੇਖ ਅਨੇਕ ਅਗਨਿ ਨਹੀ ਬੁਝੈ ॥
ਕੋਟਿ ਉਪਾਵ ਦਰਗਹ ਨਹੀ ਸਿਝੈ [7] ॥

ਬੇਸ਼ੁਮਾਰ ਭੇਸ ਬਦਲਨ ਨਾਲ ਵੀ ਜੀਵ ਦੀ ਲਾਲਚ ਦੀ ਅਗ ਕਦੀ ਨਹੀਂ ਬੁਝਦੀ ਤੇ ਕਰੋੜਾਂ ਚਾਲਾਂ ਚਲਣ ਨਾਲ ਵੀ ਪਰਭੂ ਦੀ ਕਚੈਹਰੀ ਵਿਚ ਸੁਰਖਰੂ ਨਹੀਂ ਹੋਈਦਾ।

ਛੂਟਸਿ ਨਾਹੀ ਊਭ [8] ਪਇਆਲ [9] ॥
ਮੋਹਿ [10] ਬਿਆਪਹਿ [11] ਮਾਇਆ ਜਾਲਿ ॥

ਚਾਹੇ ਇਨਸਾਨ ਆਪਦੀ ਚਲਾਕੀਆਂ ਨਾਲ ਅਸਮਾਨ ।

---

1 ਈਸ਼ਵਰ ਤੋਂ ਮੁਨਕਿਰ ਲੋਕ। 2 ਅਨਗਿਨਤ। 3 ਡਰ 4 ਲਗਦਾ ਹੈ। 5 ਲਾਲਚ। 6 ਰਜਨਾਂ। 7 ਪੂਰਾ ਹੋਨਾਂ 8 ਅਕਾਸ਼। 9 ਪਤਾਲ। 10 ਮੁਹੱਬਤ। 11 ਫਸਨਾਂ।



Digitized by Panjab Digital Library | www.panjabdigilib.org

ਚਲਾ ਜਾਏ ਤੇ ਚਾਹੇ ਪਤਾਲ ਵਿਚ ਜਾ ਛੁਪੇ ਉਹ ਇਸ ਮਾਇਆ ਤੋਂ ਬਚ ਨਹੀਂ ਸਕਦਾ। ਸਗੋਂ ਇਸ ਮਾਇਆ ਦੇ ਜਾਲ ਵਿਚ ਦੁਨਯਾਵੀ ਮੋਹ ਨਾਲ ਫਸ ਜਾਈਦਾ ਹੈ।

ਅਵਰ ਕਰਤੂਤਿ ਸਗਲੀ ਜਮੁ[1] ਡਾਨੈ ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥

ਹੋਰ ਜਿਤਨੇ ਕਰਤੂਤ ਕਰੀਏ ਮੌਤ ਸਭ ਦਾ ਡੰਡ ਦੇਂਦੀ ਹੈ ਬਗੈਰ ਪ੍ਰਭੂ ਦੀ ਭਗਤੀ ਦੇ ਹੋਰ ਰਤਾ ਭੀ ਕੋਈ ਗਲ ਉਸ ਪ੍ਰਭੂ ਪ੍ਰਮੇਸ਼ਰ ਦੀ ਕਚੈਹਰੀ ਵਿਚ ਨਹੀਂ ਸੁਨੀਦੀ।

ਹਰਿ ਕਾ ਨਾਮੁ ਜਪਤ ਦੁਖੁ ਜਾਇ ॥
ਨਾਨਕ ਬੋਲੈ ਸਹਜਿ ਸੁਭਾਇ ॥ ੪ ॥

ਪ੍ਰਭੂ ਦਾ ਨਾਮ ਲੈਣ ਨਾਲ ਦੁਖ ਦੂਰ ਹੋ ਜਾਂਦੇ ਹਨ। ਸ੍ਰੀ ਗੁਰੂ ਜੀ ਆਖਦੇ ਹਨ ਤੁਸੀਂ ਦਿਲੀ ਪਰੇਮ ਲਾ ਕੇ ਸ਼ਾਂਤੀ ਨਾਲ ਉਸ ਪਰਭੂ ਦਾ ਨਾਮ ਜਪੋ।

ਚਾਰਿ ਪਦਾਰਥੁ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥

ਜੇਕਰ ਕੋਈ ਮਨੁਖ ਇਹ ਚਾਰ ਮੁਰਾਦਾਂ ਧਰਮ ਅਰਥ ਕਾਮ ਤੇ ਮੋਖ ਚਾਹੁੰਦਾ ਹੋਵੇ ਤਾਂ ਉਸ ਨੂੰ ਗੁਰਮੁਖਾਂ ਦੀ ਸੇਵਾ ਕਰਨੀ ਚਾਹੀਦੀ ਹੈ।

ਜੇ ਕੋ ਆਪੁਨਾ ਦੂਖੁ ਮਿਟਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥

---

[1] ਜਮਦੂਤ ਮੌਤ।



Digitized by Panjab Digital Library | www.panjabdigilib.org

ਜਿਸ ਨੇ ਆਪਣੇ ਦੁਖ ਦਰਦ ਦੇ ਰੋਗ ਮਿਟਾਨੇ ਹੋਣ ਤਾਂ ਉਹ ਪ੍ਰਭੂ ਦਾ ਨਾਮ ਹਰ ਵਕਤ ਦਿਲ ਨਾਲ ਸਿਮਰੇ

ਜੇ ਕੋ ਅਪੁਨੀ ਸੋਭਾ ਲੋਰੈ[1] ॥
ਸਾਧ ਸੰਗਿ ਇਹ ਹਉਮੈ[2] ਛੋਰੈ[3] ॥

ਜੇਕਰ ਕੋਈ ਮਨੁਖ ਅਪਨੀ ਇਜ਼ਤ ਤੇ ਮਸ਼ਹੂਰੀ ਚਾਹਦਾ ਹੈ ਤਾਂ ਉਹ ਭਲਿਆਂ ਪੁਰਸ਼ਾਂ ਦੀ ਸੰਗਤ ਵਿਚ ਆਕੇ ਖੁਦੀ ਤੇ ਹੰਕਾਰ ਨੂੰ ਤਿਆਗ ਦੇਵੇ ।

ਜੇ ਕੋ ਜਨਮ ਮਰਣ ਤੇ ਡਰੈ ॥
ਸਾਧ ਜਨਾ ਕੀ ਸਰਨੀ ਪਰੈ ॥

ਜੋ ਮਨੁਖ ਜਨਮ ਤੇ ਮਰਨ ਦੇ ਗੇੜ ਤੋਂ ਡਰਦਾ ਹੋਵੇ ਉਹ ਸੰਤਾਂ ਦਾ ਆਸਰਾ ਲਵੇ ਤਾਂ ਜਨਮ ਮਰਨ ਤੋਂ ਬਚਕੇ ਮੁਕਤੀ ਪਾ ਜਾਵੇਗਾ ।

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥
ਨਾਨਕ ਤਾਕੈ ਬਲਿ ਬਲਿ[4] ਜਾਸਾ[5] ॥ ੫ ॥

ਜਿਸ ਆਦਮੀ ਨੂੰ ਪਰਭੂ ਦੇ ਦਰਸ਼ਨ ਕਰਨ ਦੀ ਚਾਹ ਹੈ ਸ੍ਰੀ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਤੋਂ ਬਾਰ ਬਾਰ ਕੁਰਬਾਨ ਜਾਂਦਾ ਹਾਂ।

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ।
ਸਾਧ ਸੰਗਿ ਜਾਕਾ ਮਿਟੈ ਅਭਿਮਾਨੁ[6] ॥

ਉਹ ਮਨੁਖ ਸਾਰੇ ਮਨੁਖਾਂ ਵਿਚੋਂ ਵਡਾ ਹੈ ਜਿਸ ਦੀ ਖੁਦੀ ਮਾਨ ਤੇ ਗੁਮਾਨ ਸਾਧ ਸੰਗਤ ਵਿਚ ਆ ਕੇ ਮਿਟ ਜਾਵੇ ।

---

1 ਚਾਹੇ । 2 ਹੰਕਾਰ । 3 ਛਡ ਦੇਵੇ । 4 ਸਦਕੇ । 5 ਜਾਵਾਂ, 6 ਗਰੂਰ ਅਹੰਕਾਰ ।



Digitized by Panjab Digital Library | www.panjabdigilib.org

ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ[1] ਸਭ ਤੇ ਊਚਾ ॥

ਜੋ ਮਨੁਖ ਆਪਨੇ ਆਪ ਨੂੰ ਸਭ ਤੋਂ ਮੰਦਾ ਤੇ ਮਾੜਾ ਸਮਝਦਾ ਹੈ ਉਸ ਨੂੰ ਸਭ ਤੋਂ ਉਚਾ ਜਾਣੋ ।

ਜਾਕਾ ਮਨੁ ਹੋਇ ਸਗਲ ਕੀ ਰੀਨਾ[2] ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ[3] ਚੀਨਾ[4] ॥

ਜਿਸ ਮਨੁਖ ਦਾ ਦਿਲ ਸਾਰਿਆਂ ਦੇ ਚਰਨਾਂ ਦੀ ਧੂੜ ਬਨ ਕੇ ਰਹਿੰਦਾ ਹੈ ਭਾਵ ਸਭ ਨਾਲ ਨਿਮਰਤਾਈ ਨਾਲ ਵਰਤਦਾ ਹੈ ਉਸ ਮਨੁਖ ਨੂੰ ਪ੍ਰਭੂ ਦਾ ਨਾਮ ਹਰ ਇਕ ਸ਼ਰੀਰ ਵਿਚ ਦਿਖਾਈ ਦੇਂਦਾ ਹੈ। ਹਰ ਪਾਸੇ ਪ੍ਰਭੂ ਨਜ਼ਰ ਆਉਂਦਾ ਹੈ।

ਮਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ[5] ਸਗਲ[6] ਸ੍ਰਿਸਟਿ[7] ਸਾਜਨਾ[8] ॥

ਜੋ ਮਨੁਖ ਅਪਣੇ ਮੰਨ ਵਿਚੋਂ ਬਦੀ ਦੂਰ ਕਰ ਦੇਵੇ । ਉਸ ਦੀ ਸਾਰੀ ਦੁਨੀਆਂ ਮਿਤ੍ਰ ਬਣ ਜਾਂਦੀ ਹੈ।

ਸੂਖ ਦੂਖ ਜਨ ਸਮ[9] ਦ੍ਰਿਸਟਤਾ[10] ॥
ਨਾਨਕ ਪਾਪ ਪੁਨ ਨਹੀ ਲੇਪਾ[11] ॥ ੬ ॥

ਜੋ ਮਨੁਖ ਸੁਖ ਤੇ ਦੁਖ ਨੂੰ ਇਕੋ ਜਿਹਾ ਕਰਕੇ ਮੰਨਦੇ ਹਨ। ਸ੍ਰੀ ਗੁਰੂ ਜੀ ਆਖਦੇ ਹਨ ਉਨ੍ਹਾਂ ਉਤੇ ਪਾਪ ਤੇ ਪੁਨ ਦਾ ਕੋਈ ਅਸਰ ਨਹੀਂ ਹੁੰਦਾ। ਉਨ੍ਹਾਂ ਦਾ ਸੁਭਾ ਨੇਕੀ ਕਰਨ ਵਾਲਾ ਬਣ ਜਾਂਦਾ ਹੈ ਤੇ ਉਨ੍ਹਾਂ ਤੇ ਦੁਨਯਾਵੀ ਗਲਾਂ ਦਾ ਅਸਰ ਨਹੀਂ ਹੁੰਦਾ।

---

1 ਜਾਨੀਏ। 2 ਚਰਨਾਂ ਦੀ ਧੂੜ। 3 ਸਰੀਰ। 4 ਵੇਖਣਾ। ਪਛਾਨਣਾ। 5 ਵੇਖਦਾ ਹੈ। 6 ਸਾਰੇ। 7 ਦੁਨੀਆਂ। 8 ਸਾਜਨ ਦੋਸਤ 9 ਇਕੋ ਜੇਹਾ। 10 ਵੇਖਣ ਵਾਲਾ। 11 ਲਗਦਾ।



Digitized by Panjab Digital Library | www.panjabdigilib.org

ਨਿਰਧਨ[1] ਕਉ[2] ਧਨੁ ਤੇਰੋ ਨਾਉ ॥
ਨਿਥਾਵੇ[3] ਕਉ ਨਾਉ ਤੇਰਾ ਥਾਉ ॥

ਹੇ ਪਰਭੂ! ਇਕ ਗਰੀਬ ਵਾਸਤੇ ਤੇਰਾ ਨਾਮ ਹੀ ਉਸ ਦਾ ਖਜ਼ਾਨਾ ਹੈ। ਜਿਸ ਦੇ ਕੋਲ ਰਹਿਣ ਬਹਿਣ ਦਾ ਕੋਈ ਠਿਕਾਣਾ ਨਹੀਂ। ਉਸ ਨੂੰ ਤੇਰੇ ਨਾਂ ਦਾ ਠਿਕਾਣਾ ਹੈ।

ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥
ਸਗਲ ਘਟਾ[4] ਕਉ ਦੇਵਹੁ ਦਾਨੁ ॥

ਹੇ ਪਰਭੂ ਜੀ! ਇਕ ਨਿਮਾਣੇ ਜੀਵ ਨੂੰ ਤੇਰਾ ਹੀ ਮਾਨ ਹੈ। ਹੇ ਬਾਬਾ ਜੀ! ਤੁਸੀਂ ਸਭ ਜੀਵਾਂ ਨੂੰ ਦਾਨ ਦੇਂਦੇ ਹੋ।

ਕਰਨ ਕਰਾਵਨਹਾਰ ਸੁਆਮੀ ॥
ਸਗਲ ਘਟਾ ਕੇ ਅੰਤਰਜਾਮੀ[5] ॥

ਹੇ ਪ੍ਰਭੂ ਤੂੰ ਆਪ ਹੀ ਸਭ ਕੰਮ ਕਰਦਾ ਹੈ ਤੇ ਆਪ ਹੀ ਕਰਾਂਦਾ ਹੈ। ਹੇ ਬਾਬਾ ਤੂੰ ਸਾਰੀ ਦੁਨੀਆਂ ਦੇ ਦਿਲਾ ਦੀ ਜਾਨਣ ਵਾਲਾ ਹੈ।

ਅਪਨੀ ਗਤਿ[6] ਮਿਤਿ[7] ਜਾਨਹੁ ਆਪੇ ॥
ਆਪਨ ਸੰਗਿ ਆਪਿ ਪ੍ਰਭ ਰਾਤੇ[8] ॥

ਹੇ ਪਰਭੂ ਆਪਨੀ ਹਾਲਤ ਤੇ ਆਪਨੀ ਵਡਿਆਈ ਦੀ ਹਦ ਤੂੰ ਆਪ ਹੀ ਜਾਣਦਾ ਹੈ। ਹੇ ਪਰਭੂ ਤੂੰ! ਆਪਨੇ ਆਪ ਵਿਚ ਆਪ ਹੀ ਮਸਤ ਹੈ। ਮੈ ਮਸਕੀਨ ਤੋਂ ਤੇਰਾ ਕੁਛ ਅੰਦਾਜ਼ਾ ਨਹੀਂ ਲਗਦਾ ਆਪਨੀਆਂ ਕੁਦਰਤਾਂ ਤੂੰ ਆਪ ਹੀ ਜਾਣਦਾ ਹੈ।

---

1 ਧੰਨ ਤੋਂ ਬਿਨਾਂ ਗ਼ਰੀਬ। 2 ਨੂੰ। 3 ਨਿਆਸਰੇ। 4 ਸਰੀਰ ਪਰਾਣੀ। 5 ਅੰਦਰ (ਦਿਲ) ਦੀ ਬੂਝਨ ਵਾਲਾ 6 ਹਾਲਤ। 7 ਅੰਦਾਜ਼ਾ। 8 ਮਗਨ ਮਸਤ।



Digitized by Panjab Digital Library | www.panjabdigilib.org

ਤੁਮਰੀ ਉਸਤਤਿ[1] ਤੁਮ ਤੇ ਹੋਇ ॥
ਨਾਨਕ ਅਵਰੁ ਨ ਜਾਨਸਿ ਕੋਇ ॥੭॥

ਹੇ ਪਰਭੂ ਤੇਰੀ ਤਰੀਫ ਕਰਨ ਦੀ ਮੇਰੇ ਪਾਸ ਤਾਕਤ ਨਹੀਂ ਹੈ ਤੇਰੀ ਵਡਿਆਈ ਤੇਰੇ ਤੋਂ ਹੀ ਬਿਆਨ ਹੋ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ। ਤੇਰੀ ਵਡਿਆਈ ਹੋਰ ਕਈ ਬਿਆਨ ਨਹੀਂ ਕਰ ਸਕਦਾ।

ਸਰਬ ਧਰਮ ਮਹਿ ਸ੍ਰੇਸਟ[2] ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ[3] ਕਰਮੁ[4] ॥

ਹਰੀ ਦਾ ਨਾਮ ਜਪਨਾ ਇਹ ਸਾਰੇ ਕੰਮਾਂ ਵਿਚੋਂ ਚੰਗਾ ਤੇ ਪਵਿਤਰ ਕੰਮ ਹੈ। ਪਰਭੂ ਦਾ ਨਾਮ ਜਪਨਾ ਸਾਰੇ ਧਰਮਾਂ ਵਿਚੋਂ ਵਡਾ ਧਰਮ ਹੈ।

ਸਗਲ ਕ੍ਰਿਆ[5] ਮਹਿ ਊਤਮ ਕਿਰਿਆ ॥
ਸਾਧਸੰਗਿ ਦੁਰਮਤਿ[6] ਮਲੁ[7] ਹਿਰਿਆ[8] ॥

ਸਾਧ ਸੰਗਤ ਵਿਚ ਰਹਿ ਕੇ ਮੰਨ ਦੀ ਮੈਲ ਦੂਰ ਕਰਨੀ ਹੋਰ ਸਾਰੀ ਧਾਰਮਕ ਰਸਮਾਂ ਨਾਲੋਂ ਇਹ ਚੰਗੀ ਰਸਮ ਹੈ।

ਸਗਲ ਉਦਮ ਮਹਿ ਉਦਮੁ ਭਲਾ ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥

ਹੇ ਮਨ! ਪਰਭੂ ਦਾ ਨਾਮ ਹਰ ਵੇਲੇ ਜਪਦਾ ਰਹੋ। ਸਾਰੀ ਕੋਸ਼ਸ਼ਾਂ ਨਾਲੋਂ ਇਹ ਚੰਗੀ ਤੇ ਵਡੀ ਕੋਸ਼ਿਸ਼ ਹੈ ਜੋ ਤੇਰਾ ਬੇੜਾ ਪਾਰ ਕਰ ਦੇਵੇਗੀ।

---

[1] ਤਾਰੀਫ। [2] ਸਭ ਤੋਂ ਚੰਗਾ। [3] ਪਵਿਤਰ। [4] ਕੰਮ। [5] ਧਾਰਮਕ ਰਸਮ। [6] ਬੁਰੀ। [7] ਮਤ। [8] ਦੂਰ ਕਰਨਾ।



Digitized by Panjab Digital Library | www.panjabdigilib.org

ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥
ਹਰਿ ਕੋ ਜਸੁ ਸੁਨਿ ਰਸਨ[1] ਬਖਾਨੀ[2]

ਪ੍ਰਭੂ ਦਾ ਜਸ ਕੰਨਾਂ ਨਾਲ ਸੁਣ ਤੇ ਜ਼ਬਾਨ ਨਾਲ ਗਾ ਪਰਭੂ ਦੀ ਸਿਫਤ ਕਰਨ ਵਾਲੀ ਮਿਠੀ ਤੇ ਪਿਆਰੀ ਬਾਣੀ ਸਾਰੀਆਂ ਬਾਣੀਆਂ ਵਿਚੋਂ ਚੰਗੀ ਬਾਣੀ ਹੈ।

ਸਗਲ ਥਾਨ ਤੇ ਓਹੁ ਊਤਮੁ ਥਾਨੁ ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥ ੮ ॥ ੩ ॥

ਸ੍ਰੀ ਗੁਰੂ ਜੀ ਆਖਦੇ ਹਨ ਜਿਸ ਹਿਰਦੇ ( ਇਨਸਾਨ ) ਵਿਚ ਪਰਭੂ ਦਾ ਨਾਮ ਵਸਦਾ ਹੈ ਉਹ ਹਿਰਦਾ ਸਭ ਤੀਰਥਾਂ ਤੇ ਹੋਰ ਪਵਿਤਰ ਅਸਥਾਨਾਂ ਤੋਂ ਅੱਛਾ ਅਸਥਾਨ ਹੈ।

---

[1] ਜੀਭ। [2] ਬੋਲ ।



Digitized by Panjab Digital Library | www.panjabdigilib.org

## ਸਲੋਕੁ ।

ਨਿਰਗੁਨੀਆਰ [1] ਇਆਨਿਆ [2] ਸੋ ਪ੍ਰਭੁ ਸਦਾ ਸਮਾਲਿ ॥
ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥

ਹੇ ਗੁਨਹੀਨ ਬੇਸਮਝ ਮਨੁਖਾ ! ਉਸ ਈਸ਼ਵਰ ਨੂੰ ਹਮੇਸ਼ਾਂ ਚੇਤੇ ਕਰ। ਸ੍ਰੀ ਗੁਰੂ ਜੀ ਆਖਦੇ ਹਨ ਉਸ ਪਰਭੂ ਜਿਸ ਨੇ ਤੈਨੂੰ ਪੈਦਾ ਕੀਤਾ ਹੈ ਉਸ ਨੂੰ ਹਰ ਵੇਲੇ ਚੇਤੇ ਕਰ ਉਹੀ ਇਥੇ ਤੇ ਅਗੇ ਤੇਰਾ ਸਾਥ ਦੇਵੇਗਾ।

### ਅਸਟਪਦੀ ॥

ਰਮਈਆ ਕੇ ਗੁਨ ਚੇਤਿ ਪਰਾਨੀ [3] ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ [4] ॥

ਹੇ ਜੀਵ ! ਪਿਆਰੇ ਪਰਭੂ ਸਹਣੇ ਵਾਹਿਗੁਰੂ ਦੀ ਸਿਫਤਾਂ ਕਰ। ਜਿਸ ਨੇ ਤੇਰੇ ਗੰਦੇ ਮੁਢ ਤੋਂ ਤੈਨੂੰ ਕਿੰਨਾ ਸੋਹਨਾਂ ਬਣਾ ਵਿਖਾਇਆ ਹੈ।

ਜਿਨਿ [5] ਤੂੰ ਸਾਜਿ [6] ਸਵਾਰਿ ਸੀਗਾਰਿਆ ॥
ਗਰਭ [7] ਅਗਨਿ ਮਹਿ ਜਿਨਹਿ ਉਬਾਰਿਆ [8] ॥

ਹੇ ਇਨਸਾਨ ਤੂੰ ਉਸ ਪਰਭੂ ਨੂੰ ਯਾਦ ਕਰ ਜਿਸ ਨੇ ਤੈਨੂੰ ਪੈਦਾ ਕਰਕੇ ਸੁਹਨਾ ਤੇ ਸੁੰਦਰ ਬਣਾਇਆ ਹੈ ਤੇ ਉਸ ਪਰਭੂ ਨੇ ਹੀ ਮਾਤਾ ਦੇ ਪੇਟ ਦੀ ਅਗ ਵਿਚ ਵੀ ਤੇਰ ਰਖਸ਼ਾ ਕੀਤੀ ਹੈ।

---

1 ਜਿਸ ਵਿਚ ਕੋਈ ਗੁਨ ਨ ਹੋਵੇ। 2 ਬੇ ਸਮਝ। 3 ਜੀਵ 4 ਵਿਖਾਇਆ ਹੈ। 5 ਜਿਸ ਪਰਭੂ ਨੇ। 6 ਪੈਦਾ ਕਰਨਾ। 7 ਪੇਟ 8 ਬਚਾਇਆ।



Digitized by Panjab Digital Library | www.panjabdigilib.org

ਬਾਰ [1] ਬਿਵਸਥਾ [2] ਤੁਜਹਿ ਪਿਆਰੈ ਦੂਧ ॥
ਭਰਿ ਜੋਬਨ [3] ਭੋਜਨ ਸੁਖ ਸੂਧ [4] ॥

ਉਸ ਪਰਭੂ ਨੂੰ ਯਾਦ ਕਰ ਜੋ ਤੇਰੀ ਛੋਟੀ ਅਵਸਥਾ ਵਿਚ ਤੈਨੂੰ ਦੂਧ ਦੇਂਦਾ ਹੈ ਤੇ ਭਰੀ ਜਵਾਨੀ ਵਿਚ ਰੋਟੀ ਤੇ ਸੁਖ ਬਖਸ਼ਦਾ ਹੈ।

ਬਿਰਧਿ [5] ਭਇਆ ਊਪਰਿ [6] ਸਾਕ ਸੈਨ [7] ॥
ਮੁਖਿ ਅਪਿਆਉ [8] ਬੈਠ ਕਉ ਦੈਨ ॥

ਜਦੋਂ ਤੂੰ ਬੁਢਾ ਹੋ ਜਾਂਦਾ ਹੈਂ ਤਾਂ ਤੇਰੀ ਸੇਵਾ ਟਹਿਲ ਕਰਨ ਵਾਸਤੇ ਤੇਰੇ ਰਿਸ਼ਤਾਦਾਰ ਤੇ ਮਿੱਤਰ ਪੈਦਾ ਕਰ ਦੇਂਦਾ ਹੈ ਜੋ ਤੇਰੇ ਬੈਠੇ ਬਿਠਾਏ ਦੇ ਮੂੰਹ ਵਿਚ ਆਕੇ ਸੁਥਰਾ ਤੇ ਲਜ਼ੀਜ਼ ਖਾਣਾ ਪਾਂਦੇ ਹਨ।

ਇਹੁ ਨਿਰਗੁਨੁ [9] ਗੁਨੁ ਕਛੂ ਨ ਬੂਝੈ ॥
ਬਖਸਿ ਲੇਹੁ ਤਉ ਨਾਨਕ ਸੀਝੈ [10] ॥ ੧ ॥

ਇਹ ਗੁਣ ਹੀਣ ਇਨਸਾਨ ਤੇਰੀਆਂ ਦਿਤੀਆਂ ਹੋਈਆਂ ਦਾਤਾਂ ਤੇ ਮੇਹਰਾਂ ਨੂੰ ਕੁਛ ਵੀ ਨਹੀਂ ਸਮਝਦਾ। ਸ੍ਰੀ ਗੁਰੂ ਜੀ ਆਖਦੇ ਹਨ ਜੋ ਹੇ ਪਰਭੂ ਜੀ! ਤੂੰ ਆਪ ਹੀ ਬਖਸ਼ ਲੈ ਤੇ ਮੇਹਰ ਕਰੇ ਤਾਂ ਜੀਵ ਦਾ ਬੇੜਾ ਪਾਰ ਹੋਵੇਗਾ।

ਜਿਹ ਪ੍ਰਸਾਦਿ [11] ਧਰ [12] ਊਪਰਿ ਸੁਖਿ ਬਸਹਿ ॥
ਸੁਤ [13] ਭ੍ਰਾਤ ਮੀਤ ਬਨਿਤਾ [14] ਸੰਗਿ ਹਸਹਿ ॥

ਹੇ ਜੀਵ! ਉਸ ਪਰਭੂ ਦੀ ਕ੍ਰਿਪਾ ਨਾਲ ਤੂੰ ਧਰਤੀ ਉਤੇ

---

1 ਬਾਲਕ, ਬਚਪਨ। 2 ਉਮਰ। 3 ਜਵਾਨੀ। 4 ਸੋਝੀ ਖਬਰ। 5 ਬੁਢਾਪਾ। 6 ਉਤੇ ਸੇਵਾ ਕਰਨ ਵਾਸਤੇ। 7 ਸਜਨ। ਮਿਤਰ। 8 ਚੰਗੇ ਭੋਜਨ। 9 ਗੁਣਾਂ ਤੋਂ ਬਗੈਰ। 10 ਬੇੜਾ ਪਾਰ ਹੋਵੇ। 11 ਕ੍ਰਿਪਾ। 12 ਧਰਤੀ। 13 ਪੁਤਰ। 14 ਇਸਤਰੀ।



Digitized by Panjab Digital Library | www.panjabdigilib.org

ਸੁਖੀ ਵਸਦਾ ਹੈ ਤੇ ਉਸ ਦੀ ਮੇਹਰ ਨਾਲ ਪੁਤਰ, ਭਾਈ, ਮਿੱਤਰ ਤੇ ਇਸਤਰੀ ਨਾਲ ਹਸਦਾ ਤੇ ਖੇਲਦਾ ਹੈ।

ਜਿਹ ਪ੍ਰਸਾਦਿ ਪੀਵਹਿ ਸੀਤਲ[1] ਜਲਾ ॥
ਸੁਖਦਾਈ ਪਵਨੁ[2] ਪਾਵਕੁ[3] ਅਮੁਲਾ[4] ॥

ਉਸ ਈਸ਼ਵਰ ਦੀ ਮੇਹਰ ਨਾਲ ਤੂੰ ਠੰਡਾ ਪਾਣੀ ਪੀਂਦਾ ਹੈ ਸੁਖ ਦੇਣ ਵਾਲੀ ਹਵਾ ਤੇ ਅਨਮੋਲ ਅਗ ਵਰਤਦਾ ਹੈ।

ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥
ਸਗਲ ਸਮਗ੍ਰੀ[5] ਸੰਗਿ ਸਾਥਿ ਬਸਾ ॥

ਜਿਸ ਹਰੀ ਦੀ ਕ੍ਰਿਪਾ ਨਾਲ ਤੈਨੂੰ ਇਹ ਸੁਖ ਤੇ ਸਵਾਦ ਮਿਲੇ ਹਨ ਅਤੇ ਜਿਸ ਦੀ ਮੇਹਰ ਨਾਲ ਸਾਰੇ ਪਦਾਰਥ ਤੈਨੂੰ ਵਰਤਣ ਲਈ ਮਿਲੇ ਹਨ।

ਦੀਨੇ ਹਸਤ[6] ਪਾਵ[7] ਕਰਨ[8] ਨੇਤ੍ਰ[9] ਰਸਨਾ[10] ॥
ਤਿਸਹਿ ਤਿਆਗਿ ਅਵਰ ਸੰਗਿ ਰਚਨਾ[11] ॥

ਜਿਸ ਪਰਭੂ ਨੇ ਤੈਨੂੰ ਹਥ ਪੈਰ ਕੰਨ ਅੱਖਾਂ ਤੇ ਜੀਭ ਦਿਤੀ ਹੈ ਹੇ ਜੀਵ ਤੂੰ ਉਸ ਨੂੰ ਛੋੜ ਹੋਰਨਾਂ ਨਾਲ ਰੁਝ ਗਿਆ ਹੈ।

ਐਸੇ ਦੋਖ[12] ਮੂੜ[13] ਅੰਧ ਬਿਆਪੇ[14] ॥
ਨਾਨਕ ਕਾਢਿ ਲੇਹੁ ਪ੍ਰਭ ਆਪੇ ॥ ੨ ॥

---

1 ਠੰਡਾ। 2 ਹਵਾ। 3 ਅਗ। 4 ਜਿਸ ਦਾ ਮੁਲ ਨਾ ਪਾਇਆ ਜਾਵੇ ਕੀਮਤੀ। 5 ਪਦਾਰਥ। 6 ਹਥ 7 ਪੈਰ। 8 ਕੰਨ। 9 ਅਖਾਂ। 10 ਜੀਭ। 11 ਰੁਝ ਜਾਣਾ ਮਗਨ ਹੋ ਜਾਣਾ। 12 ਬੁਰੇ ਕੰਮ। 13 ਮੂਰਖ। ਫਸਨਾਂ।



Digitized by Panjab Digital Library | www.panjabdigilib.org

ਇਹ ਮਨੁਖ ਐਸੇ ਬੁਰੇ ਕੰਮਾਂ ਵਿਚ ਮੂਰਖ ਤੇ ਅੰਨ੍ਹਾ ਹੋਇਆ ਹੋਇਆ ਹੈ। ਸ੍ਰੀ ਗੁਰੂ ਜੀ ਆਖਦੇ ਹਨ ਹੇ ਪ੍ਰਭੂ ਤੂੰ ਇਸ ਭੁਲਾਈ ਵਿਸਾਰਨ ਵਾਲੇ ਜੀਵ ਨੂੰ ਆਪ ਹੀ ਇਹਨਾਂ ਔਗੁਨਾਂ ਵਿਚੋਂ ਕੱਢ ਲੈ।

ਆਦਿ ਅੰਤਿ ਜੋ ਰਾਖਨ ਹਾਰੁ ॥
ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥

ਇਹ ਮੂਰਖ ਆਦਮੀ ਉਸ ਹਰੀ ਨਾਲ ਪਿਆਰ ਨਹੀਂ ਕਰਦਾ ਜੋ ਜਨੰਮ ਤੋ ਲੈ ਕੇ ਮਰਨ ਤਕ ਸਾਡੀ ਰਾਖੀ ਕਰਨ ਵਾਲਾ ਹੈ।

ਜਾ ਕੀ ਸੇਵਾ ਨਵਨਿਧਿ[1] ਪਾਵੈ ॥
ਤਾ ਸਿਉ ਮੂੜਾ ਮਨੁ ਨਹੀ ਲਾਵੈ ॥

ਇਹ ਬੇਵਕੂਫ਼ ਬੰਦਾ ਉਸ ਈਸ਼ਵਰ ਨਾਲ ਦਿਲ ਨਹੀਂ ਜੋੜਦਾ, ਜਿਸ ਦੇ ਸੇਵਾ ਕਰਨ ਨਾਲ ਇਸ ਨੂੰ ਦੁਨੀਆਂ ਦੇ ਨੌ ( ਸਾਰੇ ) ਖ਼ਜ਼ਾਨੇ ਮਿਲ ਜਾਂਦੇ ਹਨ।

ਜੋ ਠਾਕੁਰ ਸਦ ਸਦਾ ਹਜੂਰੇ ॥
ਤਾ ਕਉ ਅੰਧਾ ਜਾਨਤ ਦੂਰੇ ॥

ਇਹ ਅੰਨਾਂ ਜੀਵ ਉਸ ਪ੍ਰਭੂ ਨੂੰ ਜੋ ਹਰ ਵਕਤ ਅੰਗ ਸੰਗ ਰਹਿੰਦਾ ਹੈ ਉਸ ਨੂੰ ਦੂਰ ਸਮਝਦਾ ਹੈ।

ਜਾ ਕੀ ਟਹਲ ਪਾਵੈ ਦਰਗਹ ਮਾਨੁ ॥
ਤਿਸਹਿ ਬਿਸਾਰੈ ਮੁਗਧੁ[2] ਅਜਾਨੁ ॥

ਉਹ ਮੂਰਖ ਤੇ ਅੰਞਾਣਾਂ ਜੀਵ ਉਸ ਪ੍ਰਭੂ ਨੂੰ ਭੁਲ ਗਿਆ ਹੈ ਜਿਸ ਦੀ ਸੇਵਾ ਕਰਨ ਨਾਲ ਦਰਗਾਹ ਵਿਚ ਇਜ਼ਤ ਮਿਲਦੀ ਹੈ।

---

1 ਨੌ ਖ਼ਜ਼ਾਨੇ। 2 ਮੂਰਖ।



Digitized by Panjab Digital Library | www.panjabdigilib.org

ਸਦਾ ਸਦਾ ਇਹੁ ਭੂਲਨਹਾਰੁ ॥
ਨਾਨਕ ਰਾਖਨਹਾਰੁ ਅਪਾਰੁ ॥ ੩ ॥

ਇਹ ਮਨੁਖ ਹਮੇਸ਼ਾਂ ਗ਼ਲਤੀਆਂ ਕਰਦਾ ਹੈ, ਸ੍ਰੀ ਗੁਰੂ ਜੀ ਆਖਦੇ ਹੌਨ, ਉਹ ਬੇਅੰਤ ਪ੍ਰਭੂ ਫ਼ਿਰ ਵੀ ਹਮੇਸ਼ਾ ਰਖਿਆ ਕਰਦਾ ਹੈ।

ਰਤਨੁ ਤਿਆਗਿ ਕਉਡੀ ਸੰਗਿ ਰਚੈ ॥
ਸਾਚੁ ਛੋਡਿ ਝੂਠ ਸੰਗਿ ਮਚੈ[1] ॥

ਇਹ ਦੁਨੀਆਂਦਾਰ ਮਨੁਖ ਈਸ਼ਵਰ ਦਾ ਨਾਮ ਜੋ ਰਤਨ ਹੈ, ਉਸਨੂੰ ਛੋੜ ਕੇ ਦੁਨਿਆਂ ਦੇ ਪਦਾਰਥਾਂ ਦੇ ਪਿਛੇ, ਜਿਨ੍ਹਾਂ ਦਾ ਦਰਗਾਹ ਵਿਚ ਕੌਡੀ ਦੇ ਬਰਾਬਰ ਭੀ ਮੁਲ ਨਹੀ, ਉਨ੍ਹਾਂ ਵਿਚ ਮਸਤ ਰਹਿੰਦਾ ਹੈ। ਸਚੇ ਪ੍ਰਭੂ ਨੂੰ ਛੋੜ ਕੇ ਨਾਸ ਹੋ ਜਾਂਨ ਵਾਲੇ ਪਦਾਰਥਾਂ ਦੇ ਨਾਲ ਮਸਤ ਰਹਿੰਦਾ ਹੈ।

ਜੋ ਛਡਨਾ ਸੁ ਅਸਥਿਰੁ[2] ਕਰਿ ਮਾਨੈ ॥
ਜੋ ਹੋਵਨ ਸੋ ਦੂਰਿ ਪਰਾਨੈ[3] ॥

ਇਹ ਜੀਵ ਇਸ ਦੁਨੀਆਂ ਨੂੰ ਜੋ ਛਡ ਜਾਨੀ ਹੈ, ਉਸ ਨੂੰ ਸਦਾ ਕਾਇਮ ਰਹਿਨ ਵਾਲੀ ਸਮਝਦਾ ਹੈ, ਮੌਤ ਨੂੰ ਜਿਹੜੀ ਜਲਦੀ ਹੋਨ ਵਾਲੀ ਹੈ ਉਸ ਨੂੰ ਕਿਤੇ ਦੂਰ ਖਿਆਲ ਕਰਕੇ ਪਰਵਾਹ ਨਹੀਂ ਕਰਦਾ।

ਛੋਡਿ ਜਾਇ ਤਿਸ ਕਾ ਸ੍ਰਮੁ[4] ਕਰੈ ॥
ਸੰਗਿ ਸਹਾਈ ਤਿਸੁ ਪਰਹਰੈ[5] ॥

---

1 ਮਸਤ ਹੁੰਦਾ ਹੈ, ਮਰਦਾ ਹੈ। 2 ਸਦਾ ਕਾਇਮ ਰਹਿਨ ਵਾਲੀ। 3 ਪਛਾਨਦਾ ਜਾਂ ਸਮਝਦਾ ਹੈ। 4 ਦੁਖ, ਤਕਲੀਫ। 5 ਦੂਰ ਕਰ ਦੇਨਾਂ, ਵਿਸਾਰ ਦੇਨਾਂ।



Digitized by Panjab Digital Library | www.panjabdigilib.org

ਉਹ ਧੰਨ ਦੌਲਤ ਜਿਸ ਨੂੰ ਇਥੇ ਹੀ ਛੋੜ ਜਾਨਾ ਹੈ, ਉਸ ਨੂੰ ਇਕੱਠਾ ਕਰਨ ਦੀ ਖਾਤਰ ਇਤਨੀ ਤਕਲੀਫ ਉਠਾਂਦਾ ਹੈ, ਤੇ ਜਿਸ ਪ੍ਰਭੂ ਦੇ ਨਾਂ ਨੇ ਅੰਤ ਵਿਚ ਸਾਥ ਦੇਣਾ ਹੈ, ਉਸ ਨੂੰ ਭੁਲਾ ਦਿਤਾ ਹੈ।

ਚੰਦਨ ਲੇਪੁ ਉਤਾਰੈ ਧੋਇ ॥
ਗਰਧਬ[1] ਪ੍ਰੀਤਿ ਭਸਮ[2] ਸੰਗਿ ਹੋਇ ॥

ਖੋਤੇ ਦਾ ਪਿਆਰ ਹਮੇਸ਼ਾਂ ਸੁਆਹ ਨਾਲ ਹੀ ਹੁੰਦਾ ਹੈ। ਚੰਦਨ ਦੇ ਲੇਪ ਧੋਕੇ ਲਾਹ ਦੇਂਦਾ ਹੈ, ਇਸੇ ਤਰ੍ਹਾਂ ਇਹ ਜੀਵ ਖੋਤੇ ਸਮਾਨ ਹੈ ਜੋ ਚੰਦਨ ਜੇਹੇ ਸਚੇ ਪ੍ਰਭੂ ਦੇ ਨਾਂ ਨੂੰ ਭੁਲ ਦੁਨਯਾਵੀ ਪਦਾਰਥ ਜੋ ਸੁਆਹ ਹੋ ਜਾਣ ਵਾਲੇ ਹਨ ਉਨ੍ਹਾਂ ਨਾਲ ਪਿਆਰ ਕਰਦਾ ਹੈ।

ਅੰਧ ਕੂਪ[3] ਮਹਿ ਪਤਿਤ[4] ਬਿਕਰਾਲ[5] ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥ ੪ ॥

ਇਸ ਮਾਇਆ ਰੂਪ ਅੰਨ੍ਹੇ ਤੇ ਭਿਆਨਕ ਖੂਹ ਵਿਚ ਪਾਪੀ ਜੀਵ ਗਿਰੇ ਹੋਏ ਹਨ ਸ੍ਰੀ ਗੁਰੂ ਜੀ ਆਖਦੇ ਹਨ, ਹੇ ਪ੍ਰਭੂ ਜੀ ! ਕ੍ਰਿਪਾ ਕਰੋ ਤੇ ਇਨ੍ਹਾਂ ਨੂੰ ਇਸ ਚੋਰਾਸੀ ਦੇ ਗੇੜ ਵਿਚੋਂ ਕਢ ਲੋ।

ਕਰਤੂਤਿ[6] ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ[7] ਕਰੈ ਦਿਨੁ ਰਾਤਿ ॥

ਮਨੁਖ ਹੋਕੇ ਡੰਗਰਾਂ ਵਾਲੇ ਕੰਮ ਕਰਦਾ ਹੈ। ਦਿਨ ਰਾਤ ਲੋਕ ਵਿਖਾਲਾ ਹੀ ਕਰਦਾ ਹੈ।

ਬਾਹਰਿ ਭੇਖ ਅੰਤਰਿ ਮਲੁ ਮਾਇਆ ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥

---

1 ਗਧਾ। 2 ਸੁਆਹ। 3 ਖੂਹ। 4 ਗਿਰਿਆ ਹੋਇਆ 5 ਭਿਆਨਕ। 6 ਕਰਨੀ। 7 ਵਿਖਾਵਾ।



Digitized by Panjab Digital Library | www.panjabdigilib.org

ਬਾਹਰੋਂ ਤਾਂ ਧਾਰਮਕ ਭੇਸ ਬਨਾਇਆ ਹੋਇਆ ਹੈ, ਪਰ ਦਿਲ ਤਾਂ ਮਾਇਆ ਦੀ ਮੈਲ ਨਾਲ ਭਰਿਆ ਹੋਇਆ ਹੈ, ਇਸ ਤਰ੍ਹਾਂ ਬਰੂਪੀਆ ਬਨਕੇ ਛੁਪਾਉਣ ਨਾਲ ਅਸਲੀਅਤ ਛੁਪ ਨਹੀਂ ਸਕਦੀ।

ਬਾਹਰਿ ਗਿਆਨ ਧਿਆਨ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ [1] ॥

ਬਾਹਰੋਂ ਵਿਖਾਲੇ ਵਾਸਤੇ ਗਿਆਨ ਦੀਆਂ ਗਲਾਂ ਤੀਰਥ ਇਸ਼ਨਾਨ ਤੇ ਸਮਾਧੀਆਂ ਲਾਂਦਾ ਹੈ ਪਰ ਇਹ ਸਭ ਕੁਛ ਵਿਖਾਲੇ ਵਾਸਤੇ ਹੈ, ਪਰ ਮਨ ਵਿਚ ਲਾਲਚ ਰੂਪੀ ਕੁਤਾ ਵਸਦਾ ਹੈ।

ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥
ਗਲਿ ਪਾਥਰ ਕੈਸੇ ਤਰੈ ਅਥਾਹ [2] ॥

ਦਿਲ ਦੇ ਅੰਦਰ ਤਾਂ ਲਾਲਚ ਦੀ ਅਗਨੀ ਜਲ ਰਹੀ ਹੈ ਤੇ ਬਾਹਰ ਜਿਸਮ ਦੇ ਉਤੇ ਭਭੂਤੀ ਲਗਾਈ ਹੋਈ ਹੈ। ਗਲੇ ਦੇ ਵਿਚ ਬੁਰੇ ਕੰਮਾਂ ਦਾ ਪਥਰ ਬਧਾ ਹੋਇਆ ਹੈ ਤੇ ਇਸ ਡੂੰਗੇ ਸੰਸਾਰ ਰੂਪੀ ਸਮੁੰਦਰ ਨੂੰ ਕਿਸ ਤਰਾਂ ਪਾਰ ਕਰ ਸਕਦਾ ਹੈ।

ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥
ਨਾਨਕ ਤੇ ਜਨ ਸਹਜਿ [3] ਸਮਾਤਿ [4] ॥੫॥

ਜਿਸ ਮਨੁਖ ਦੇ ਹਿਰਦੇ ਵਿਚ ਪ੍ਰਭੂ ਆਪ ਵਸਦਾ ਹੈ, ਸ੍ਰੀ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਦੀ ਹਾਲਤ ਐਸੀ ਹੋ ਜਾਂਦੀ ਹੈ ਕਿ ਉਹ ਨਾ ਡੋਲਨ ਵਾਲੀ ਅਵਸਥਾਂ ਵਿਚ ਸਮਾ ਜਾਂਦੇ ਹਨ।

---

1 ਕੁਤਾ। 2 ਜਿਸ ਦੀ ਡੂੰਗਾਈ ਦਾ ਥੋਹ ਟਿਕਾਣਾ ਨ ਲਭੇ। 3 ਉਹ ਅਵਸਥਾ ਜਿਥੇ ਮਨ ਨ ਡੋਲੇ। 4 ਸਮਾ ਜਾਨਾ।



Digitized by Panjab Digital Library | www.panjabdigilib.org

ਸੁਨਿ ਅੰਧਾ ਕੈਸੇ ਮਾਰਗੁ[1] ਪਾਵੈ ॥
ਕਰੁ[2] ਗਹਿ[3] ਲੇਹੁ ਓੜਿ[4] ਨਿਬਹਾਵੈ ॥

ਅੰਨ੍ਹਾ ਆਦਮੀ ਸਿਰਫ ਸੁਣ ਕੇ ਹੀ ਕਿਸ ਤਰ੍ਹਾਂ ਰਸਤਾ ਤਲਾਸ਼ ਕਰ ਸਕਦਾ ਹੈ। ਹੇ ਪ੍ਰਭੂ ਇਸ ਦਾ ਹਥ ਪਕੜ ਲਵੋ ਤਾਂ ਕੇ ਇਹ ਅਖ਼ੀਰ ਤਕ ਤੇਰੇ ਚਰਨਾਂ ਵਿਚ ਰਹਿ ਸਕੇ।

ਕਹਾ ਬੁਝਾਰਤ[5] ਬੂਝੈ ਡੋਰਾ ॥
ਨਿਸਿ[6] ਕਹੀਐ ਤਉ ਸਮਝੈ ਭੋਰਾ[7] ॥

ਕੰਨੋਂ ਡੋਰਾ ਆਦਮੀ ਸਿਰਫ਼ ਆਖਿਆ ਹੋਇਆ ਇਸ਼ਾਰਾ ਕਿਸ ਤਰ੍ਹਾਂ ਸ[redacted]ਕਦਾ ਹੈ, ਜੇਕਰ ਉਸ ਨੂੰ ਜ਼ਬਾਨ ਨਾਲ ਕਹੀਏ ਰਾਤ ਹੈ ਤਾਂ ਉਹ ਦਿਨ ਸਮਝਦਾ ਹੈ।

ਕਹਾ ਬਿਸਨਪਦ[8] ਗਾਵੈ ਗੁੰਗ ॥
ਜਤਨ ਕਰੈ ਤਉ ਭੀ ਸੁਰ ਭੰਗ[9] ॥

ਗੂੰਗਾ ਮਨੁਖ ਕਿਸ ਤਰ੍ਹਾਂ ਗਾਨਾਂ ਗਾ ਸਕਦਾ ਹੈ, ਜੇ ਕਰ ਉਹ ਕੋਸ਼ਿਸ਼ ਕਰੇ ਭੀ ਕਿ ਮੈਂ ਸ਼ਬਦ ਗਾ ਸਕਾਂ ਤਾਂ ਉਸ ਦੀ ਅਵਾਜ਼ ਟੁਟੀ ਹੋਈ ਨਿਕਲਦੀ ਹੈ।

---

1 ਰਸਤਾ। 2 ਹਥ। 3 ਪਕੜ ਲੌ। 4 ਅਖੀਰ ਤਕ। 5 ਸੈਨਤ, ਇਸ਼ਾਰਾ। 6 ਰਾਤ। 7 ਦਿਨ। 8 ਇਕ ਸ਼ਬਦ ਦਾ ਨਾਂ ਹੈ। 9 ਟੁਟੀ ਹੋਈ।



Digitized by Panjab Digital Library | www.panjabdigilib.org

ਕਹ ਪਿੰਗੁਲ[1] ਪਰਬਤ[2] ਪਰਭਵਨ[3] ॥
ਨਹੀ ਹੋਤ ਊਹਾ ਉਸੁ ਗਵਨ[4] ॥

ਲੂਲਾ ਮਨੁਖ ਕਿਸ ਤਰ੍ਹਾਂ ਪਹਾੜਾਂ ਤੇ ਫਿਰ ਸਕਦਾ ਹੈ ? ਉਥੇ ਉਸ ਦੀ ਪਹੁੰਚ ਨਹੀਂ ਹੋ ਸਕਦੀ ।

ਕਰਤਾਰ ਕਰੁਣਾਮੈ[5] ਦੀਨੁ[6] ਬੇਨਤੀ ਕਰੈ ॥
ਨਾਨਕ ਤੁਮਰੀ ਕਿਰਪਾ ਤਰੈ ॥ ੬ ॥

ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਹੇ ਦਇਆ ਕਰਨ ਵਾਲੇ ਪ੍ਰਭੂ ਜੀ ! ਇਹ ਨਿਮਾਨਾਂ ਦਾਸ ਭੀ ਬੇਨਤੀ ਕਰਦਾ ਹੈ, ਕਿ ਮੈਨੂੰ ਭੀ ਤਾਰ ਲੌ, ਜਿਸ ਤੇ ਤੇਰੀ ਮੇਹਰ ਹੋ ਜਾਵੇ ਉਹ ਤਰ ਜਾਂਦਾ ਹੈ ।

ਸੰਗਿ ਸਹਾਈ ਸੁ ਆਵੈ ਨ ਚੀਤਿ[7] ॥
ਜੋ ਬੈਰਾਈ[8] ਤਾ ਸਿਉ ਪ੍ਰੀਤਿ ॥

ਜਿਸ ਈਸ਼ਵਰ ਦੇ ਨਾਂ ਨੇ ਤੇਰੇ ਨਾਲ ਹੋ ਕੇ ਸਹੈਤਾ ਕਰਨੀ ਹੈ, ਉਹ ਤਾਂ ਤੈਨੂੰ ਯਾਦ ਹੀ ਨਹੀਂ ਆਂਦਾ ਤੇ ਜੋ ਤੇਰੇ ਦੁਸ਼ਮਨ ਹਨ ( ਦੁਨਿਆਵੀ ਝਮੇਲੇ ) ਉਨ੍ਹਾਂ ਨਾਲ ਤੂੰ ਪਿਆਰ ਕਰਦਾ ਹੈਂ ।

ਬਲੂਆ[9] ਕੇ ਗ੍ਰਿਹ[10] ਭੀਤਰਿ ਬਸੈ ॥
ਅਨਦ ਕੇਲ ਮਾਇਆ ਰੰਗਿ ਰਸੈ ॥

---

1 ਪਿੰਗਲਾ, ਲੂਲਾ । 2 ਪਹਾੜ । 3 ਭੌਨਾਂ, ਫਿਰਨਾਂ । 4 ਪਹੁੰਚ। 5 ਤਰਸਵਾਨ ਦਇਆ ਕਰਨ ਵਾਲਾ । 6 ਨਿਮਾਨਾਂ । 7 ਚੇਤੇ ਯਾਦ। 8 ਵੈਰੀ ਦੁਸ਼ਮਨ। 9 ਰੇਤ। 10 ਘਰ।



Digitized by Panjab Digital Library | www.panjabdigilib.org

ਇਹ ਮਨੁਖ ਰੇਤ ਦੇ ਘਰ ਵਿਚ ਰਹਿੰਦਾ ਹੈ, ਮਤਲਬ ਇਹ ਜੋ ਰੇਤ ਜਿਸ ਤਰ੍ਹਾਂ ਜ਼ਰਾ ੨ ਕਰਕੇ ਹਥ ਵਿਚੋਂ ਨਿਕਲ ਜਾਂਦੀ ਹੈ, ਉਸੇ ਤਰ੍ਹਾਂ ਉਮਰ ਹਥ ਵਿਚੋਂ ਨਿਕਲਦੀ ਜਾਂਦੀ ਹੈ, ਲੇਕਿਨ ਫਿਰ ਭੀ ਇਹ ਮਾਇਆ ਦੀ ਮਸਤੀ ਵਿਚ ਅਨੰਦ ਮਾਨ੍ਹ ਰਿਹਾ ਹੈ।

ਦ੍ਰਿੜੁ[1] ਕਰਿ ਮਾਨੈ ਮਨਹਿ ਪਰਤੀਤਿ[2] ॥
ਕਾਲੁ[3] ਨ ਆਵੈ ਮੂੜੇ ਚੀਤਿ ॥

ਰੇਤ ਦੇ ਘਰ (ਇਸ ਮਾਇਆ) ਨੂੰ ਇਹ ਪਕਾ ਸਮਝੀ ਬੈਠਾ ਹੈ ਤੇ ਦਿਲ ਵਿਚ ਇਹ ਪੂਰਾ ਯਕੀਨ ਬਧਾ ਹੋਇਆ ਹੈ ਕਿ ਮੈਂ ਹਮੇਸ਼ਾ ਜ਼ਿੰਦਾ ਰਹਿਣਾ ਹੈ ਇਸ ਪੁਰਖ ਨੂੰ ਮੌਤ ਬਿਲਕੁਲ ਯਾਦ ਹੀ ਹੀ ਨਹੀਂ ਹੈ।

ਬੈਰ ਬਰੋਧ[4] ਕਾਮ ਕ੍ਰੋਧ[5] ਮੋਹ ॥
ਝੂਠ ਬਿਕਾਰ[6] ਮਹਾ ਲੋਭ ਧ੍ਰੋਹ[7] ॥
ਇਆਹੂ ਜੁਗਤਿ[8] ਬਿਹਾਨੇ[9] ਕਈ ਜਨਮ ॥
ਨਾਨਕ ਰਾਖਿਲੇਹੁ ਆਪਨ ਕਰਿ ਕਰਮ[10] ॥੭॥

ਵੈਰ ਵਿਰੋਧ ਕਾਮ ਗੁਸਾ ਤੇ ਦੁਨੀਆਂ ਦੇ ਮੋਹ ਝੂਠ ਮੰਦੇ ਕੰਮ ਭਾਰੀ ਲਾਲਚ ਤੇ ਠਗੀ। ਇਸ ਤਰ੍ਹਾਂ ਦੇ ਕੰਮ ਕਰ ਕੇ ਇਸ ਦੇ ਕਈ ਜਨਮ ਬੀਤ ਗਏ ਹਨ। ਸ੍ਰੀ ਗੁਰੂ ਜੀ ਆਖਦੇ ਹਨ ਹੇ ਪ੍ਰਭੂ ਜੀ! ਤੁਸੀਂ ਆਪ ਦੀ ਮੇਹਰ ਦੁਆਰਾ ਇਸ ਮਨੁਖ ਨੂੰ ਬਚਾ ਲਵੋ।

---

1 ਪੱਕਾ। 2 ਯਕੀਨ। 3 ਮੌਤ। 4 ਦੁਸ਼ਮਨੀ। 5 ਗੁਸਾ। 6 ਠਗੀ। 7 ਮੰਦੇ ਕੰਮ। 8 ਤਰੀਕਾ। 9 ਗੁਜ਼ਰ ਗਏਹਨ। 10 ਮੇਹਰ।



Digitized by Panjab Digital Library | www.panjabdigilib.org

ਤੂ ਠਾਕੁਰੁ[1] ਤੁਮ ਪਹਿ ਅਰਦਾਸਿ ॥
ਜੀਉ ਪਿੰਡੁ[2] ਸਭੁ ਤੇਰੀ ਰਾਸਿ[3] ॥
ਤੁਮ ਮਾਤ ਪਿਤਾ ਹਮ ਬਾਰਿਕ[4] ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥

ਹੇ ਪ੍ਰਭੂ ! ਤੂੰ ਸਾਡਾ ਮਾਲਕ ਹੈਂ ਤੇ ਅਸੀਂ ਤੇਰੇ ਅਗੇ ਇਹ ਹੀ ਅਰਜ਼ ਕਰਦੇ ਹਾਂ ਸਿਰ ਜਿੰਦ ਤੇ ਸ਼ਰੀਰ ਤੇਰੀ ਹੀ ਬਖਸ਼ਿਸ਼ ਹੈ ।

ਹੇ ਪ੍ਰਭੂ ! ਤੂੰ ਸਾਡਾ ਮਾਤਾ ਪਿਤਾ ਹੈ ਤੇ ਅਸੀਂ ਤੇਰੇ ਬਚੇ ਹਾਂ । ਤੇਰੀ ਮੇਹਰ ਦੀ ਨਜ਼ਰ ਰਹੇ ਤਾਂ ਸਾਨੂੰ ਬੜੇ ਸੁਖ ਮਿਲਦੇ ਹਨ ।

ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ[5] ॥

ਹੇ ਪ੍ਰਭੂ ! ਤੇਰਾ ਕੋਈ ਵੀ ਅੰਤ ਨਹੀਂ ਪਾ ਸਕਦਾ, ਕਿਉਂ ਜੋ ਤੂੰ ਸਭ ਤੋਂ ਉਚਾ ਭਗਵਾਨ ਹੈ ।

ਸਗਲ ਸਮਗ੍ਰੀ ਤੁਮਰੈ ਸੂਤ੍ਰਿ[6] ਧਾਰੀ ॥
ਤੁਮ ਤੇ ਹੋਇ ਸੁ ਆਗਿਆ[7] ਕਾਰੀ ॥

ਇਹ ਸਾਰੀ ਦੁਨੀਆਂ ਤੇਰੇ ਹੁਕਮ ਦੇ ਮੁਤਾਬਿਕ ਟਿਕੀ ਹੋਈ ਹੈ, ਤੇ ਇਹ ਤੇਰੀ ਬਨਾਈ ਹੋਈ ਦੁਨੀਆਂ ਤੇਰੇ ਹੁਕਮ ਦੇ ਅਨੁਸਾਰ ਚਲ ਰਹੀ ਹੈ ।

---

1 ਮਾਲਿਕ । 2 ਪਿੰਡਾ, ਜਿਸਮ । 3 ਪੂੰਜੀ, ਬਖ਼ਸ਼ਿਸ਼ । 4 ਬਾਲ । 5 ਭਗਵਾਨ । 6 ਮਰਯਾਦਾ, ਹੁਕਮ । 7 ਹੁਕਮ ਨੂੰ ਮੰਨਣਾ ।



Digitized by Panjab Digital Library | www.panjabdigilib.org

ਤੁਮਰੀ ਗਤਿ [1] ਮਿਤਿ [2] ਤੁਮ ਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ [3] ॥੮॥

ਹੇ ਪ੍ਰਭੂ ਤੂੰ ਕਿਸ ਤਰ੍ਹਾਂ ਦਾ ਹੈ ਤੇ ਤੂੰ ਕੇਡਾ ਹੈ, ਇਹ ਤੂੰ ਆਪ ਹੀ ਜਾਂਨ। ਸ੍ਰੀ ਗੁਰੂ ਜੀ ਆਖਦੇ ਹਨ ਤੇਰੇ ਸੇਵਕ ਤੈਥੋਂ ਸਦਾ ਬਲਿਹਾਰ ਜਾਂਦੇ ਹਨ ॥

---

1 ਹਾਲਤ। 2 ਅੰਦਾਜ਼ਾ। 3 ਬਲਿਹਾਰੀ।



Digitized by Panjab Digital Library | www.panjabdigilib.org

## ਸਲੋਕੁ

ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ [1] ਸੁਆਇ [2] ॥
ਨਾਨਕ ਕਹੂ [3] ਨ ਸੀਝਈ [4] ਬਿਨੁ ਨਾਵੈ ਪਤਿ ਜਾਇ ॥

ਹੇ ਮਨੁਖ ! ਸਾਰੇ ਪਦਾਰਥਾਂ ਦੇ ਬਖਸ਼ਨ ਵਾਲੇ ਪ੍ਰਮਾਤਮਾਂ ਨੂੰ ਛੋੜ ਕੈ ਤੂੰ ਹੋਰਨਾਂ ਕੰਮਾਂ ਵਿਚ ਲਗਾ ਹੋਇਆ ਹੈਂ, ਸ੍ਰੀਗੁਰੂ ਜੀ ਆਖਦੇ ਹਨ ਤੂੰ ਇਸ ਤਰ੍ਹਾਂ ਕਦੀ ਕਾਮਯਾਬ ਨਹੀਂ ਹੋਵੇਂਗਾ ਤੇ ਬਗ਼ੈਰ ਨਾਮ ਲੈਣ ਦੇ ਤੂੰ ਜਿਤਨੇ ਕੰਮ ਕਰ ਰਿਹਾ ਹੈਂ, ਤੂੰ ਉਸ ਵਿਚ ਆਪਣੀ ਇਜ਼ਤ ਭੀ ਗਵਾ ਬੈਠੇਂਗਾ।

ਅਸਟਪਦੀ

ਦਸ ਬਸਤੂ [5] ਲੇ ਪਛੈ ਪਾਵੈ ॥
ਏਕ ਬਸਤੁ ਕਾਰਨਿ ਬਿਖੋਟਿ [6] ਗਵਾਵੈ ॥

ਇਨਸਾਨ ਪ੍ਰਭੂ ਤੋਂ ਦਸ ਚੀਜ਼ਾਂ ਲੈਕੇ ਸਾਂਭ ਲੈਂਦਾ ਹੈ, ਤੇ ਉਸਦਾ ਸ਼ੁਕਰੀਆ ਨਹੀਂ ਕਰਦਾ, ਪਰ ਜੇਕਰ ਇਕ ਚੀਜ਼ ਨ ਮਿਲੇ ਤਾਂ ਉਸ ਦਾ ਗਿਲਾ ਕਰਕੇ ਆਪਣਾ ਇਤਬਾਰ ਗਵਾ ਲੈਂਦਾ ਹੈ।

ਏਕ ਭੀ ਨ ਦੇਇ ਦਸ ਭੀ ਹਿਰਿ [7] ਲੇਇ ॥
ਤਉ ਮੂੜਾ [8] ਕਹੁ ਕਹਾ ਕਰੇਇ ॥

ਜੇ ਪ੍ਰਭੂ ਇਕ ਚੀਜ਼ ਭੀ ਨ ਦੇਵੇ ਤੇ ਦਸ ਦਿਤੀਆਂ ਹੋਈਆਂ ਭੀ ਖੋਹ ਲਵੇ ਤਾਂ ਦਸੋ ਇਹ ਮੂਰਖ ਕੀ ਕਰ ਸਕਦਾ ਹੈ ?

---

1 ਹੋਰ। 2 ਸਵਾਦ, ਕੰਮ। 3 ਕਦੇ। 4 ਕਾਮਯਾਬ। 5 ਚੀਜ਼ਾਂ। 6 ਇਤਬਾਰ। 7 ਖੋਹ। 8 ਮੂਰਖ।



Digitized by Panjab Digital Library | www.panjabdigilib.org

ਜਿਸੁ ਠਾਕੁਰ ਸਿਉ ਨਾਹੀ ਚਾਰਾ [1] ॥
ਤਾ ਕਉ ਕੀਜੈ ਸਦ [2] ਨਮਸਕਾਰਾ ॥

ਜਿਸ ਮਾਲਕ ਨਾਲ ਜ਼ੋਰ ਨਹੀਂ ਤੇ ਪੇਸ਼ ਨਹੀਂ ਜਾਂਦੀ ਉਸ ਮਾਲਕ ਦੇ ਅਗੇ ਸਦਾ ਸਿਰ ਝੁਕਾਉ ।

ਜਾਕੈ ਮਨਿ ਲਾਗਾ ਪ੍ਰਭੁ ਮੀਠਾ ॥
ਸਰਬ ਸੂਖ ਤਾਹੂ ਮਨਿ ਵੂਠਾ [3] ॥

ਜਿਸ ਇਨਸਾਂਨ ਦੇ ਦਿਲ ਵਿਚ ਪ੍ਰਭੂ ਦਾ ਨਾਮ ਪਿਆਰਾ ਲਗਦਾ ਹੈ, ਉਸ ਦੇ ਦਿਲ ਵਿਚ ਸਾਰੇ ਸੁਖ ਆ ਵਸਦੇ ਹਨ ।

ਜਿਸੁ ਜਨ ਅਪਨਾ ਹੁਕਮੁ ਮਨਾਇਆ ॥
ਸਰਬ ਥੋਕ [4] ਨਾਨਕ ਤਿਨਿ ਪਾਇਅ ॥ ੧॥

ਸ੍ਰੀ ਗੁਰੂ ਜੀ ਆਖਦੇ ਹਨ, ਜਿਸ ਇਨਸਾਂਨ ਨੂੰ ਹੁਕਮ ਮਨਣ ਦੀ ਸ਼ਕਤੀ ਦੇ ਦੇਂਦਾ ਹੈ ਦੁਨੀਆਂ ਦੇ ਸਾਰੇ ਪਦਾਰਥ ਉਸ ਜੀਵ ਨੂੰ ਮਿਲ ਜਾਂਦੇ ਹਨ ।

ਅਗਨਤ [5] ਸਾਹੁ [6] ਅਪਨੀ ਦੇ ਰਾਸਿ [7] ॥
ਖਾਤ ਪੀਤ ਬਰਤੈ ਅਨਦ ਉਲਾਸਿ [8] ॥

ਈਸ਼ਵਰ ਸ਼ਾਹ ਨੇ ਬੇਸ਼ੁਮਾਰ ਪਦਾਰਥ ਆਪਨੀ ਪੂੰਜੀ ਵਿਚੋਂ ਜੀਵ ਨੂੰ ਦਿਤੇ ਹਨ, ਇਨਸਾਂਨ ਖਾਂਦਾ ਹੈ ਪੀਂਦਾ ਹੈ, ਵਰਤਦਾ ਹੈ ਤੇ ਖ਼ੁਸ਼ ਹੁੰਦਾ ਤੇ ਆਨੰਦ ਮਾਂਨਦਾ ਹੈ ।

---

1 ਜ਼ੋਰ । 2 ਸਦਾ, ਹਮੇਸ਼ਾਂ । 3 ਵਸਿਆ । 4 ਪਦਾਰਥ । 5 ਅਨਗਿਨਤ । 6 ਬਾਦਸ਼ਾਹ, ਪ੍ਰਭੂ । 7 ਪੂੰਜੀ । 8 ਖੁਸ਼ੀ ।



Digitized by Panjab Digital Library | www.panjabdigilib.org

ਅਪੁਨੀ ਅਮਾਨ ਕਛੁ ਬਹੁਰਿ [1] ਸਾਹੁ ਲੇਇ ॥
ਅਗਿਆਨੀ ਮਨਿ ਰੋਸੁ [2] ਕਰੇਇ ॥

ਜਦ ਪ੍ਰਭੂ ਆਪਨੀ ਕੋਈ ਅਮਾਨਤ ਵਾਪਸ ਲੈ ਲੈਂਦਾ ਹੈ ਤਾਂ ਇਹ ਅਗਿਆਨੀ ਪੁਰਖ ਉਸ ਸ਼ਾਹ ਪਾਤਸ਼ਾਹ ਪ੍ਰਭੂ ਨਾਲ ਰੋਸਾ ਜਾਂ ਗੁਸਾ ਕਰਦਾ।

ਅਪਨੀ ਪਰਤੀਤਿ [3] ਆਪ ਹੀ ਖੋਵੈ ॥
ਬਹੁਰਿ [4] ਉਸ ਕਾ ਬਿਸ੍ਵਾਸੁ [5] ਨ ਹੋਵੈ ॥

ਇਸ ਤਰ੍ਹਾਂ ਕਰਕੇ ਇਹ ਜੀਵ ਆਪਨਾ ਇਤਬਾਰ ਗਵਾ ਲੈਂਦਾ ਹੈ, ਤੇ ਮੁੜ ਇਸ ਦਾ ਵਿਸਾਹ ਨਹੀਂ ਕੀਤਾ ਜਾਂਦਾ।

ਜਿਸ ਕੀ ਬਸਤੁ ਤਿਸੁ ਆਗੈ ਰਾਖੈ॥
ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸ ਤੇ ਚਉਗੁਨ ਕਰੈ ਨਿਹਾਲੁ ॥
ਨਾਨਕ ਸਾਹਿਬੁ ਸਦਾ ਦਇਆਲੁ ॥ ੨ ॥

ਜ ਇਨਸਾਨ ਉਸ ਪ੍ਰਭੂ ਦੀ ਦਿਤੀ ਹੋਈ ਦਾਤ ਉਸ ਦੇ ਅਗੇ ਖ਼ੁਸ਼ ਹੋ ਕੇ ਆਪ ਹੀ ਧਰ ਦੇਵੇ ਤੇ ਪ੍ਰਭੂ ਦਾ ਹੁਕਮ, ਜੇ ਕਰ ਕੋਈ ਚੀਜ਼ ਖ਼ੁਸ਼ ਭੀ ਜਾਵੇ, ਸਿਰ ਮਥੇ ਤੇ ਖ਼ੁਸ਼ ਹੋ ਕੇ ਮਨ ਲਵੇ ਤਾਂ ਪ੍ਰਭੂ ਖ਼ੁਸ਼ ਹੋ ਕੇ ਉਸ ਤੋਂ ਚੌਗਨੀ ਉਸ ਤੇ ਬਖ਼ਸ਼ਿਸ਼ ਕਰਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਮਾਲਿਕ ਸਦਾ ਦਿਆਲੂ ਹੈ

---

1 ਫੇਰ। 2 ਰੋਸਾ, ਗੁਸਾ। 3 ਇਤਬਾਰ। 4 ਮੁੜ। 5 ਵਿਸਾਹ, ਯਕੀਨ।



Digitized by Panjab Digital Library | www.panjabdigilib.org

ਅਨਿਕ[1] ਭਾਤਿ[2] ਮਾਇਆ ਕੇ ਹੇਤ[3] ॥
ਸਰਪਰ[4] ਹੋਵਤ ਜਾਨੁ[5] ਅਨੇਤ[6] ॥

ਮਾਇਆ ਦੇ ਪਿਆਰ ਅਨੇਕਾਂ ਕਿਸਮਾਂ ਦੇ ਹਨ ਤੇ ਇਹ ਸੋਹਣੇ ਸਰੂਪ ਮਨੁਖ ਦੇ ਮਨ ਨੂੰ ਮੋਹਿੰਦੇ ਹਨ, ਪਰ ਇਹ ਯਕੀਨੀ ਗਲ ਹੈ ਕਿ ਇਹ ਨਾਸ਼ ਹੋ ਜਾਣ ਵਾਲੇ ਹਨ।

ਬਿਰਖ[7] ਕੀ ਛਾਇਆ ਸਿਉ ਰੰਗੁ[8] ਲਾਵੈ॥
ਓਹ ਬਿਨਸੈ[9] ਉਹੁ ਮਨਿ ਪਛੁਤਾਵੈ ॥

ਜੇ ਕੋਈ ਆਦਮੀ ਦਰਖਤ ਦੀ ਛਾਂ ਨਾਲ ਪਿਆਰ ਪਾ ਲੈ। ਉਹ ਛਾਂ ਚਲੀ ਜਾਂਦੀ ਹੈ ਤੇ ਛਾਂ ਨਾਲ ਪਿਆਰ ਕਰਨ ਵਾਲਾ ਆਦਮੀ ਦਿਲ ਵਿਚ ਪਛੁਤਾਂਦਾ ਹੈ, ਕਿ ਮੈਂ ਕਿਨੀ ਬੇਫ਼ਕੂਫੀ ਕਰ ਬੈਠਾਂ ਹਾਂ।

ਜੋ ਦੀਸੈ ਸੋ ਚਾਲਨਹਾਰੁ ॥
ਲਪਟਿ ਰਹਿਓ ਤਹ ਅੰਧ ਅੰਧਾਰੁ[10] ।

ਜੋ ਕੁਛ ਇਸ ਸੰਸਾਰ ਵਿਚ ਨਜ਼ਰ ਆ ਰਿਹਾ ਹੈ ਇਹ ਸਭ ਕੁਛ ਨਾਸ਼ ਹੋ ਜਾਣ ਵਾਲਾ ਹੈ ਹੇ ਜੀਵ ਤੂੰ ਵਡਾ ਬੇਵਕੂਫ ਹੈਂ ਜੋ ਇਸ ਸੰਸਾਰ ਨੂੰ ਜਫਾ ਮਾਰੀ ਬੈਠਾ ਹੈ।

ਬਟਾਊ[11] ਸਿਉ ਜੋ ਲਾਵੈ ਨੇਹ[12] ॥
ਤਾ ਕਉ ਹਾਥਿ ਨ ਆਵੈ ਕੇਹ ॥

ਜੋ ਕੋਈ ਰਾਹ ਜਾਂਦੇ ਮੁਸਾਫ਼ਰ ਨਾਲ ਪਿਆਰ ਪਾ ਲੈਂਦਾ ਹੈ, ਉਸ ਦੇ ਹਥ ਪਲੇ ਕੁਛ ਨਹੀਂ ਪੈਂਦਾ।

---

1 ਤਰ੍ਹਾਂ ਤਰ੍ਹਾਂ ਦੇ। 2 ਕਿਸਮ। 3 ਪਿਆਰ। 4 ਜ਼ਰੂਰ, ਅੰਤ ਵਚ। 5 ਜਾਣੋਂ, ਸਮਝੋ 6 ਨਾ ਰਹਿਨ ਵਾਲੇ। 7 ਦਰਖ਼ਤ। 8 ਪਿਆਰ। 9 ਨਾਸ ਹੋਣਾ। 10 ਅੰਨ੍ਹਿਆਂ ਦਾ ਅੰਨ੍ਹਾਂ। ਵਡਾ ਬੇਵਕੂਫ਼। 11 ਰਾਹੀ, ਮੁਸਾਫ਼ਿਰ। 12 ਪਿਆਰ।



Digitized by Panjab Digital Library | www.panjabdigilib.org

ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥
ਕਰਿ ਕਿਰਪਾ ਨਾਨਕ ਆਪਿ ਲਏ ਲਾਈ॥ ੩ ॥

ਹੇ ਮਨ ! ਪ੍ਰਭੂ ਦੇ ਨਾਂ ਦਾ ਪਿਆਰ ਹੀ ਅਸਲੀ ਸੁਖ ਦੇਣ ਵਾਲਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਕਿ ਇਹ ਨਾਮ ਦਾ ਪਿਆਰ ਉਦੋਂ ਹੀ ਮਿਲਦਾ ਹੈ ਜਦ ਪ੍ਰਭੂ ਆਪ ਕਿਰਪਾ ਕਰੇ ਤੇ ਨਾਮ ਦੇ ਵਿਚ ਰੰਗ ਦੇਵੇ।

ਮਿਥਿਆ[1] ਤਨੁ ਧਨੁ ਕੁਟੰਬੁ[2] ਸਬਾਇਆ[3] ॥
ਮਿਥਿਆ ਹਉਮੈ[4] ਮਮਤਾ[5] ਮਾਇਆ ॥

ਇਹ ਜਿਸਮ, ਮਾਲ ਦੌਲਤ ਤੇ ਪਰਵਾਰ ਕੁਛ ਵੀ ਕਾਇਮ ਰਹਿਣ ਵਾਲਾ ਨਹੀਂ ਤੇ ਇਸ ਮਾਇਆ ਦੀ ਮਾਲਕੀ ਦਾ ਵਡਪਨ ਭੀ ਝੂਠਾ ਹੈ।

ਮਿਥਿਆ ਰਾਜ ਜੋਬਨ ਧਨ ਮਾਲ ॥
ਮਿਥਿਆ ਕਾਮ ਕ੍ਰੋਧ ਬਿਕਰਾਲ[6] ॥

ਰਾਜ, ਜਵਾਨੀ, ਧੰਨ ਤੇ ਮਾਲ ਇਹ ਸਭ ਨਾਸ਼ ਹੋ ਜਾਨ ਵਾਲੀ ਚੀਜ਼ਾਂ ਹਨ। ਕਾਂਮ ਤੇ ਭਿਆਨਕ ਕ੍ਰੋਧ ਭੀ ਝੂਠੇ ਹਨ।

ਮਿਥਿਆ ਰਥ ਹਸਤੀ[7] ਅਸ੍ਵ[8] ਬਸਤ੍ਰਾ[9] ॥
ਮਿਥਿਆ ਰੰਗ ਸੰਗਿ[10] ਮਾਇਆ ਪੇਖਿ[11] ਹਸਤਾ॥

ਰਥ, ਹਾਥੀ, ਘੋੜੇ ਤੇ ਸੁਹਣੀਆਂ ਪੁਸ਼ਾਕਾਂ ਨਾਸ਼ ਹੋ ਜਾਣ

---

1 ਦਿਖਾਵੇ ਮਾਤ੍ਰ, ਝੂਠਾ। 2 ਪਰਵਾਰ। 3 ਸਾਰਾ 4 ਹੰਕਾਰ। 5 ਪਿਆਰ। 6 ਭਿਆਨਕ। 7 ਹਾਥੀ। 8 ਘੋੜੇ 9 ਕਪੜੇ 10 ਖੁਸ਼ ਹੋਕੇ। 11 ਵੇਖ ਕੇ।



Digitized by Panjab Digital Library | www.panjabdigilib.org

ਵਾਲੀਆਂ ਚੀਜ਼ਾਂ ਹਨ । ਮਾਇਆ ਨਾਲ ਪ੍ਰੇਮ ਪਾਕੇ ਖ਼ੁਸ਼ ਹੋਣਾ ਇਹ ਭੀ ਝੂਠਾ ਹੈ ।

ਮਿਥਿਆ ਧ੍ਰੋਹ [1] ਮੋਹ ਅਭਿਮਾਨੁ ॥
ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥

ਦਗ਼ਾ, ਦੁਨਿਆਵੀ ਪਿਆਰ ਤੇ ਤਕੱਬਰ ਇਹ ਸਭ ਕੁਝ ਝੂਠ ਹੈ ਤੇ ਆਪਣੇ ਆਪ ਉਤੇ ਮਾਨ ਕਰਨਾਂ ਭੀ ਝੂਠ ਹੈ ।

ਅਸਥਿਰੁ [2] ਭਗਤਿ [3] ਸਾਧ ਕੀ ਸਰਨ ॥
ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥੪॥

ਸਾਧ ਸੰਗਤ ਦਾ ਆਸਰਾ ਲੈ ਕੇ ਰਬ ਦਾ ਨਾਂ ਲੈਣਾ ਹੀ ਸਦਾ ਕਾਇਮ ਰਹਿਣ ਵਾਲੀ ਵਸਤੂ ਹੈ । ਸ੍ਰੀ ਗੁਰੂ ਜੀ ਆਖਦੇ ਹਨ ਕਿ ਅਸੀਂ ਹਰੀ ਦੇ ਚਰਨਾਂ ਦਾ ਜਾਪ ਕਰਕੇ ਹੀ, ਅਸਲੀ ਜੀਵਨ ਜੀ ਸਕਦੇ ਹਾਂ ।

ਮਿਥਿਆ ਸ੍ਰਵਨ [4] ਪਰਨਿੰਦਾ [5] ਸੁਨਹਿ ॥
ਮਿਥਿਆ ਹਸਤ [6] ਪਰ ਦਰਬ [7] ਕਉ ਹਿਰਹਿ [8] ॥

ਉਹ ਕੰਨ ਵਿਅਰਥ ਜਾਂ ਝੂਠੇ ਹਨ ਜੋ ਦੂਜਿਆਂ ਦੀ ਨਿੰਦਾ ਸੁਣਦੇ ਹਨ । ਉਹ ਹਥ ਜੋ ਦੂਜਿਆਂ ਦਾ ਧੰਨ ਚੁਰਾਂਦੇ ਹਨ ਉਹ ਭੀ ਵਿਅਰਥ ਹਨ ।

ਮਿਥਿਆ ਨੇਤ੍ਰ [9] ਪੇਖਤ [10] ਪਰ ਤ੍ਰਿਅ [11] ਰੂਪਾਦ[12]॥
ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥

---

1 ਦਗ਼ਾ । 2 ਸਦਾ ਕਾਇਮ ਰਹਿਨ ਵਾਲੀ । 3 ਭਜਨ; ਬੰਦਗੀ । 4 ਕੰਨ। 5 ਪ੍ਰਾਈ ਨਿੰਦਾ । 6 ਹਥ । 7 ਧੰਨ । 8 ਚੁਰਾਣਾ । 9 ਅਖਾਂ । । 10 ਵੇਖਨ । 11 ਇਸਤ੍ਰੀ । 12 ਖੂਬਸੂਰਤੀ ।



Digitized by Panjab Digital Library | www.panjabdigilib.org

ਅਖਾਂ ਜੋ ਪਰਾਈ ਇਸਤ੍ਰੀ ਦਾ ਰੂਪ ਤਕਦੀਆਂ ਹਨ ਉਹ ਵਿਅਰਥ ਹਨ, ਉਹ ਜੀਭ ਜੋ ਲਜ਼ੀਜ਼ ਖਾਨਿਆਂ ਦਾ ਹੀ ਸਵਾਦ ਲੈਂਦੀ ਹੈ ਤੇ ਪ੍ਰਭੂ ਦਾ ਨਾਮ ਨਹੀਂ ਲੈਂਦੀ, ਉਹ ਭੀ ਵਿਅਰਥ ਹੈ।

ਮਿਥਿਆ ਚਰਨ ਪਰ ਬਿਕਾਰ[1] ਕਉ ਧਾਵਹਿ ॥
ਮਿਥਿਆ ਮਨ ਪਰ ਲੋਭੁ ਲੁਭਾਵਹਿ ॥

ਉਹ ਪੈਰ ਵਿਅਰਥ ਹਨ ਜੋ ਪਰਾਏ ਨੁਕਸਾਨ ਵਾਸਤੇ ਦੌੜੇ ਫਿਰਦੇ ਹਨ। ਉਹ ਮਨ ਵੀ ਵਿਅਰਥ ਹੈ ਜੋ ਦੂਸਰਿਆਂ ਦੇ ਧੰਨ ਦਾ ਲਾਲਚ ਕਰਦਾ ਹੈ।

ਮਿਥਿਆ ਤਨ ਨਹੀ ਪਰਉਪਕਾਰਾ[2] ॥
ਮਿਥਿਆ ਬਾਸੁ[3] ਲੇਤ ਬਿਕਾਰਾ ॥

ਏਹੋ ਜੇਹਾ ਤਨ ਜੋ ਕਿਸੇ ਤੇ ਭਲਾਈ ਨਾ ਕਰੇ ਉਹ ਭੀ ਵਿਅਰਥ ਹੈ। ਵਿਕਾਰਾਂ ਦੀ ਸੁੰਗਨ ਵਾਲੀ ਨਕ ਭੀ ਝੂਠੀ ਹੈ।

ਬਿਨ ਬੂਝੇ ਮਿਥਿਆ ਸਭ ਭਏ ॥
ਸਫਲ ਦੇਹ[4] ਨਾਨਕ ਹਰਿ ਹਰਿ ਨਾਮੁ ਲਏ॥੫॥

ਬਗ਼ੈਰ ਹਰੀ ਦਾ ਨਾਂ ਲੈਣ ਦੇ ਸਭ ਕੁਛ ਝੂਠਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਕਿ ਉਹ ਸਰੀਰ ਜੋ ਹਰੀ ਦਾ ਨਾਂ ਲੈਂਦਾ ਹ ਉਹੀ ਸਫ਼ਲ ਹੈ।

ਬਿਰਥੀ[5] ਸਾਕਤ[6] ਕੀ ਆਰਜਾ[7] ॥
ਸਾਚ ਬਿਨਾ ਕਹ ਹੋਵਤ ਸੂਚਾ ॥

---

1 ਵਿਗਾੜ। 2 ਦੂਜਿਆਂ ਦੀ ਭਲਾਈ। 3 ਨਾਸ, ਨਕ। 4 ਸਰੀਰ। 5 ਵਿਅਰਥ। 6 ਮਾਇਆ ਦਾ ਪਿਆਰਾ। 7 ਉਮਰ।



Digitized by Panjab Digital Library | www.panjabdigilib.org

ਪ–੬

ਰਬ ਤੂੰ ਬੇਮੁਖ ਹੋਏ ਮਾਇਆ ਧਾਰੀ ਦਾ ਜੀਵਨ ਤੇ ਉਸ ਦੀ ਉਮਰ ਬੇਫੈਦਾ ਹੈ, ਕਿਉ ਜੋ ਸਚੇ ਪ੍ਰਭੂ ਦੇ ਨਾਮ ਦੇ ਬਿਨਾਂ ਕੋਈ ਕਿਵੇਂ ਸਚਾ ਹੋ ਸਕਦਾ ਹੈ।

ਬਿਰਥਾ ਨਾਮ ਬਿਨਾ ਤਨੁ[1] ਅੰਧ[2] ॥
ਮੁਖਿ ਆਵਤ ਤਾ ਕੈ ਦੁਰਗੰਧ[3] ॥

ਨਾਮ ਤੋਂ ਬਗ਼ੈਰ ਅੰਨ੍ਹੇ ਜੀਵ ਦਾ ਸਰੀਰ ਕਿਸੇ ਲਾਭ ਦਾ ਨਹੀਂ ਕਿਉਂ ਜੋ ਉਸ ਦੇ ਮੂੰਹ ਵਿਚੋਂ ਨਿੰਦਾ ਵਗ਼ੈਰਾ ਦੀ ਬਦਬੂ ਆਂਦੀ ਹੈ।

ਬਿਨੁ ਸਿਮਰਨ ਦਿਨੁ ਰੈਨਿ[4] ਬ੍ਰਿਥਾ ਬਿਹਾਇ[5] ॥
ਮੇਘ[6] ਬਿਨਾ ਜਿਉ ਖੇਤੀ ਜਾਇ ॥

ਜਿਸ ਤਰ੍ਹਾਂ ਬਾਰਿਸ਼ ਤੋਂ ਬਗ਼ੈਰ ਖੇਤੀ ਸੁਕ ਜਾਂਦੀ ਹੈ, ਇਸੇ ਤਰ੍ਹਾਂ ਮਾਇਆ ਧਾਰੀ ਦਾ ਦਿਨ ਤੇ ਰਾਤ ਬਗ਼ੈਰ ਰਬ ਦਾ ਨਾਂ ਲਏ ਦੇ ਬੇਫਾਇਦਾ ਗੁਜ਼ਰ ਜਾਂਦਾ ਹੈ।

ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ॥
ਜਿਉ ਕਿਰਪਨ[7] ਕੇ ਨਿਰਾਰਥ[8] ਦਾਮ[9] ॥

ਪ੍ਰਭੂ ਦੇ ਭਜਨ ਤੋਂ ਖ਼ਾਲੀ ਮਨੁਖਦੇ ਸਾਰੇ ਕੰਮ ਕਿਸੇ ਅਰਥ ਨਹੀਂ ਜਿਸ ਤਰ੍ਹਾਂ ਕੰਜੂਸ ਦੇ ਲਈ ਉਸ ਦਾ ਧੰਨ ਕਿਸੇ ਕੰਮ ਨਹੀਂ ਆਂਦਾ। ਉਹ ਧੰਨ ਜੋੜ ੨ ਕੇ ਮਰ ਜਾਂਦਾ ਹੈ ਤੇ ਉਸ ਦੇ ਰਿਸ਼ਤੇਦਾਰ ਉਸ ਧੰਨ ਨੂੰ ਵਰਤਦੇ ਹਨ।

1 ਜਿਸਮ। 2 ਅੰਧਾ। 3 ਬਦਬੂ। 4 ਰਾਤ। 5 ਗੁਜ਼ਰ ਜਾਂਦ ਹੈ। 6 ਬਦਲ। 7 ਕੰਜੂਸ। ਬੇਫੈਦਾ। 9 ਪੈਸੇ, ਧੰਨ।



Digitized by Panjab Digital Library | www.panjabdigilib.org

ਧੰਨਿ ਧੰਨਿ ਤੇ ਜਨਜਿਹ ਘਟਿ [1] ਬਸਿਓ ਹਰਿ ਨਾਉ ॥
ਨਾਨਕ ਤਾ ਕੈ ਬਲਿ ਬਲਿ ਜਾਉ ॥੬॥

ਉਹ ਮਨੁਖ ਧੰਨ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ।

ਰਹਤ [2] ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥

ਇਹ ਜੀਵ ਬਾਹਰ ਵਿਖਾਲੇ ਦੇ ਵਾਸਤੇ ਕੁਛ ਹੋਰ ਬਨਿਆ ਹੋਇਆ ਹੈ ਤੇ ਅੰਦਰੋ ਅਸਲੀ ਕੰਮ ਕੁਛ ਹੋਰ ਹੀ ਕਰਦਾ ਹੈ। ਦਿਲੋ ਤਾ ਰਬ ਦੇ ਨਾਲ ਮਹਬਤ ਹੈ ਨਹੀ, ਤੇ ਮੂੰਹ ਨਾਲ ਡੀਂਗਾਂ ਮਾਰਦਾ ਹੈ ਕਿ ਮਰਾ ਪ੍ਰਭੂ ਨਾਲ ਬੜਾ ਪਿਆਰ ਹੈ।

ਜਾਨਨਹਾਰ ਪ੍ਰਭੂ ਪਰਬੀਨ [3] ॥
ਬਾਹਰਿ ਭੇਖ ਨ ਕਾਹੂ ਭੀਨ [4] ॥

ਉਹ ਪ੍ਰਭੂ ਬੜਾ ਸਿਆਨਾ ਤੇ ਚਤ੍ਰ ਹੈ, ਤੇ ਉਹ ਸਭ ਕੁਛ ਜਾਣਦਾ ਹੈ।, ਉਹ ਬਾਹਰਲੇ ਬਣੇ ਹੋਏ ਭੇਸ ਵੇਖ ਕੇ ਕਦੀ ਪ੍ਰਸੰਨ ਨਹੀਂ ਹੁੰਦਾ।

ਅਵਰ ਉਪਦੇਸੈ ਆਪ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥

ਹੋਰਨਾਂ ਨੂੰ ਇਹ ਜੀਵ ਨਸੀਹਤ ਕਰਦਾ ਹੈ ਤੇ ਮਤ ਦੇਂਦਾ ਹੈ

---

1 ਦਿਲ ਜਾਂ ਹਿਰਦਾਂ। 2 ਧਰਮ ਦੇ ਬਾਹਰਲੇ ਧਾਰੇ ਹੋਏ ਪ੍ਰਨੀਸ਼ਾਨ। 3 ਸਿਆਨਾਂ, ਚਤ੍ਰ, ਦਿਲ ਦੀ ਜਾਨਣ ਵਾਲਾ। 4 ਭਿਜਦਾ ਸੰਨ ਹੁੰਦਾ।



Digitized by Panjab Digital Library | www.panjabdigilib.org

ਪਰ ਆਪ ਉਸ ਤੇ ਅਮਲ ਨਹੀਂ ਕਰਦਾ। ਐਸਾ ਮਨੁਖ ਆਵਾ ਗਵਨ ਦੇ ਗੇੜ ਵਿਚ ਜੰਮਦਾ ਤੇ ਮਰਦਾ ਰਹੇਗਾ।

ਜਿਸ ਕੈ ਅੰਤਰਿ[1] ਬਸੈ ਨਿਰੰਕਾਰੁ ॥
ਤਿਸ ਕੀ ਸੀਖ[2] ਤਰੈ ਸੰਸਾਰ ॥

ਜਿਸ ਮਨੁਖ ਦੇ ਮਨ ਵਿਚ ਪ੍ਰਭੂ ਵਸਦਾ ਹੈ, ਜੋ ਪ੍ਰਭੂ ਨਾਲ ਦਿਲੋਂ ਪਿਆਰ ਕਰਦਾ ਹੈ, ਉਸ ਦਾ ਉਪਦੇਸ਼ ਸੁਣ ਕੇ ਸਾਰੀ ਦੁਨੀਆਂ ਤਰ ਜਾਂਦੀ ਹੈ।

ਜੋ ਤੁਮ ਭਾਨੇ[3] ਤਿਨ ਪ੍ਰਭੁ ਜਾਤਾ[4] ॥
ਨਾਨਕ ਉਨ ਜਨ ਚਰਨ ਪਰਾਤਾ[5] ॥ ੭ ॥

ਹੇ ਪ੍ਰਭੂ! ਜੋ ਤੇਰੇ ਹੁਕਮ ਵਿਚ ਚਲਦੇ ਹਨ, ਉਹ ਤੈਨੂੰ ਪਛਾਣਦੇ ਹਨ ਸ੍ਰੀ ਗੁਰੂ ਜੀ ਆਖਦੇ ਹਨ ਕਿ ਮੈਂ ਇਹੋ ਜੇਹੇ ਸੰਤਾਂ ਦੇ ਚਰਨੀਂ ਪੈਂਦਾ ਹਾਂ।

ਕਰਉ ਬੇਨਤੀ ਪਾਰ ਬ੍ਰਹਮ ਸਭੁ ਜਾਨੈ ॥
ਅਪਨਾ ਕੀਆ ਆਪਹਿ ਮਾਨੈ[6] ॥

ਜੋ ਕੁਛ ਹੀ ਅਰਜੋਈ ਮੈਂ ਪ੍ਰਭੂ ਅਗੇ ਕਰਦਾ ਹਾਂ, ਉਹ ਜਾਨੀ ਜਾਨ ਸਭ ਕੁਛ ਹੀ ਜਾਣਦਾ ਹੈ। ਆਪਣੇ ਪੈਦਾ ਕੀਤੇ ਜੀਵਾਂ ਨੂੰ ਉਹ ਆਪ ਹੀ ਇਜ਼ਤ ਬਖਸ਼ਦਾ ਹੈ।

ਆਪਹਿ ਆਪ ਆਪਿ ਕਰਤ ਨਿਬੇਰਾ[6] ॥
ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥

---

1 ਅੰਦਰ, ਮਨ। 2 ਸਿਖਿਆ। 3 ਹੁਕਮ। 4 ਪੈਂਦਾ ਹਾਂ। 5 ਇਜ਼ਤ। 6 ਫੈਸਲਾ।



Digitized by Panjab Digital Library | www.panjabdigilib.org

ਉਹ ਪ੍ਰਭੂ ਆਪਣੇ ਆਪ ਵਿਚ ਆਪ ਹੀ ਸਭ ਫੈਸਲਾ ਕਰਦਾ ਹੈ। ਉਹ ਮਨੁਖ ਦੇ ਕੀਤੇ ਹੋਏ ਕੰਮਾਂ ਦੇ ਅਨੁਸਾਰ ਕਿਸੇ ਨੂੰ ਐਸੀ ਬੁਧ ਬਖਸ਼ਦਾ ਹੈ ਕਿ ਉਹ ਪ੍ਰਭੂ ਨੂੰ ਬਿਲਕੁਲ ਹਾਜ਼ਰ ਹਜ਼ੂਰ ਜਾਣਦੇ ਹਨ ਤੇ ਕਈ ਉਸਨੂੰ ਬੜਾ ਦੂਰ ਸਮਝਦੇ ਹਨ।

ਉਪਾਵ [1] ਸਿਆਣਪ ਸਗਲ [2] ਤੇ ਰਹਤ ॥
ਸਭੁ ਕਛੁ ਜਾਨੈ ਆਤਮ ਕੀ ਰਹਤ ॥

ਪ੍ਰਭੂ ਸਾਰੀਆਂ ਕੋਸ਼ਸ਼ਾਂ ਜਾਂ ਚਾਲਾਕੀਆਂ ਨਾਲ ਨਹੀਂ ਮਿਲਦਾ ਉਹ ਇਨ੍ਹਾਂ ਤਾਲਾਂ ਤੋਂ ਦੂਰ ਹੈ ਉਹ ਇਨ੍ਹਾਂ ਗਲਾਂ ਨਾਲ ਨਹੀਂ ਮਿਲਦਾ ਉਹ ਪ੍ਰਭੂ ਜਾਨੀ ਜਾਣ ਹੈ ਤੇ ਦਿਲ ਦੀ ਗਲ ਸਮਝਦਾ ਹੈ।

ਜਿਸੁ ਭਾਵੈ [3] ਤਿਸੁ ਲਏ ਲੜਿ ਲਾਇ ॥
ਥਾਨ ਥਨੰਤਰਿ ਰਹਿਆ ਸਮਾਇ ॥

ਜਿਸ ਮਨੁਖ ਨੂੰ ਪ੍ਰਭੂ ਚੰਗਾ ਲਗਣ ਲਗ ਪਵੇ ਉਸ ਨੂੰ ਪ੍ਰਭੂ ਆਪਣੇ ਨਾਲ ਗੰਢ ਲੈਂਦਾ ਹੈ। ਉਹ ਪ੍ਰਭੂ ਹਰ ਜਗਾ ਤੇ ਮੌਜੂਦ ਹੈ।

ਸੋ ਸੇਵਕੁ ਜਿਸੁ ਕਿਰਪਾ ਕਰੀ ॥
ਨਿਮਖ [4] ਨਿਮਖ ਜਪਿ ਨਾਨਕ ਹਰੀ ॥੮॥੫॥

ਪ੍ਰਭੂ ਜਿਸ ਤੇ ਆਪ ਮੇਹਰ ਕਰੇ ਉਹੀ ਉਸਦਾ ਸੇਵਕ ਬਣ ਸਕਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਹੇ ਮਨੁਖ ! ਉਸ ਪ੍ਰਭੂ ਨੂੰ ਹਰਦਮ ਯਾਦ ਕਰ।

---

1 ਕੋਸ਼ਿਸ਼। 2 ਸਭ। 3 ਚੰਗਾ ਲਗੇ। 4 ਹਰ ਦਮ।



Digitized by Panjab Digital Library | www.panjabdigilib.org

## ਸਲੋਕ ॥

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ 1 ਜਾਇ ਅਹੰਮੇਵ 2 ॥
ਨਾਨਕ ਪ੍ਰਭ ਸਰਣਾਗਤੀ 3 ਕਰਿ ਪ੍ਰਸਾਦੁ 4 ਗੁਰਦੇਵ॥੧॥

ਸ੍ਰੀ ਗੁਰੂ ਜੀ ਆਖਦੇ ਹਨ। ਹੇ ਪ੍ਰਭੂ ਜੀ ਹੇ ਗੁਰੂ ਜੀ ਅਸੀਂ ਤੇਰੀ ਸ਼ਰਨ ਆਏ ਹਾਂ ਤੇ ਤੇਰਾ ਹੀ ਆਸਰਾ ਤਕਿਆ ਹੈ ਤੂੰ ਸਾਡੇ ਉਤੇ ਕ੍ਰਿਪਾ ਕਰ ਤੇ ਵਿਸ਼ੇ ਗੁਸਾ ਲਾਲਚ ਦੁਨੀਆਂਦਾਰੀ ਦਾ ਪਿਆਰ ਤੇ ਹੌਂਮੇ ਤੇ ਹੰਕਾਰ ਅਸਾਡੇ ਦਿਲ ਵਿਚੋਂ ਦੂਰ ਕਰ ।

### ਅਸਟਪਦੀ

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ 5 ਖਾਹਿ ॥
ਤਿਸੁ ਠਾਕੁਰ 6 ਕਉ ਰਖੁ ਮਨ ਮਾਹਿ ॥

ਹੇ ਭਾਈ ! ਜਿਸ ਪ੍ਰਭੂ ਦੀ ਮੇਹਰ ਨਾਲ ਤੂੰ ਨਾਂ ਨਾਂ ਪ੍ਰਕਾਰ ਦੇ ਖਾਨੇਂ ਖਾਂਦਾ ਹੈ। ਉਸ ਨੂੰ ਹਰ ਵਕਤ ਚੇਤੇ ਰਖ।

ਜਿਹ ਪ੍ਰਸਾਦ ਸੁਗੰਧਤ 7 ਤਨਿ ਲਾਵਹਿ ॥
ਤਿਸ ਕਉ ਸਿਮਰਤ 8 ਪਰਮ ਗਤਿ 9 ਪਾਵਹਿ ॥

---

1 ਦੂਰ ਹੋ ਜਾਏ। 4 ਅਹੰਕਾਰ, ਹੌਮੈਂ। 3 ਸ਼ਰਨ, ਆਸਰਾ ਲੈਣਾ। 4 ਕ੍ਰਿਪਾ ਕਰ। 5 ਸਵਾਦੀ ਭੋਜਨ । 6 ਪ੍ਰਭੂ । 7 ਅਤਰ ਆਦਿਕ ਖੁਸ਼ਬੂ। 8 ਜਪਨਾਂ। 9 ਮੁਕਤੀ।



Digitized by Panjab Digital Library | www.panjabdigilib.org

ਜਿਸ ਪ੍ਰਭੂ ਦੀ ਕ੍ਰਿਪਾ ਦੁਆਰਾ ਤੂੰ ਜਿਸਮ ਤੇ ਖੁਸ਼ਬੂ ਲਗਾਂਦਾ ਹੈਂ, ਉਸ ਦਾ ਨਾਂ ਜਪਣ ਨਾਲ ਮੁਕਤੀ ਮਿਲੇਗੀ।

ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥

ਜਿਸ ਪ੍ਰਭੂ ਦੀ ਕ੍ਰਿਪਾ ਤੇ ਮੇਹਰ ਨਾਲ ਤੂੰ ਮਕਾਨ ਜਾਂ ਮਹਿਲਾਂ ਵਿਚ ਸੁਖ ਪਾਂਦਾ ਹੈ, ਉਸ ਨੂੰ ਤੂੰ ਦਿਲੋਂ ਹਮੇਸ਼ਾਂ ਯਾਦ ਕਰ।

ਜਿਹ ਪ੍ਰਸਾਦਿ ਗ੍ਰਿਹ [1] ਸੰਗਿ ਸੁਖ ਬਸਨਾ॥
ਆਠ ਪਹਰ ਸਿਮਰਹੁ ਤਿਸੁ ਰਸਨਾ [2] ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਆਪਣੇ ਟਬਰ ਤੇ ਬਚਿਆਂ ਸਮੇਤ ਖੁਸ਼ ਵਸਦਾ ਹੈ, ਉਸ ਪ੍ਰਭੂ ਨੂੰ ਅਠੇ ਪਹਿਰ, ਹਰ ਵਕਤ ਜ਼ਬਾਨ ਨਾਲ ਯਾਦ ਕਰ।

ਜਿਹ ਪ੍ਰਸਾਦਿ ਰੰਗ ਰਸ [3] ਭੋਗ ॥
ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥

ਜਿਸ ਪ੍ਰਭੂ ਦੀ ਮੇਹਰ ਨਾਲ ਤੂੰ ਜਿਸਮਾਨੀ ਤੇ ਦਿਲ ਦੀਆਂ ਖੁਸ਼ੀਆਂ ਮਾਣਦਾ ਹੈ, ਸ੍ਰੀ ਗੁਰੂ ਜੀ ਆਖਦੇ ਹਨ ਉਹ ਪ੍ਰਭੂ ਯਾਦ ਕਰਨ ਦੇ ਕਾਬਲ ਹੈ ਤੇ ਉਸ ਨੂੰ ਤੂੰ ਹਰ ਵਕਤ ਚੇਤੇ ਕਰ।

ਜਿਹ ਪ੍ਰਸਾਦਿ ਪਾਟ ਪਟੰਬਰ [4] ਹਢਾਵਹਿ ॥
ਤਿਸਹਿ ਤਿਆਗਿ ਕਤਅਵਰਲੁਭਾਵਹਿ [5] ॥

---

1 ਟਬਰ, ਕੁਨਬਾ । 2 ਜ਼ਬਾਨ । 3 ਕੀਰਤਨ, ਗਾਨਾਂ ਮਜਲਿਸ਼ ਮਹਿਫਲ। 4 ਪਟ-ਅੰਬਰ, ਰੇਸ਼ਮੀ ਕਪੜੇ। 5 ਲੋਭ ਜਾਂ ਲਾਲਚ ਕਰਨ।



Digitized by Panjab Digital Library | www.panjabdigilib.org

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਰੇਸ਼ਮ ਤੇ ਸਾਟਨ ਦੇ ਕਪੜੇ ਹੰਢਾਂਦਾ ਹੈ, ਉਸ ਨੂੰ ਛੋੜਕੇ ਤੂੰ ਹੋਰ ਕਿਸ ਗਲ ਦਾ ਲਾਲਚ ਕਰਦਾ ਹੈਂ।

ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ[1] ॥
ਮਨ ਆਠ ਪਹਰ ਤਾਕਾ ਜਸੁ ਗਾਵੀਜੈ ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਸੁਖ ਦੀ ਸੇਜ ਤੇ ਸੌਂਦਾ ਹੈਂ ਹੇ ਮਨ! ਤੂੰ ਅਠੇ ਪਹਿਰ ਉਸ ਦੇ ਗੁਣ ਗਾਇਆ ਕਰ।

ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ[2] ॥
ਮੁਖਿ ਤਾਕੋ ਜਸੁ[3] ਰਸਨ[4] ਬਖਾਨੈ[5] ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਹਰ ਕੋਈ ਤੇਰੀ ਇਜ਼ਤ ਕਰਦਾ ਹੈ, ਤੂੰ ਉਸ ਪ੍ਰਭੂ ਦੀ ਵਡਿਆਈ ਮੂੰਹ ਜੀਭ ਨਾਲ ਸਦਾ ਕਰ।

ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥
ਮਨ ਸਦਾ ਧਿਆਇ ਕੇਵਲ[6] ਪਾਰ ਬ੍ਰਹਮੁ ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੇਰਾ ਧਰਮ ਤੇ ਈਮਾਨ ਕਾਇਮ ਰਹਿੰਦਾ ਹੈ, ਹੇ ਮਨ! ਤੂੰ ਸਦਾ ਉਸ ਪ੍ਰਭੂ ਨੂੰ ਹੀ ਚੇਤੇ ਕਰ।

ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥
ਨਾਨਕ ਪਤਿ ਸੇਤੀ ਘਰਿ ਜਾਵਹਿ ॥ ੨ ॥

ਸ੍ਰੀ ਗੁਰੂ ਜੀ ਆਖਦੇ ਹਨ, ਪ੍ਰਭੂ ਦਾ ਨਾਮ ਜਪਨ ਨਾਲ ਉਸ ਪ੍ਰਭੂ ਦੀ ਕਚੈਹਰੀ ਵਿਚ ਤੇਰੀ ਇਜ਼ਤ ਹੋਵੇਗੀ ਤੇ ਤੂੰ ਇਜ਼ਤ ਨਾਲ ਪਰਲੋਕ ਵਿਚ ਜਾਂਵੇਂਗਾ।

---

1 ਸੌਣਾ। 2 ਮੰਨਦਾ ਹੈ, ਇਜ਼ਤ ਕਰਦਾ ਹੈ। 3 ਬੋਲ। 4 ਜ਼ਬਾਨ। 5 ਤਾਰੀਫ਼ ਕਰਨਾਂ। 6 ਸਿਰਫ਼।



Digitized by Panjab Digital Library | www.panjabdigilib.org

ਜਿਹ ਪ੍ਰਸਾਦਿ ਆਰੋਗ[1] ਕੰਚਨ[2] ਦੇਹੀ ॥
ਲਿਵ ਲਾਵਹੁ ਤਿਸੁ ਰਾਮ ਸਨੇਹੀ[3] ॥

ਜਿਸ ਪ੍ਰਭੂ ਨੇ ਸੋਨੇ ਜੇਹਾ ਤੈਨੂੰ ਸੁੰਦ੍ਰ ਤੇ ਤੰਦਰੁਸਤ ਜਿਸਮ ਬਖਸ਼ਿਆ ਹੈ, ਉਸ ਪਿਆਰੇ ਪ੍ਰਭੂ ਨਾਲ ਪਿਆਰ ਕਰ।

ਜਿਹ ਪ੍ਰਸਾਦਿ ਤੇਰਾ ਓਲਾ[4] ਰਹਤ ॥
ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥

ਜਿਸ ਦੀ ਮੇਹਰ ਨਾਲ ਤੇਰਾ ਪਰਦਾ ਢਕਿਆ ਰਹਿੰਦਾ ਹੈ। ਹੇ ਮੰਨ ! ਤੂੰ ਉਸਦਾ ਗੁਨ ਗਾਂਨ ਨਾਲ ਸੁਖ ਪਾਏਂਗਾ।

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ[5] ਢਾਕੇ ॥
ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥

ਜਿਸ ਪ੍ਰਭੂ ਦੀ ਮੇਹਰ ਨਾਲ ਤੇਰੇ ਸਾਰੇ ਐਬ ਢਕੇ ਰਹਿੰਦੇ ਹਨ। ਹੇ ਮਨ ਐਸੇ ਪ੍ਰਭੂ ਦਾ ਆਸਰਾ ਲੈ।

ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ[6] ॥
ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੇਰੀ ਕੋਈ ਬਰਾਬਰੀ ਨਹੀਂ ਕਰ ਸਕਦਾ ਹੇ ਮਨਾ ਉਸ ਉਚੇ ਪ੍ਰਭੂ ਨੂੰ ਹਰ ਦਮ ਯਾਦ ਕਰ।

ਜਿਹ ਪ੍ਰਸਾਦਿ ਪਾਈ ਦ੍ਰੁਲਭੁ[7] ਦੇਹ ॥
ਨਾਨਕ ਤਾਕੀ ਭਗਤਿ ਕਰੇਹ ॥ ੩ ॥

---

1 ਰੋਗ ਰਹਿਤ, ਨਰੋਆ। 2 ਸੋਨਾਂ। 3 ਜੋ ਪਰੇਮੀ ਨੂੰ ਖਿਚ ਕੇ ਆਪਣੇ ਸੀਨੇ ਨਾਲ ਲਾ ਲਵੇ। 4 ਪਰਦਾ। 5 ਐਬ। 6 ਮੁਕਾਬਲਾ ਜਾਂ ਬਰਾਬਰੀ ਕਰਨਾਂ। 7 ਜੋ ਬੜੀ ਮੁਸ਼ਕਿਲ ਨਾਲ ਮਿਲੇ।



Digitized by Panjab Digital Library | www.panjabdigilib.org

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੈਨੂੰ ਇਹ ਮਨੁਖਾ ਸ਼ਰੀਰ ਮਿਲਿਆ ਹੈ ਜੋ ਬੜਾ ਔਖਾ ਮਿਲਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਤੂੰ ਉਸ ਪ੍ਰਭੂ ਦੀ ਭਗਤੀ ਕਰ।

ਜਿਹ ਪ੍ਰਸਾਦਿ ਆਭੂਖਨ [1] ਪਹਿਰੀਜੈ ॥
ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਗਹਿਣੇ ਪਾਈ ਫਿਰਨਾ ਹੈਂ। ਹੇ ਮਨ ! ਤੂੰ ਉਸ ਨੂੰ ਯਾਦ ਕਰਨ ਵਿਚ ਕਿਉਂ ਸੁਸਤੀ ਕਰਦਾ ਹੈ।

ਜਿਹ ਪ੍ਰਸਾਦਿ ਅਸ੍ਵ [2] ਹਸਤਿ [3] ਅਸਵਾਰੀ ॥
ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥

ਜਿਸ ਪ੍ਰਭੂ ਦੀ ਮੇਹਰ ਨਾਲ ਹਾਥੀ ਤੇ ਘੋੜੇ ਤੈਨੂੰ ਸਵਾਰੀ ਵਾਸਤੇ ਮਿਲੇ ਹਨ। ਹੇ ਮਨ ! ਤੂੰ ਉਸ ਪ੍ਰਭੂ ਨੂੰ ਕਦੇ ਨ ਵਿਸਾਰ।

ਜਿਹ ਪ੍ਰਸਾਦਿ ਬਾਗ ਮਿਲਖ [4] ਧਨਾ ॥
ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥

ਜਿਸ ਪ੍ਰਭੂ ਦੀ ਮੇਹਰ ਨਾਲ ਬਾਗ ਜ਼ਮੀਨ ਤੇ ਦੌਲਤ ਤੈਨੂੰ ਮਿਲੀ ਹੈ। ਉਸ ਪ੍ਰਭੂ ਨੂੰ ਅਪਣੇ ਮੰਨ ਦਾ ਹਾਰ ਬਨਾ ਕੇ ਰਖੇ।

ਜਿਨਿ ਤੇਰੀ ਮਨ ਬਨਤ [5] ਬਨਾਈ ॥
ਊਠਤ ਬੈਠਤ ਸਦ ਤਿਸਹਿ ਧਿਆਈ ॥

ਜਿਸ ਪ੍ਰਭੂ ਨੇ ਤੈਨੂੰ ਸਾਜਿਆ ਹੈ ਤੇ ਤੇਰੀ ਇਹ ਬਨਾਵਟ ਬਨਾਈ ਹੈ। ਉਠਦਿਆਂ ਬੈਠਦਿਆਂ ਹਰ ਵਕਤ ਤੂੰ ਉਸ ਨੂੰ ਯਾਦ ਕਰ।

---

1 ਗਹਿਣੇ। 2 ਘੋੜੇ। 3 ਹਾਥੀ। 4 ਜ਼ਮੀਨ। 5 ਬਨਾਵਟ।



Digitized by Panjab Digital Library | www.panjabdigilib.org

ਤਿਸਹਿ ਧਿਆਇ ਜੋ ਏਕੁ ਅਲਖੈ[1] ॥
ਈਹਾ ਊਹਾ ਨਾਨਕ ਤੇਰੀ ਰਖੈ ॥ ੪ ॥

ਸ੍ਰੀ ਗੁਰੂ ਜੀ ਆਖਦੇ ਹਨ ਉਸ ਇਕ ਪ੍ਰਭੂ ਨੂੰ ਯਾਦ ਕਰ ਜਿਸ ਦਾ ਕੋਈ ਅੰਤ ਨਹੀਂ, ਇਸ ਸੰਸਾਰ ਤੇ ਅਗੇ ਉਹੀ ਸਾਡਾ ਰਖਵਾਲਾ ਹੈ.

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥
ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥

ਜਿਸ ਪ੍ਰਭੂ ਦੀ ਮਿਹਰ ਨਾਲ ਤੂੰ ਬਹੁਤਾ ਪੁੰਨ ਤੇ ਦਾਨ ਕਰਦਾ ਹੈ। ਹੇ ਮਨ ਤੂੰ ਉਸ ਪ੍ਰਭੂ ਦਾ ਅਠੇ ਪਹਿਰ ਧਿਆਨ ਕਰ

ਜਿਹ ਪ੍ਰਸਾਦਿ ਤੂ ਅਚਾਰ[2] ਬਿਉਹਾਰੀ[3] ॥
ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ[4] ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਅਛੇ ਕਰਮ ਕਰਦਾ ਹੈਂ ਤੇ ਵਪਾਰ ਕਰਦਾ ਹੈਂ। ਉਸ ਪ੍ਰਭੂ ਨੂੰ ਹਰਦਮ ਯਾਦ ਰਖ।

ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥
ਸੋ ਪ੍ਰਭੁ ਸਿਮਰਹੁ ਸਦਾ ਅਨੂਪੁ[5] ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੇਰਾ ਸੋਹਣਾਂ ਰੂਪ ਹੈ ਉਸ ਲਾਸਾਨੀ ਪ੍ਰਭੂ ਨੂੰ ਹਮੇਸ਼ਾਂ ਯਾਦ ਕਰ।

ਜਿਹ ਪ੍ਰਸਾਦਿ ਤੇਰੀ ਨੀਕੀ[6] ਜਾਤਿ ॥
ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥

---

1 ਜੋ ਲਖਿਆ (ਬਿਆਨ) ਨ ਕੀਤਾ ਜਾਵੇ। 2 ਰਸਮ, ਅਛੇ ਕਰਮ। 3 ਬਿਉਪਾਰ। 4 ਯਾਦ ਕਰ। 5 ਜਿਸ ਵਰਗਾ ਹੋਰ ਕੋਈ ਨ ਹੋਵੇ, ਲਾਸ਼ਾਨੀ। 6 ਉਚੀ।



Digitized by Panjab Digital Library | www.panjabdigilib.org

੬-੬

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੈਨੂੰ ਉਚੀ ਮਨੁਖਾ ਜਾਤੀ ਮਿਲੀ ਹੈ ਉਸ ਈਸ਼ਵਰ ਨੂੰ ਦਿਨ ਰਾਤ ਹਰ ਵਕਤ ਯਾਦ ਕਰ ।

ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥
ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥ ੫ ॥

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੇਰੀ ਇਜ਼ਤ ਜਗਤ ਵਿਚ ਬਨੀ ਹੋਈ ਹੈ, ਸ੍ਰੀ ਗੁਰੂ ਜੀ ਆਖਦੇ ਹਨ ਗੁਰੂ ਦੀ ਉਟ ਲੈਕੇ ਉਸ ਦੀ ਸਿਫਤ ਕਰ ।

ਜਿਹ ਪ੍ਰਸਾਦਿ ਸੁਨਹਿ ਕਰਨ[1] ਨਾਦ[2] ॥
ਜਿਹ ਪ੍ਰਸਾਦਿ ਪੇਖਹਿ[3] ਬਿਸਮਾਦ[4] ॥
ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ[5] ॥
ਜਿਹ ਪ੍ਰਸਾਦਿ ਸੁਖਿ ਸਹਜੇ[6] ਬਸਨਾ ॥
ਜਿਹ ਪ੍ਰਸਾਦਿ ਹਸਤ[7] ਕਰ[8] ਚਲਹਿ ॥
ਜਿਹ ਪ੍ਰਸਾਦਿ ਸੰਪੂਰਨ[9] ਫਲਹਿ[10] ॥
ਜਿਹ ਪ੍ਰਸਾਦਿ ਪਰਮ ਗਤਿ[11] ਪਾਵਹਿ ॥
ਜਿਹ ਪ੍ਰਸਾਦਿ ਸੁਖ ਸਹਜਿ ਸਮਾਵਹਿ ॥
ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥
ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ[12] ॥੬॥

---

1 ਕੰਨ । 2 ਆਵਾਜ਼ । 3 ਵੇਖੇ । 4 ਅਜੀਬ, ਅਸਚਰਜ। 5 ਜੀਭ । 6 ਇਤਫ਼ਾਕੀਆ, ਸੁਭਾਵਕ । 7 ਹਥ । 8 ਹਥ 9 ਹਰ ਪਾਸੇ। 10 ਫਲਦਾ ਹੈ, ਕਾਮਯਾਬ ਹੁੰਦਾ ਹੈ। 11 ਮੁਕਤੀ 12 ਹੁਸ਼ਿਆਰ ਹੋ ਜਾ ।



Digitized by Panjab Digital Library | www.panjabdigilib.org

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਕੰਨਾਂ ਨਾਲ ਅਵਾਜ਼ ਸੁਣਦਾ ਹੈ, ਅਚਰਜ ਨਜ਼ਾਰੇ ਵੇਖਦਾ ਹੈਂ, ਜੀਭ ਨਾਲ ਮਿਠੇ ਬੋਲ ਬੋਲਦਾ ਹੈ, ਸੁਭਾਵਕ ਹੀ ਸੁਖ ਮਾਂਨਦਾ ਹੈ, ਜਿਸ ਦੀ ਮੇਹਰ ਨਾਲ ਤੇਰੇ ਹਥ ਆਦਿਕ ਕੰਮ ਕਰਦੇ ਹਨ, ਜਿਸ ਦੀ ਬਰਕਤ ਨਾਲ ਤੇਰੀ ਹਰ ਕੰਮ ਵਿਚ ਕਾਮਯਾਬੀ ਹੁੰਦੀ ਹੈ, ਜਿਸ ਦੀ ਬਖ਼ਸ਼ਸ਼ਿ ਨਾਲ ਤੈਨੂੰ ਉਚੀ ਪਦਵੀ ਮਿਲੀ ਹੈ ਤੇ ਸੁਖ ਮਿਲਿਆ ਹੈ। ਐਸੇ ਪ੍ਰਭੂ ਨੂੰ ਛੋੜ ਕੇ ਤੂੰ ਹੋਰ ਕਿਸ ਤਰਫ਼ ਲਗ ਗਿਆ ਹੈ, ਸ੍ਰੀ ਗੁਰੂ ਜੀ ਆਖਦੇ ਹਨ ਗੁਰੂ ਦੀ ਟੇਕ ਲੈ ਕੇ ਹੋਸ਼ਿਆਰ ਹੋ ਜਾਉ।

ਜਿਹ ਪ੍ਰਸਾਦਿ ਤੂੰ ਪ੍ਰਗਟੁ[1] ਸੰਸਾਰਿ ॥
ਤਿਸ ਪ੍ਰਭ ਕਉ ਮੂਲ ਨ ਮਨਹੁ ਬਿਸਾਰਿ।

ਜਿਸ ਪ੍ਰਭੂ ਦੀ ਕ੍ਰਿਪਾ ਨਾਲ ਤੂੰ ਸਾਰੇ ਸੰਸਾਰ ਵਿਚ ਮਸ਼ਹੂਰ ਹੈ ਉਹਨੂੰ ਕਦੀ ਵੀ ਦਿਲੋਂ ਨਾ ਭੁਲਾ।

ਜਿਹ ਪ੍ਰਸਾਦਿ ਤੇਰਾ ਪ੍ਰਤਾਪੁ ॥
ਰੇ ਮਨ ਮੂੜ ਤੂ ਤਾ ਕਉ ਜਾਪੁ ॥

ਜਿਸ ਪ੍ਰਭੂ ਦੀ ਮੇਹਰ ਨਾਲ ਤੈਨੂੰ ਇਤਨਾ ਮਾਨ ਮਿਲਿਆ ਹੋਇਆ ਹੈ ਹੇ ਮੂਰਖ ਮਨਾਂ! ਤੂੰ ਉਸ ਪ੍ਰਭੂ ਨੂੰ ਸਦਾ ਯਾਦ ਕਰ।

ਜਿਹ ਪ੍ਰਸਾਦਿ ਤੇਰੇ ਕਾਰਜ[2] ਪੂਰੇ ॥
ਤਿਸਹਿ ਜਾਨੁ ਮਨ ਸਦਾ ਹਜੂਰੇ[3] ॥

ਜਿਸ ਪ੍ਰਭੂ ਦੀ ਮੇਹਰ ਨਾਲ ਤੇਰੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ ਹੇ ਮਨ! ਉਸ ਪ੍ਰਭੂ ਨੂੰ ਤੂੰ ਸਦਾ ਅੰਗ ਸੰਗ ਜਾਨ।

---

1 ਮਸ਼ਹੂਰ। 2 ਕੰਮ। 3 ਅੰਗ ਸੰਗ।



Digitized by Panjab Digital Library | www.panjabdigilib.org

ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥
ਰੇ ਮਨ ਮੇਰੇ ਤੂੰ ਤਾ ਸਿਉ ਰਾਚੁ [1] ॥

ਜਿਸ ਪ੍ਰਭੂ ਦੀ ਮੇਹਰ ਨਾਲ ਤੈਨੂੰ ਸਚ ਦਾ ਖਜ਼ਾਨਾ ਮਿਲਦਾ ਹੈ ਹੇ ਮਨ ਤੂੰ ਉਸ ਪ੍ਰਭੂ ਨਾਲ ਸਦਾ ਜੁੜਿਆ ਰਹੋ।

ਜਿਹ ਪ੍ਰਸਾਦਿ ਸਭ ਕੀ ਗਤਿ [2] ਹੋਇ ॥
ਨਾਨਕ ਜਾਪੁ ਜਪੈ ਜਪੁ ਸੋਇ ॥ ੭ ॥

ਜਸ ਪ੍ਰਭੂ ਦੀ ਮੇਹਰ ਨਾਲ ਸਾਰੀ ਦੁਨੀਆਂ ਤਰ ਜਾਂਦੀ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਐਸੇ ਪ੍ਰਭੂ ਦਾ ਹਰ ਵਕਤ ਨਾਮ ਜਪਦਾ ਜਾ।

ਆਪਿ ਜਪਾਏ ਜਪੈ ਸੋ ਨਾਉ ॥
ਆਪਿ ਗਵਾਏ ਸੁ ਹਰਿ ਗੁਨ ਗਾਉ ॥

ਉਹੀ ਜੀਵ ਪ੍ਰਭੂ ਦਾ ਨਾਮ ਜਪਦਾ ਹੈ। ਜਿਸਨੂੰ ਪ੍ਰਭੂ ਆਪ ਜਪਾਂਦਾ ਹੈ, ਜਿਸ ਤੇ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ, ਉਹੀ ਪ੍ਰਭੂ ਦੇ ਗੁਣ ਗਾਂਦਾ ਹੈ।

ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ [3] ॥
ਪ੍ਰਭੂ ਦਇਆ ਤੇ ਕਮਲ ਬਿਗਾਸੁ [4] ॥

ਪ੍ਰਭੂ ਦੀ ਮੇਹਰ ਨਾਲ ਹੀ ਮਨ ਵਿਚ ਗਿਆਨ ਦਾ ਚਾਨਣ ਹੁੰਦਾ ਹੈ। ਉਸ ਦੀ ਕ੍ਰਿਪਾ ਨਾਲ ਹਿਰਦਾ ਰੂਪੀ ਕਉਲ ਫੁਲ ਖਿੜਦਾ ਹੈ।

---

1 ਜੁੜ। 2 ਪਹੁੰਚ 3 ਚਾਨਣ, ਰੋਸ਼ਨੀ। 4 ਖੁਲਦਾ ਹੈ।



Digitized by Panjab Digital Library | www.panjabdigilib.org

ਪ੍ਰਭੁ ਸੁ ਪ੍ਰਸੰਨ ਬਸੈ ਮਨਿ ਸੋਇ ॥
ਪ੍ਰਭ ਦਇਆ ਤੇ ਮਤਿ ਊਤਮ ਹੋਇ ॥

ਉਹ ਪ੍ਰਭੂ ਉਸ ਜੀਵ ਦੇ ਮਨ ਵਿਚ ਵਸਦਾ ਹੈ, ਜਿਸ ਤੇ ਉਹ ਖ਼ੁਸ਼ ਹੋ ਜਾਂਦਾ ਹੈ, ਉਸ ਦੀ ਮੇਹਰ ਨਾਲ ਮਤ ਚੰਗੀ ਹੋ ਜਾਂਦੀ ਹੈ ।

ਸਰਬ ਨਿਧਾਨ [1] ਪ੍ਰਭ ਤੇਰੀ ਮਇਆ [2] ॥
ਆਪਹੁ ਕਛੂ ਨ ਕਿਨਹੂ ਲਇਆ ॥

ਹੇ ਪ੍ਰਭੂ ਤੇਰੀ ਖ਼ੁਸ਼ੀ ਵਿਚ ਸਭ ਖ਼ਜ਼ਾਨੇ ਹਨ । ਆਪਣੀ ਕੋਸ਼ਿਸ਼ ਨਾਲ ਕਿਸੇ ਨੂੰ ਕੁਛ ਵੀ ਨਹੀਂ ਲਧਾ ।

ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥
ਨਾਨਕ ਇਨ ਕੈ ਕਛੂ ਨ ਹਾਥ ॥ ੮ ॥ ੬ ॥

ਹੇ ਪ੍ਰਭੂ ਜੀ, ਜਿਸ ਤਰਫ ਤੂੰ ਕਿਸੇ ਨੂੰ ਲਗਾਂਦਾ ਹੈ, ਉਸੇ ਤਰਫ਼ ਉਹ ਲਗ ਜਾਦਾ ਹੈ, ਸ੍ਰੀ ਗੁਰੂ ਜੀ ਆਖਦੇ ਹਨ, ਇਨ੍ਹਾਂ ਜੀਵਾਂ ਦੇ ਵਸ ਕੁਛ ਭੀ ਨਹੀਂ ।

---

1 ਖਜ਼ਾਨਾਂ । 2 ਤਸਲੀ, ਖ਼ੁਸ਼ੀ ।



Digitized by Panjab Digital Library | www.panjabdigilib.org

## ਸਲੋਕੁ ॥

ਅਗਮ [1] ਅਗਾਧਿ [2] ਪਾਰਬ੍ਰਹਮੁ ਸੋਇ [3] ॥
ਜੋ ਜੋ ਕਹੈ ਸੁ ਮੁਕਤਾ [4] ਹੋਇ ॥
ਸੁਨਿ ਮੀਤਾ [5] ਨਾਨਕੁ ਬਿਨਵੰਤਾ [6] ॥
ਸਾਧ [7] ਜਨਾ ਕੀ ਅਚਰਜ ਕਥਾ ॥

ਉਹ ਬੇਅੰਤ ਦਾਤਾ ਅਸਾਡੀ ਪਹੁੰਚ ਤੋਂ ਪਰੇ ਹੈ ਤੇ ਅਥਾਹ ਹੈ। ਜੋ ੨ ਜੀਵ ਉਸ ਦੇ ਨਾਂ ਨੂੰ ਜਪਦਾ ਹੈ ਉਹ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ। ਹੇ ਮਿਤ੍ਰ ! ਸੁਣ, ਸ੍ਰੀ ਗੁਰੂ ਜੀ ਬੇਨਤੀ ਕਰਦੇ ਹਨ, ਕਿ ਗੁਰਮੁਖ ਜਨਾਂ ਵਿਚ ਇਤਨੇ ਗੁਣ ਪੈਦਾ ਹੋ ਜਾਂਦੇ ਹਨ, ਕਿ ਉਹ ਜੀਵ ਨੂੰ ਹੈਰਾਨ ਕਰ ਦੇਂਦੇ ਹਨ।

### ਅਸਟਪਦੀ ॥

ਸਾਧ ਕੈ ਸੰਗਿ ਮੁਖ ਊਜਲ [8] ਹੋਤ ॥
ਸਾਧ ਸੰਗਿ ਮਲੁ ਸਗਲੀ [9] ਖੋਤ [10] ॥

---

1 ਜਿਸ ਤਕ ਪਹੁੰਚਿਆ ਨ ਜਾਏ। 2 ਸਮੁੰਦਰ ਦੀ ਤਰ੍ਹਾਂ ਗਹਿਰਾ, ਅਥਾਹ। 3 ਉਹ। 4 ਮੁਕਤੀ, ਅਜ਼ਾਦੀ। 5 ਮਿਤ੍ਰ। 6 ਬੇਨਤੀ। 7 ਗੁਰਮੁਖ ਜਨ, ਜਿਨਾਂ ਨੇ ਮਨ ਨੂੰ ਵਸ ਵਿਚ ਕੀਤਾ ਹੈ। ੮ ਸਾਫ਼। 9 ਸਾਰੀ। 10 ਨਾਸ ਹੁੰਦੀ ਹੈ।



Digitized by Panjab Digital Library | www.panjabdigilib.org

ਗੁਰਮੁਖਾਂ ਦੀ ਸੰਗਿਤ ਵਿਚ ਰਹਿਨ ਨਾਲ ਜੀਵ ਦੀ ਇਜ਼ਤ ਹੁੰਦੀ ਹੈ, ਗੁਰਮਖਾਂ ਦੇ ਪਾਸ ਰਹਿਆਂ ਸਾਰੀ ਬੁਰੀਆਈਆਂ ਦੀ ਮੈਲ ਦੂਰ ਹੋ ਜਾਂਦੀ ਹੈ।

ਸਾਧ ਕੈ ਸੰਗਿ ਮਿਟੈ ਅਭਿਮਾਨੁ [1] ॥
ਸਾਧ ਕੈ ਸੰਗ ਪ੍ਰਗਟੈ ਸੁ ਗਿਆਨੁ [2] ॥

ਗੁਰਮੁਖਾਂ ਦੀ ਸੰਗਿਤ ਵਿਚ ਜੀਵ ਦਾ ਅਹੰਕਾਰ ਦੂਰ ਹੋ ਜਾਂਦਾ ਹੈ, ਸਾਧ ਸੰਗਿਤ ਕਰਨ ਨਾਲ ਜੀਵ ਨੂੰ ਪਤਾ ਲਗ ਜਾਂਦਾ ਹੈ ਕਿ ਈਸ਼ਵਰ ਤੇ ਜੀਵ ਦੀ ਆਤਮਾਂ ਵਿਚ ਕੋਈ ਫ਼ਰਕ ਨਹੀਂ।

ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ [3] ॥
ਸਾਧ ਸੰਗਿ ਸਭੁ ਹੋਤ ਨਿਬੇਰਾ [4] ॥

ਸਾਧ ਸੰਗ ਕਰਨ ਨਾਲ ਜੀਵ ਈਸ਼ਵਰ ਦੇ ਨਜ਼ਦੀਕ ਹੋ ਜਾਂਦਾ ਹੈ। ਸਾਧ ਸੰਗ ਕਰਨ ਨਾਲ ਦੁਨਯਾਵੀ ਝਗੜਿਆਂ ਦਾ ਫੈਸਲਾ ਹੋ ਜਾਂਦਾ ਹੈ।

ਸਾਧ ਕੈ ਸੰਗਿ ਪਾਏ ਨਾਮ ਰਤਨੁ ॥
ਸਾਧ ਕੈ ਸੰਗਿ ਏਕ ਊਪਰਿ ਜਤਨੁ ॥

ਸਾਧ ਸੰਗਿਤ ਵਿਚ ਜਾਂਨ ਨਾਲ ਨਾਮ ਰੂਪੀ ਰਤਨ ਮਿਲ ਜਾਂਦਾ ਹੈ। ਸਾਧ ਸੰਗਿਤ ਕਰਨ ਨਾਲ ਇਕ ਰਬ ਦੇ ਮਿਲਣ ਦਾ ਹੀ ਯਤਨ ਕਰੀਦਾ ਹੈ।

---

1 ਅਹੰਕਾਰ, ਗ਼ਰੂਰ। 2 ਆਤਮਕ ਸਰੂਪ ਚਾਨਣ। 3 ਨਜ਼ਦੀਕ। 4 ਖ਼ਾਤਮਾਂ, ਫੈਸਲਾ ॥



Digitized by Panjab Digital Library | www.panjabdigilib.org

ਸਾਧ ਕੀ ਮਹਿਮਾ [1] ਬਰਨੈ [2] ਕਉਨੁ ਪ੍ਰਾਨੀ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ [3] ॥ ੧ ॥

ਗੁਰਮੁਖਾਂ ਦੀ ਸੰਗਿਤ ਦੀ ਵਡਿਆਈ ਕੌਣ ਬਿਆਨ ਕਰ ਸਕਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਸਾਧੂ ਦੀ ਤਾਰੀਫ਼ ਜਾਂ ਸੋਭਾ ਈਸ਼ਵਰ ਦੀ ਸੋਭਾ ਦੇ ਬਰਾਬਰ ਹੈ।

ਸਾਧ ਕੈ ਸੰਗਿ ਅਗੋਚਰੁ [4] ਮਿਲੈ ॥
ਸਾਧ ਕੈ ਸੰਗਿ ਸਦਾ ਪਰਫੁਲੈ [5] ॥

ਗੁਰਮੁਖਾਂ ਦੀ ਸੋਸਾਇਟੀ ਵਿਚ ਜੀਵ ਨੂੰ ਉਹ ਪ੍ਰਭੂ ਮਿਲਦਾ ਹੈ ਜੋ ਸਰੀਰਕ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਤੇ ਪ੍ਰਭੂ ਨੂੰ ਮਿਲ ਕੇ ਮਨੁਖ ਹਮੇਸ਼ਾਂ ਖ਼ੁਸ਼ ਰਹਿੰਦਾ ਹੈ।

ਸਾਧ ਕੈ ਸੰਗਿ ਆਵਹਿ ਬਸਿ [6] ਪੰਚਾ ॥
ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ [7] ॥

ਸਾਧ ਸੰਗਤ ਵਿਚ ਰਹਿਣ ਨਾਲ ਪੰਜੇ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਕਾਬੂ ਵਿਚ ਆ ਜਾਂਦੇ ਹਨ, ਕਿਉਂਕਿ ਸਾਧ ਸੰਗਤ ਵਿਚ ਜੀਵ ਨੂੰ ਨਾਮ ਰੂਪੀ ਅੰਮ੍ਰਿਤ ਰਸ ਚਖਨ ਲਈ ਮਿਲ ਸਕਦਾ ਹੈ।

ਸਾਧ ਸੰਗਿ ਹੋਇ ਸਭ ਕੀ ਰੇਨ [8] ॥
ਸਾਧ ਕੈ ਸੰਗਿ ਮਨੋਹਰਿ [9] ਬੈਨ [10] ॥

---

1 ਵਡਿਆਈ। 2 ਬਿਆਨ ਕਰੇ। 3 ਬਰਾਬਰ। 4 ਜੋ ਸਰੀਰਕ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ। 5 ਖਿੜਦਾ ਹੈ, ਫੁਲਦਾ। 6 ਵਸ, ਕਾਬੂ। 7 ਭੋਗਣਾਂ; ਚਖਣਾਂ। 8 ਚਰੰਨ ਧੂੜੀ। 9 ਮਨ ਨੂੰ ਖਿਚ ਲੈਣ ਵਾਲੇ। 10 ਬਚਨ।



Digitized by Panjab Digital Library | www.panjabdigilib.org

ਸਾਧ ਸੰਗ ਕਰਨ ਨਾਲ ਮਨੁਖ ਸਭ ਦੀ ਚਰਨਾਂ ਦੀ ਧੂੜ ਬਨ ਜਾਂਦਾ ਹੈ ਤੇ ਇਸ ਤਰਾਂ ਦਿਲ ਨੂੰ ਮੋਹ ਲੈਣ ਵਾਲੇ ਬਚਨ ਬੋਲਦਾ ਹੈ।

ਸਾਧ ਕੈ ਸੰਗਿ ਨ ਕਤਹੂੰ[1] ਧਾਵੈ[2] ॥
ਸਾਧ ਸੰਗਿ ਅਸਥਿਰਿ[3] ਮਨੁ ਪਾਵੈ ॥

ਸਾਧ ਸੰਗ ਕਰਨ ਨਾਲ ਮਨੁਖ ਦਾ ਮਨ ਕਿਧਰੇ ਨਹੀਂ ਦੌੜਦਾ ਤੇ ਸਾਧੂ ਚਰਨਾਂ ਵਿਚ ਰਹੇ ਕਿ ਮਨ ਇਕ ਜਗ਼ਾ ਟਿਕ ਜਾਂਦਾ ਹੈ।

ਸਾਧ ਕੈ ਸੰਗਿ ਮਾਇਆ[4] ਤੇ ਭਿੰਨ[5] ॥
ਸਾਧ ਸੰਗਿ ਨਾਨਕ ਪ੍ਰਭ ਸੁਪ੍ਰਸੰਨ ॥ ੨ ॥

ਸਾਧ ਸੰਗਤ ਵਿਚ ਰਹਿਣ ਨਾਲ ਅਗਿਆਨਤਾ ਦੂਰ ਹੋ ਜਾਂਦੀ ਹੈ। ਸ੍ਰੀ ਗੁਰੂ ਜੀ ਅਖਾਦੇ ਹਨ ਸਾਧ ਸੰਗਤ ਵਿਚ ਰਹਿਣ ਵਾਲੇ ਮਨੁਖ ਤੇ ਰਬ ਖੁਸ਼ ਹੋ ਜਾਂਦਾ ਹੈ।

ਸਾਧ ਸੰਗਿ ਦੁਸਮਨ ਸਭਿ ਮੀਤ ॥
ਸਾਧੂ ਕੈ ਸੰਗਿ ਮਹਾ ਪੁਨੀਤ[6] ॥

ਗੁਰਮੁਖਾਂ ਦੀ ਸੰਗਤ ਕਰਨ ਨਾਲ ਦੁਸ਼ਮਨ ਭੀ ਦੋਸਤ ਬਣ ਜਾਦੇ ਹਨ। ਸਾਧ ਸੰਗਤ ਵਿਚ ਮਨਖ ਦਾ ਹਿਰਦਾ ਬਹੁਤ ਸਾਫ਼ ਹੋ ਜਾਂਦਾ ਹੈ।

ਸਾਧ ਸੰਗਿ ਕਿਸ ਸਿਉ ਨਹੀ ਬੈਰੁ ॥
ਸਾਧ ਕੈ ਸੰਗਿ ਨ ਬੀਗਾ[7] ਪੈਰੁ ।

ਸਾਧ ਸੰਗਿਤ ਵਿਚ ਜਾਂਨ ਨਾਲ ਕਿਸੇ ਨਾਲ ਦੁਸ਼ਮਨੀ ਨਹੀਂ ਰਹਿੰਦੀ, ਅਤੇ ਖੋਟੇ ਪਾਸੇ ਪੈਰ ਨਹੀਂ ਮੁੜਦੇ।

---

1 ਕਿਸੇ ਪਾਸੇ। 2 ਦੌੜਦਾ। 3 ਅਰਾਮ। 4 ਅਵਿਦਿਆ, ਅਗਿਆਨ। 5 ਜੁਦਾ ਰਹਿਤ। 6 ਬੜਾ ਪਵਿਤ੍ਰ। 7 ਵਿੰਗਾ, ਟੇਹੜਾ।



Digitized by Panjab Digital Library | www.panjabdigilib.org

ਸਾਧ ਕੈ ਸੰਗਿ ਨਾਹੀ ਕੋ ਮੰਦਾ॥
ਸਾਧ ਸੰਗਿ ਜਾਨੇ ਪਰਮਾ ਨੰਦਾ[1] ॥

ਸਾਧ ਸੰਗਿਤ ਵਿਚ ਜਾਂਨ ਨਾਲ ਕੋਈ ਮਨੁਖ ਵੀ ਬੁਰਾ ਨਹੀਂ ਲਗਦਾ ਕਿਉਂ ਜੋ ਸਾਧ ਸੰਗਿਤ ਵਿਚ ਜਾਂਨ ਨਾਲ ਜੀਵ ਨੂੰ ਹਰ ਇਕ ਵਿਚ ਪ੍ਰਭੂ ਨਜ਼ਰ ਆਣ ਲਗ ਪੈਂਦਾ ਹੈ।

ਸਾਧ ਕੈ ਸੰਗਿ ਨਾਹੀ ਹਉ[2] ਤਾਪੁ
ਸਾਧ ਕੈ ਸੰਗਿ ਤਜੈ[3] ਸਭੁ ਆਪੁ[4]॥

ਗੁਰਮੁਖਾਂ ਦੀ ਸੰਗਿਤ ਵਿਚ ਜਾਂਨ ਨਾਲ ਖ਼ੁਦੀ ਦੀ ਬੀਮਾਰੀ ਨਹੀਂ ਹੁੰਦੀ ਹਉਮੈ ਜੀਵ ਨੂੰ ਕਾਬੂ ਨਹੀਂ ਕਰ ਸਕਦੀ ਸਾਧੂ ਦੀ ਸੰਗਿਤ ਵਿਚ ਜੀਵ ਦਾ ਸਾਰਾ ਹੰਕਾਰ ਜਾਂਦਾ ਰਹਿੰਦਾ ਹੈ।

ਆਪੇ ਜਾਨੈ ਸਾਧ ਬਡਾਈ ॥
ਨਾਨਕ ਸਾਧ ਪ੍ਰਭੂ ਬਨਿ ਆਈ ॥ ੨ ॥

ਸਾਧੂ ਦੀ ਵਡਿਆਈ ਈਸ਼ਵਰ ਆਪ ਹੀ ਜਾਂਨਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਕਿ ਸਾਧੂ ਤੇ ਪ੍ਰਭੂ ਦਾ ਆਪਸ ਵਿਚ ਪਕਾ ਪਿਆਰ ਹੈ।

ਸਾਧ ਕੈ ਸੰਗਿ ਨ ਕਬਹੂ[5] ਧਾਵੈ[6] ॥
ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥
ਸਾਧ ਸੰਗਿ ਬਸਤੁ[7] ਅਗੋਚਰ[8] ਲਹੈ[9]॥
ਸਾਧੂ ਕੈ ਸੰਗਿ ਅਜਰੁ[10] ਸਹੈ ॥

---

1 ਪ੍ਰਭੂ। 2 ਹਉਮੈਂ, ਖ਼ੁਦੀ। 3 ਛੋੜ ਦੇਨਾਂ। 4 ਅਹੰਕਾਰ। 5 ਕਦੀ ਵੀ। 6 ਦੌੜਦਾ, ਭਟਕਦਾ। 7 ਵਸਤੂ, ਚੀਜ਼। 8 ਜਿਸ ਤਕ ਸਰੀਰਕ ਇੰਦ੍ਰੀਆਂ ਦੀ ਪਹੁੰਚ ਨਾ ਹੋਵੇ। 9 ਲਭ ਲੈਂਦਾ ਹੈ। 10 ਨਕਾਬਲ ਬਰਦਾਸ਼ਤ ਦੁਖ।



Digitized by Panjab Digital Library | www.panjabdigilib.org

ਸਾਧ ਕੈ ਸੰਗਿ ਬਸੈ ਥਾਨਿ ਊਚੈ ॥
ਸਾਧੂ ਕੈ ਸੰਗਿ ਮਹਲਿ[1] ਪਹੂਚੈ ॥
ਸਾਧ ਕੈ ਸੰਗਿ ਦ੍ਰਿੜੈ[2] ਸਭਿ ਧਰਮ ॥
ਸਾਧ ਕੈ ਸੰਗਿ ਕੇਵਲ[3] ਪਾਰਬ੍ਰਹਮ ॥
ਸਾਧ ਕੈ ਸੰਗਿ ਪਾਏ ਨਾਮ ਨਿਧਾਨ[4] ॥
ਨਾਨਕ ਸਾਧੂ ਕੈ ਕੁਰਬਾਨ[5] ॥ ੪ ॥

ਗੁਰਮੁਖਾਂ ਦੀ ਸੰਗਿਤ ਕਰਨ ਨਾਲ ਇਹ ਗਲਾਂ ਹੁੰਦੀਆਂ ਹਨ ਮਨੁਖ ਦਾ ਮਨ ਕਦੀ ਨਹੀਂ ਭਟਕਦਾ, ਕਿਉਂ ਜੋ ਇਸ ਸੋਸਾਇਟੀ ਵਿਚ ਜੀ ਹਮੇਸ਼ਾ ਸੁਖੀ ਰਹਿੰਦਾ ਹੈ। ਇਸ ਵਿਚ ਨਾ ਮਿਲਨ ਵਾਲੀ ਵਸਤੂ, ਈਸ਼ਵਰ ਦਾ ਨਾਮ, ਵੀ ਮਿਲ ਜਾਂਦਾ ਹੈ, ਇਸ ਵਿਚ ਨ ਕਾਬਿਲਬਰਦਾਸ਼ਤ ਦੁਖ ਭੀ ਸਹਾਰੇ ਜਾਂਦੇ ਹਨ, ਇਸ ਵਿਚ ਜੀ ਆਤਮ ਟਿਕਾਣੇ ਤੇ ਜਾ ਵਸਦਾ ਹੈ ਤੇ ਪ੍ਰਭੂ ਦੇ ਟਿਕਾਣੇ ਤੇ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਉਹ ਆਪਣੇ ਧਰਮ ਤੇ ਪਕਾ ਰਹਿੰਦਾ ਹੈ, ਆਪਣੇ ਸਾਰੇ ਫ਼ਰਜ਼ ਸਮਝਦਾ ਹੈ ਤੇ ਉਹ ਵਾਹਿਗੁਰੂ ਨੂੰ ਹੀ ਹਰ ਥਾਂ ਵੇਖਦਾ ਹੈ। ਇਸ ਤਰ੍ਹਾਂ ਨਾਲ ਨਾਮ ਦਾ ਖ਼ਜ਼ਾਨਾਂ ਮਿਲ ਜਾਂਦਾਂ ਹੈ। ਸਾਧ ਸੰਗਿਤ ਦੇ ਇਤਨੇ ਸੁਖ ਹਨ ਕਿ ਸ੍ਰੀ ਗੁਰੂ ਜੀ ਆਖਦੇ ਹਨ, ਕਿ ਮੈਂ ਸਾਧੂਆਂ ਤੇ ਸਦਕੇ ਜਾਵਾਂ।

---

1 ਪ੍ਰਭੂ ਦਾ ਟਿਕਾਨਾਂ। 2 ਪਕਾ। 3 ਫਕਤ, ਸਿਰਫ, ਇਕ। 4 ਖਜ਼ਾਨਾਂ। 5 ਸਦਕੇ।



Digitized by Panjab Digital Library | www.panjabdigilib.org

ਸਾਧ ਕੈ ਸੰਗਿ ਸਭ ਕੁਲ ਉਧਾਰੈ[1] ॥
ਸਾਧ ਸੰਗਿ ਸਾਜਨ ਮੀਤਕੁਟੰਬ[2] ਨਿਸਤਾਰੈ[3] ॥
ਸਾਧੂ ਕੈ ਸੰਗਿ ਸੋ ਧਨੁ ਪਾਵੈ ॥
ਜਿਸ ਧਨ ਤੇ ਸਭੁ ਕੋ ਵਰਸਾਵੈ[4] ॥
ਸਾਧ ਸੰਗਿ ਧਰਮਰਾਇ ਕਰੇ ਸੇਵਾ ॥
ਸਾਧ ਕੈ ਸੰਗਿ ਸੋਭਾ ਸੁਰ[5] ਦੇਵਾ ॥
ਸਾਧੂ ਕੈ ਸੰਗਿ ਪਾਪ ਪਲਾਇਨ[6] ॥
ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥
ਸਾਧ ਕੈ ਸੰਗਿ ਸ੍ਰਬ[7] ਥਾਨ ਗੰਮਿ[8] ॥
ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥ ੫॥

ਸਾਧੂ ਦੀ ਸੰਗਤ ਕਰਨ ਨਾਲ ਇਹ ਗਲਾਂ ਹੁੰਦੀਆਂ ਹਨ ਸਾਰੀ ਕੁਲਾਂ ਦੀ ਕੁਲਾਂ ਤਰ ਜਾਂਦੀਆਂ ਹਨ ਸਜਣਾਂ ਮਿੱਤ੍ਰਾਂ ਤੇ ਸਾਰੇ ਖ਼ਾਨਦਾਨ ਨੂੰ ਤਾਰ ਲੈਂਦਾ ਹੈ। ਇਸ ਤਰ੍ਹਾਂ ਉਹ ਦੌਲਤ ਮਿਲਦੀ ਹੈ ਜੋ ਹਰ ਇਕ ਦੇ ਕੰਮ ਆ ਸਕਦੀ ਹੈ। ਨਾਮ ਰੂਪੀ ਖ਼ਜ਼ਾਨਾ ਹਰ ਇਕ ਨੂੰ ਫਾਇਦਾ ਪਹੁੰਚਾਂਦਾ ਹੈ। ਇਸ ਤਰ੍ਹਾਂ ਧਰਮਰਾਜ ਵੀ ਸੇਵਾ ਕਰਦਾ ਹੈ ਤੇ ਦੇਵਤੇ ਭੀ ਸਾਧ ਸੰਗਤ ਦੀ ਤਾਰੀਫ਼ ਕਰਦੇ ਹਨ।ਇਸ ਤਰ੍ਹਾਂ ਨਾਲ ਜੀਵ ਦੇ ਪਾਪ ਦੂਰ ਹੋ ਜਾਂਦੇ ਹਨ ਕਿਉਂ ਜੋ ਉਸ ਸੋਸਾਇਟੀ ਵਿਚ ਵਾਹਿਗੁਰੂ ਦੇ ਗੁਨ ਅੰਮ੍ਰਿਤ ਭਰਿਆ ਰਸ ਦੇਂਦ ਹਨ । ਇਸ ਸੰਗਤ

---

1 ਬਚਾਏ। 2 ਖਾਨਦਾਨ, ਪਰਵਾਰ। 3 ਤਾਰ ਲੈਂਦਾ ਹੈ। 4 ਹਰ ਇਕ ਦੇ ਕੰਮ ਆਨਾ। 5 ਦੇਵਤੇ । 6 ਦੂਰ ਹੋਣਾ, ਨਸ਼ਟ ਹੋਣਾ। 7 ਪਹੁੰਚ। 8 ਹਰ ਥਾਂ।



Digitized by Panjab Digital Library | www.panjabdigilib.org

ਵਿਚ ਰਹਿ ਕੇ ਸਭ ਜਗਾ ਤੇ ਆਦਮੀ ਪਹੁੰਚ ਸਕਦਾ ਹੈ ਉਚੀ ਆਤਮਕ ਅਵਸਥਾ ਤੇ ਪਹੁੰਚ ਜਾਂਦਾ ਹੈ ਸ੍ਰੀ ਗੁਰੂ ਜੀ ਆਖਦੇ ਹਨ ਕਿ ਸਾਧ ਸੰਗਤ ਵਿਚ ਰਹਿਣੇ ਮਨੁਖਾਂ-ਜਨਮ ਦਾ ਅਸਲੀ ਫਲ ਜੀਵ ਨੂੰ ਮਿਲ ਜਾਂਦਾ ਹੈ ਮਨੁਖ ਇਸ ਚੌਰਾਸੀ ਦੇ ਗੇੜ ਤੋਂ ਤਰ ਜਾਂਦਾ ਹੈ।

ਸਾਧ ਕੈ ਸੰਗਿ ਨਹੀ ਕਛੁ ਘਾਲ [1] ॥
ਦਰਸਨ ਭੇਟਤ [2] ਹੋਤ ਨਿਹਾਲ [3] ॥
ਸਾਧ ਕੈ ਸੰਗਿ ਕਲੂਖਤ [4] ਹਰੈ ॥
ਸਾਧ ਕੈ ਸੰਗਿ ਨਰਕ ਪਰਹਰੈ [5] ॥
ਸਾਧ ਕੈ ਸੰਗਿ ਈਹਾ ਊਹਾ ਸੁਹੇਲਾ [6] ॥
ਸਾਧ ਸੰਗਿ ਬਿਛੁਰਤ [7] ਹਰਿ ਮੇਲਾ ॥
ਜੋ ਇਛੈ ਸੋਈ ਫਲੁ ਪਾਵੈ ॥
ਸਾਧ ਕੈ ਸੰਗਿ ਨ ਬਿਰਥਾ [8] ਜਾਵੈ ॥
ਪਾਰਬ੍ਰਹਮੁ ਸਾਧ ਰਿਦ [9] ਬਸੈ ॥
ਨਾਨਕ ਉਧਰੈ ਸਾਧ ਸੁਨਿ ਰਸੈ [10] ॥ ੬ ॥

ਸਾਧ ਸੰਗਤ ਵਿਚ ਜਾਣ ਵਾਲੇ ਨੂੰ ਹੋਰ ਕਿਸੇ ਮੇਹਨਤ ਜਾਂ ਤਪਸਿਆ ਦੀ ਲੋੜ ਨਹੀਂ ਰਹਿੰਦੀ। ਕਿਉਂਕਿ ਸਾਧ ਸੰਗਤ ਦਾ ਦਰਸ਼ਨ ਕਰਨ ਨਾਲ ਦਿਲ ਖੁਸ਼ ਹੋ ਜਾਂਦਾ ਹੈ। ਸਾਧ ਸੰਗ ਕਰਨ ਨਾਲ ਕਲਜੁਗ ਦੇ ਗੜੇ ਤੋਂ ਬਚ ਨਿਕਲੀਦਾ ਹੈ ਤੇ ਸਾਰੇ ਕੀਤੇ ਹੋਏ ਪਾਪ

---

1 ਤਪਸਿਆ, ਮੇਹਨਤ। 2 ਪਾਂਦਿਆ। 3 ਖੁਸ਼, ਪ੍ਰਸੰਨ। 4 ਕਲੰਕ। 5 ਪਰੇ ਹਟਨਾਂ। 6 ਸੁਖੀ, ਯਸ਼ਧਾਰੀ। 7 ਵਿਛੜਿਆ ਹੋਇਆ। 8 ਵੇਅਰਥ, ਬੇਫਾਇਦਾ। 9 ਦਿਲ। 10 ਰਸਨਾਂ, ਜ਼ਬਾਨ।



Digitized by Panjab Digital Library | www.panjabdigilib.org

ਭੀ ਦੂਰ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਨਰਕ ਵਿਚ ਜਾਨ ਤੋਂ ਭੀ ਬਚ ਜਾਈਦਾ ਹੈ। ਸਾਧ ਸੰਗਤ ਕਰਨ ਨਾਲ ਇਸ ਲੋਕ ਤੇ ਪਰਲੋਕ ਵਿਚ ਸੁਖ ਮਿਲਦਾ ਹੈ। ਤੇ ਇਸ ਤਰ੍ਹਾਂ ਵਿਛੜਿਆ ਹੋਇਆ ਪ੍ਰਭੂ ਮਿਲ ਜਾਂਦਾ ਹੈ। ਸਾਧ ਸੰਗ ਕਰਨ ਨਾਲ ਜੋ ਖ਼ਾਹਿਸ਼ ਹੋਵੇ ਉਹੀ ਪੂਰੀ ਹੋ ਜਾਂਦੀ ਹੈ। ਸਾਧੂ ਦੀ ਸੰਗਤ ਵਿਅਰਥ ਨਹੀਂ ਜਾਂਦੀ। ਪ੍ਰਭੂ ਸਾਧੂ ਜਨਾਂ ਦੇ ਦਿਲਾਂ ਵਿਚ ਵਸਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਕਿ ਮਨੁਖ ਸਾਧੂਆਂ ਦੀ ਜ਼ਬਾਨ ਤੋਂ ਉਪਦੇਸ਼ ਸੁਣਕੇ ਬੁਰੇ ਕੰਮਾ ਤੋਂ ਬਚ ਜਾਂਦਾ ਹੈ।

ਸਾਧ ਕੈ ਸੰਗਿ ਸੁਨਉ ਹਰਿ ਨਾਉ ॥
ਸਾਧ ਸੰਗਿ ਹਰਿ ਕੇ ਗੁਨ ਗਾਉ ॥
ਸਾਧ ਕੈ ਸੰਗਿ ਨ ਮਨ ਤੇ ਬਿਸਰੈ[1] ॥
ਸਾਧ ਸੰਗਿ ਸਰਪਰ[2] ਨਿਸਤਰੈ ॥
ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥
ਸਾਧੂ ਕੈ ਸੰਗਿ ਘਟਿ[3] ਘਟਿ ਡੀਠਾ ॥
ਸਾਧ ਸੰਗਿ ਭਏ ਆਗਿਆਕਾਰੀ[4] ॥
ਸਾਧ ਸੰਗਿ ਗਤਿ[5] ਭਈ ਹਮਾਰੀ ॥
ਸਾਧ ਕੈ ਸੰਗਿ ਮਿਟੇ ਸਭਿ ਰੋਗ ॥
ਨਾਨਕ ਸਾਧ ਭੇਟੇ[6] ਸੰਜੋਗ[7] ॥ ੭ ॥

---

1 ਵਿਸਰੇ, ਭੁਲੇ। 2 ਜ਼ਰੂਰ। 3 ਜ਼ਰੇ, ੨ ਵਿਚ, ਸ਼ਰੀਰ। 4 ਪ੍ਰਭੂ ਦਾ ਹੁਕਮ ਮਨਣਾ। 5 ਚੰਗੀ ਹਾਲਤ, ਮੁਕਤੀ। 6 ਮਿਲਦੇ ਹਨ। 7 ਚੰਗੇ ਭਾਗਾਂ ਨਾਲ।



Digitized by Panjab Digital Library | www.panjabdigilib.org

ਸਾਧੂ ਦੀ ਸੰਗਤ ਕਰਨ ਨਾਲ ਪ੍ਰਭੂ ਦਾ ਨਾਮ ਸੁਨੀਂਦਾ ਹੈ। ਤੇ ਸਾਧ ਸੰਗਤ ਕਰਨ ਨਾਲ ਹਰੀ ਦੇ ਗੁਣ ਗਾਈਦੇ ਹਨ। ਸੰਤਾਂ ਦੀ ਸੁਸਾਇਟੀ ਵਿਚ ਰਹਿਣ ਨਾਲ ਪ੍ਰਭੂ ਮਨ ਤੋਂ ਨਹੀਂ ਭੁਲਦਾ। ਸਾਧ ਸੰਗ ਕਰਨ ਨਾਲ ਇਸ ਸੰਸਾਰ ਰੂਪੀ ਅੰਧੇਰੀ ਰਾਤ ਤੋਂ ਜ਼ਰੂਰ ਬਚ ਜਾਈਦਾ ਹੈ। ਗੁਰਮੁਖਾਂ ਦੀ ਸੰਗਤ ਵਿਚ ਰਹਿਕੇ ਪ੍ਰਭੂ ਦਾ ਨਾਮ ਮਿਠਾ ਲਗਣ ਲਗ ਜਾਂਦਾ ਹੈ। ਤੇ ਸਾਧ ਸੰਗਤ ਵਿਚ ਰਹਿ ਕੇ ਮਨੁਖ ਨੂੰ ਈਸ਼ਵਰ ਹਰ ਇਕ ਸਰੀਰ ਵਿਚ ਨਜ਼ਰ ਆਣ ਲਗ ਪੈਂਦਾ ਹੈ, ਇਹ ਬੜੀ ਉਚੀ ਅਵਸਥਾ ਹੈ। ਭਲੇ ਪੁਰਸ਼ਾਂ ਦੀ ਸੰਗਤ ਕਰਨ ਨਾਲ ਈਸ਼ਵਰ ਦੀ ਆਗਿਆ ਹੁਕਮ-ਮੰਨਣ ਦੀ ਜਾਚ ਆ ਜਾਂਦੀ ਹੈ ਤੇ ਇਸ ਤਰ੍ਹਾਂ ਜੀਵ ਦੀ ਹਾਲਤ ਸੁਧਰ ਜਾਂਦੀ ਹੈ। ਸੰਤਾਂ ਮਹਾਤਮਾਂ ਦੀ ਸੰਗਤ ਵਿਚ ਸਾਰੀਆਂ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ ਸ੍ਰੀ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਸੰਗਤ ਵਡੇ ਭਾਗਾਂ ਨਾਲ ਹੀ ਮਿਲਦੀ ਹੈ।

ਸਾਧ ਕੀ ਮਹਿਮਾ[1] ਬੇਦ ਨ ਜਾਨਹਿ ॥
ਜੇਤਾ[2] ਸੁਨਹਿ ਤੇਤਾ[3] ਬਖਿਆਨਹਿ[4] ॥

ਸਾਧੂ ਦਾ ਰੁਤਬਾ ਇਤਨਾ ਉਚਾ ਹੈ ਕਿਵੇਦ ਭੀ ਵਰਨਣ ਨਹੀਂ ਕਰ ਸਕਦੇ, ਉਹ ਤਾਂ ਸਿਰਫ ਇਤਨਾਂ ਹੀ ਬਿਆਨ ਕਰਦੇ ਹਨ ਜਿਤਨਾ ਸੁਣਦੇ ਹਨ, ਪਰ ਸਾਧੂ ਦੀ ਮਹਿਮਾਂ ਬੜੀ ਉਚੀ ਹੈ।

---

1 ਵਡਿਆਈ। 2 ਜਿਤਨਾਂ। 3 ਉਤਨਾਂ। 4 ਬਿਆਨ ਕਰਦੇ ਹਨ।



Digitized by Panjab Digital Library | www.panjabdigilib.org

ਸਾਧ ਕੀ ਉਪਮਾ [1] ਤਿਹੁ ਗੁਣ [2] ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ [3] ॥

ਸਾਧੂ ਦੀ ਬਰਾਬਰੀ ਦੁਨੀਆਂ ਦੀ ਕੋਈ ਚੀਜ਼ ਨਹੀਂ ਕਰ ਸਕਦੀ ਦੁਨੀਆਂ ਵਿਚ ਅਜੇਹੀ ਕੋਈ ਹਸਤੀ ਨਹੀਂ ਜਿਸ ਨੂੰ ਸਾਧੂ ਵਰਗਾ ਕਿਹਾ ਜਾਏ। ਸਾਧ ਦੀ ਸਮਾਨਤਾ ਉਸ ਪ੍ਰਭੂ ਨਾਲ ਹੀ ਹੋ ਸਕਦੀ ਹੈ ਜੋ ਹਰ ਜਗਾ ਮੌਜੂਦ ਹੈ।

ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥

ਸਾਧੂ ਦੀ ਤਾਰੀਫ਼ ਦਾ ਕੋਈ ਲਿਮਟ ਜਾਂ ਅੰਦਾਜ਼ਾ ਨਹੀ, ਉਸ ਦੀ ਸੋਭਾ ਹਮੇਸ਼ਾਂ ਬੇਅੰਤ ਹੈ।

ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ [4] ਤੇ ਮੂਚੀ ॥

ਸਾਧੂ ਦੀ ਤਾਰੀਫ਼ ਹੋਰ ਸਭ ਸੋਭਾ ਤੋਂ ਬਹੁਤ ਉਚੀ ਤੇ ਵਡੀ ਹੈ।

ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ੮ ॥

ਸਾਧੂ ਦੀ ਉਪਮਾ ਇਤਨੀ ਉਚੀ ਹੈ ਕਿ ਕੋਈ ਭੀ ਨਹੀਂ ਕਰ ਸਕਦਾ। ਸਾਧੂ ਦੀ ਸੋਭਾ ਸਾਧੂ ਹੀ ਕਰ ਸਕਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਹੇ ਭਾਈ! ਮੁਕਦੀ ਗਲ ਇਹ ਹੈ ਕਿ ਸਾਧੂ ਤੇ ਪ੍ਰਭੂ ਬਰਾਬਰ ਹਨ ਉਨ੍ਹਾਂ ਵਿਚ ਕੋਈ ਫ਼ਰਕ ਨਹੀਂ। ਸੋ ਪ੍ਰਭੂ ਨੂੰ ਮਿਲਨ ਵਾਸਤੇ ਸਾਧ ਸੰਗ ਕਰਨਾਂ ਬਹੁਤ ਜ਼ਰੂਰੀ ਹੈ।

---

1 ਬਰਾਬਰੀ। 2 ਰਜੁ, ਤਮੁ, ਗਣੋ। 3 ਵਿਆਪਕ, ਮੌਜੂਦ। 4 ਵਡੀ, ਸੁੰਦਰ।



Digitized by Panjab Digital Library | www.panjabdigilib.org

## ਸਲੋਕੁ

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ[1] ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ[2] ਹੋਇ ॥

ਜਿਸ ਮਨੁਖ ਦੇ ਮੰਨ ਵਿਚ ਸਚਾ ਈਸ਼ਵਰ ਵਸਦਾ ਹੋਵੇ ਤੇ ਉਹ ਮੂੰਹੋਂ ਉਸ ਸਚੇ ਪ੍ਰਭੂ ਦਾ ਹੀ ਜਾਪ ਕਰੇ। ਇਕ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਨ ਵੇਖੇ, ਸਿਵਾਏ ਈਸ਼ਵਰ ਦੇ ਹੋਰ ਕਿਸੇ ਦਾ ਆਸਰਾ ਨ ਲਵੇ, ਸ੍ਰੀ ਗੁਰੂ ਜੀ ਆਖਦੇ ਹਨ ਇਹੋ ਜੇਹੇ ਗੁਣਾਂ ਵਾਲਾ ਪੁਰਸ਼ ਬ੍ਰਹਮ ਗਿਆਨੀ ਹੋ ਜਾਂਦਾ ਹੈ।

### ਅਸਟਪਦੀ

ਬ੍ਰਹਮ ਗਿਆਨੀ ਸਦਾ ਨਿਰਲੇਪ[3] ॥
ਜੈਸੇ ਜਲ ਮਹਿ ਕਮਲ ਅਲੇਪ[4] ॥

---

1 ਵੇਖੇ। 2 ਜਿਸ ਨੂੰ ਪ੍ਰਭੂ ਦਾ ਗਿਆਨ ਹੋਵੇ। 3 ਬੇਦਾਗ਼
4 ਸਾਫ਼।



Digitized by Panjab Digital Library | www.panjabdigilib.org

ਬ੍ਰਹਮ ਗਿਆਨੀ ਦੁਨੀਆਂ ਵਿਚ ਰਹਿਕੇ ਭੀ ਦੁਨਯਾਵੀ ਐਬਾਂ ਤੋਂ ਬੇਦਾਗ਼ ਹੋਕੇ ਰਹਿੰਦਾ ਹੈ ਜਿਸ ਤਰ੍ਹਾਂ ਪਾਣੀ ਵਿਚ ਰਹਿਕੇ ਕੰਵਲ ਫੁਲ ਚਿਕੜ ਤੋਂ ਸਾਫ ਰਹਿੰਦਾ ਹੈ।

ਬ੍ਰਹਮ ਗਿਆਨੀ ਸਦਾ ਨਿਰਦੋਖ[1] ॥
ਜੈਸੇ ਸੂਰੁ[2] ਸਰਬ ਕਉ ਸੋਖ[3] ॥

ਜਿਸ ਤਰ੍ਹਾਂ ਸੂਰਜ ਸਬ ਚੀਜ਼ਾਂ ਨੂੰ ਸੁਕਾ ਦੇਂਦਾ ਹੈ, ਇਸੇ ਤਰ੍ਹਾਂ ਬ੍ਰਹਮਗਿਆਨੀ ਹਮੇਸ਼ਾਂ ਪਾਪ ਦੂਰ ਕਰਦਾ ਹੈ।

ਬ੍ਰਹਮ ਗਿਆਨੀ ਕੈ ਦ੍ਰਿਸ਼ਟਿ[4] ਸਮਾਨਿ[5] ॥
ਜੈਸੇ ਰਾਜ[6] ਰੰਕ[7] ਕਉ ਲਾਗੈ ਤੁਲਿ[8] ਪਵਾਨ[9] ॥

ਜਿਸ ਤਰ੍ਹਾਂ ਹਵਾ ਰਾਜਾ ਤੇ ਗਰੀਬ ਨੂੰ ਇਕੋ ਜੇਹੀ ਲਗਦੀ ਹੈ, ਇਸੇ ਹਵਾ ਦੀ ਤਰ੍ਹਾਂ ਬ੍ਰਹਮ ਗਿਆਨੀ ਹਰ ਇਕ ਨੂੰ ਇਕੋ ਜੇਹੀ ਨਜ਼ਰ ਨਾਲ ਵੇਖਦਾ ਹੈ।

ਬ੍ਰਹਮ ਗਿਆਨੀ ਕੈ ਧੀਰਜੁ[10] ਏਕੁ ॥
ਜਿਉ ਬਸੁਧਾ[11] ਕੋਊ ਖੋਦੈ ਕੋਊ ਚੰਦ ਨ ਲੇਪ ॥

ਜਿਸ ਤਰ੍ਹਾਂ ਜ਼ਮੀਨ ਨੂੰ ਖ਼ਾਹ ਕੋਈ ਖੋਦੇ ਤੇ ਖ਼ਾਹ ਕੋਈ ਚੰਦਨ ਦੇ ਲੇਪਣ ਦੇਵੇ ਪਰ ਧਰਤੀ ਨੂੰ ਪਰਵਾਹ ਨਹੀਂ ਤਿਵੇਂ ਹੀ ਖ਼ਾਹ ਕੋਈ ਭਲਾ ਕਹੇ ਖ਼ਾਹ ਬੁਰਾ ਬ੍ਰਹਮ ਗਿਆਨੀ ਵਿਚ ਇਤਨਾਂ ਧਰਤੀ ਦੀ ਤਰ੍ਹਾਂ ਹੌਸਲਾ ਹੁੰਦਾ ਹੈ ਕਿ ਉਹ ਇਸ ਗਲ ਦੀ ਪਰਵਾਹ ਨਹੀਂ ਕਰਦਾ।

---

1 ਪਾਪਾਂ ਤੋਂ ਬਰੀ। 2 ਸੂਰਜ। 3 ਸੁਕਾਨ ਵਾਲਾ। 4 ਨਜ਼ਰ। 5 ਬਰਾਬਰ, ਇਕੋ ਜੇਹੀ। 6 ਰਾਜਾ। 7 ਗਰੀਬ। 8 ਬਰਾਬਰ। 9 ਹਵਾ 10 ਹੌਸਲਾ, ਸਬਰ। 11 ਜ਼ਮੀਨ।



Digitized by Panjab Digital Library | www.panjabdigilib.org

ਬ੍ਰਹਮ ਗਿਆਨੀ ਕਾ ਇਹੈ ਗੁਨਾਉ [1] ॥
ਨਾਨਕ ਜਿਉ ਪਾਵਕ [2] ਕਾ ਸਹਜ [3] ਸੁਭਾਉ ॥ ੧ ॥

ਸ੍ਰੀ ਗੁਰੂ ਜੀ ਆਖਦੇ ਹਨ ਕਿ ਜਿਸ ਤਰ੍ਹਾਂ ਅਗ ਹਰ ਇਕ ਚੀਜ਼ ਨੂੰ ਗਰਮ ਕਰਦੀ ਹੈ, ਪਕਦੀ ਹੈ ਤੇ ਸਾਫ਼ ਕਰਦੀ ਹੈ ਇਸੇ ਤਰ੍ਹਾਂ ਬ੍ਰਹਮ ਗਿਆਨੀ ਹਰ ਇਕ ਚੀਜ਼ ਇਕੋ ਤਰ੍ਹਾਂ ਜਾਣਦਾ ਹੈ ਤੇ ਅਗ ਦੀ ਤਰ੍ਹਾਂ ਹਰ ਇਕ ਦੇ ਪਾਪਾਂ ਦੀ ਮੈਲ ਨੂੰ ਸਾੜਕੇ ਜੀਵ ਨੂੰ ਪਵਿਤ੍ਰ ਕਰ ਦੇਂਦਾ ਹੈ।

ਬ੍ਰਹਮ ਗਿਆਨੀ ਨਿਰਮਲ [4] ਤੇ ਨਿਰਮਲਾ ॥
ਜੈਸੇ ਮੈਲੁ ਨ ਲਾਗੈ ਜਲਾ ॥

ਜਿਸ ਤਰ੍ਹਾਂ ਪਾਣੀ ਨੂੰ ਮੈਲ ਨਹੀਂ ਲਗਦੀ ( ਜਦ ਬੁਖ਼ਾਰਾਤ ਬਣਕੇ ਪਾਣੀ ਉਡ ਜਾਂਦਾ ਹੈ ਤੇ ਸਾਫ਼ ਹੋ ਜਾਂਦਾ ਹੈ ) ਉਸੇ ਤਰ੍ਹਾਂ ਬ੍ਰਹਮ ਗਿਆਨੀ ਸਾਫ ਤੇ ਨਿਰਮਲ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ [5] ॥
ਜੈਸੇ ਧਰ [6] ਊਪਰਿ ਆਕਾਸੁ ॥

ਜਿਸ ਤਰ੍ਹਾਂ ਜ਼ਮੀਨ ਦੇ ਉਤੇ ਅਸਮਾਨ ਹਰ ਥਾਂ ਹੈ ਇਸ ਗਲ ਦਾ ਹਰ ਕਿਸੇ ਨੂੰ ਪਤਾ ਹੈ ਉਸੇ ਤਰ੍ਹਾਂ ਬ੍ਰਹਮਗਿਆਨੀ ਨੂੰ ਇਸ ਗਲ ਦਾ ਚਾਨਣ ਹੋ ਜਾਂਦਾ ਹੈ ਕਿ ਪ੍ਰਭੂ ਹਰ ਇਕ ਥਾਂ ਜ਼ਰੇ ੨ ਵਿਚ ਸਮਾਇਆ ਹੋਇਆ ਹੈ।

---

1 ਗੁਨ ਜਾਂ ਸਿਫਤ। 2 ਅਗ। 3 ਕੁਦਰਤੀ। 4 ਮਲ ਤੋਂ ਰਹਿਤ, ਸਾਫ। 5 ਚਾਨਣ ਗਿਆਨ। 6 ਧਰਤੀ।



Digitized by Panjab Digital Library | www.panjabdigilib.org

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ[1] ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥

ਬ੍ਰਹਮ ਗਿਆਨੀ ਨੂੰ ਦਸਤ ਤੇ ਦੁਸ਼ਮਨ ਇਕੋ ਜੇਹਾ ਲਗਦਾ ਹੈ ਉਸ ਨੂੰ ਕਿਸੇ ਗਲ ਦਾ ਅਹੰਕਾਰ ਨਹੀਂ ਹੁੰਦਾ।

ਬ੍ਰਹਮ ਗਿਆਨੀ ਊਚ ਤੇ ਊਚਾ ॥
ਮਨਿ ਅਪਨੈ ਹੈ ਸਭ ਤੇ ਨੀਚਾ ॥

ਬ੍ਰਹਮਗਿਆਨੀ ਅਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਦਾ ਹੈ, ਤੇ ਅਸਲ ਵਿਰ ਉਹ ਸਭ ਤੋਂ ਉੱਚਾ ਹੁੰਦਾ ਹੈ।

ਬ੍ਰਹਮ ਗਿਆਨੀ ਸੇ ਜਨ ਭਏ ॥
ਨਾਨਕ ਜਿਨ ਪ੍ਰਭ ਆਪਿ ਕਰੇਇ ॥ ੨ ॥

ਸ੍ਰੀ ਗੁਰੂ ਜੀ ਆਖਦੇ ਹਨ, ਉਹੀ ਜੀਵ ਬ੍ਰਹਮ ਗਿਆਨੀ ਬਣਦੇ ਹਨ ਜਿਨ੍ਹਾਂ ਤੇ ਪ੍ਰਭੂ ਆਪ ਕ੍ਰਿਪਾ ਕਰੇ।

ਬ੍ਰਹਮ ਗਿਆਨੀ ਸਗਲ ਕੀ ਰੀਨਾ[2] ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ[3] ॥

ਬ੍ਰਹਮਗਿਆਨੀ ਸਭ ਦੇ ਚਰਨਾਂ ਦੀ ਧੂੜੀ ਬਣਕੇ ਰਹਿੰਦਾ ਹੈ। ਉਸ ਨੇ ਆਤਮਕ ਰਸ ਦਾ ਆਨੰਦ ਪਛਾਨ ਲੀਤਾ ਹੈ।

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ[4] ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥

ਬ੍ਰਹਮ ਗਿਆਨੀ ਸਭ ਤੇ ਮੇਹਰ ਕਰਦਾ ਹੈ ਤੇ ਸਭ ਦਾ ਭਲਾ

---

1 ਦੁਸ਼ਮਨ । 2 ਚਰਨ ਧੂੜ । 3 ਪਛਾਨਿਆ । 4 ਮੇਹਰ।



Digitized by Panjab Digital Library | www.panjabdigilib.org

ਕਰਦਾ ਹੈ ਤੇ ਉਹ ਕੋਈ ਬੁਰਾ ਕੰਮ ਨਹੀਂ ਕਰਦਾ। ਉਸ ਤੋਂ ਕਿਸੇ ਦਾ ਬੁਰਾ ਹੋ ਹੀ ਨਹੀਂ ਸਕਦਾ।

ਬ੍ਰਹਮ ਗਿਆਨੀ ਸਦਾ ਸਮਦਰਸੀ [1] ॥
ਬ੍ਰਹਮ ਗਿਆਨੀ ਕੀ ਦ੍ਰਿਸਟਿ [2] ਅੰਮ੍ਰਿਤੁ ਬਰਸੀ ॥

ਬ੍ਰਹਮ ਗਿਆਨੀ ਸਭ ਨੂੰ ਹਮੇਸ਼ਾਂ ਇਕੋ ਜੇਹੀ ਨਜ਼ਰ ਨਾਲ ਦੇਖਦਾ ਹੈ। ਬ੍ਰਹਮ ਗਿਆਨੀ ਦੀ ਨਜ਼ਰ ਤੋਂ ਸਭ ਤੇ ਅੰਮ੍ਰਿਤ ਦੀ ਵਰਸ਼ਾ ਹੁੰਦੀ ਹੈ।

ਬ੍ਰਹਮ ਗਿਆਨੀ ਬੰਧਨ ਤੇ ਮੁਕਤਾ [3] ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ [4] ॥

ਬ੍ਰਹਮਗਿਆਨੀ ਦੁਨਯਾਵੀ ਬੰਧਨਾਂ ਤੋਂ ਆਜ਼ਾਦ ਹੁੰਦਾ ਹੈ। ਉਸਦਾ ਜ਼ਿੰਦਗੀ ਵਿਚ ਰਹਿਣ ਦਾ ਤਰੀਕਾ ਬਿਲਕੁਲ ਸਾਫ਼ ਹੁੰਦਾ ਹੈ।

ਬ੍ਰਹਮ ਗਿਆਨੀ ਕਾ ਭੋਜਨ ਗਿਆਨੁ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ [5] ਧਿਆਨੁ ॥ ੩॥

ਬ੍ਰਹਮਗਿਆਨੀ ਦੀ ਖੁਰਾਕ ਰਬੀ ਗਿਆਨ ਹੈ। ਸ੍ਰੀ ਗੁਰੂ ਜੀ ਆਖਦੇ ਹਨ ਬ੍ਰਹਮਗਿਆਨੀ ਦਾ ਧਿਆਨ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ।

ਬਹਮ ਗਿਆਨੀ ਏਕ ਊਪਰਿ ਆਸ [6] ॥
ਬਹਮ ਗਿਆਨੀ ਕਾ ਨਹੀ ਬਿਨਾਸ [7] ॥

---

1 ਇਕੋ ਜੇਹੀ ਨਜ਼ਰ ਰਖਣੀ। 2 ਨਜ਼ਰ। 3 ਅਜ਼ਾਦ। 4 ਜ਼ਿੰਦਗੀ ਗੁਜ਼ਾਰਨ ਦਾ ਤਰੀਕਾ। 5 ਪ੍ਰਭੂ। 6 ਆਸਰਾ। 7 ਨਾਸ।



Digitized by Panjab Digital Library | www.panjabdigilib.org

ਬ੍ਰਹਮਗਿਆਨੀ ਇਕ ਪ੍ਰਭੂ ਦਾ ਆਸਰਾ ਲੈਂਦਾ ਹੈ (ਧਰ ਜੀਅਰੇ ਇਕ ਟੇਕ ਤੂੰ ਲਾਹਿ ਬਿਡਾਨੀ ਆਸ। ਨਾਨਕ ਨਾਮ ਧਿਆਈਐ ਕਾਰਜ ਆਵੈ ਰਾਸਿ) ਉਹ ਨਾਸ਼ ਹੋਣ (ਮੌਤ) ਤੋਂ ਨਹੀਂ ਡਰਦਾ। ਉਹ ਮਰਨ ਜੀਵਨ ਤੋਂ ਬਚ ਜਾਂਦਾ ਹੈ।

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ[1] ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ[2] ॥

ਬ੍ਰਹਮਗਿਆਨੀ ਦੇ ਦਿਲ ਵਿਚ ਗਰੀਬੀ ਵਸਦੀ ਹੈ। ਤੇ ਉਸਨੂੰ ਹੋਰਨਾਂ ਦਾ ਭਲਾ ਕਰਨ ਦਾ ਚਾਹ ਚੜ੍ਹਿਆ ਰਹਿੰਦਾ ਹੈ।

ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥
ਬ੍ਰਹਮ ਗਿਆਨੀ ਲੇ ਧਾਵਤੁ[3] ਬੰਧਾ ॥

ਬ੍ਰਹਮਗਿਆਨੀ ਦਾ ਮਨ ਦੁਨਿਆਵੀ ਧੰਧਿਆਂ ਵਿਚ ਨਹੀਂ ਫਸਦਾ ਕਿਉਂ ਜੋ ਅਪਣੇ ਦੌੜਦੇ ਮਨ ਨੂੰ ਉਹ ਬੰਨ ਕੇ ਰਖਦਾ ਹੈ।

ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥
ਬ੍ਰਹਮ ਗਿਆਨੀ ਸੁਫਲ ਫਲਾ ॥

ਜੋ ਕੁਛ ਹੀ ਪ੍ਰਭੂ ਕਰਦਾ ਹੈ, ਬ੍ਰਹਮਗਿਆਨੀ ਉਸ ਨੂੰ ਭਲਾ ਕਰ ਕੇ ਸਿਰ ਮੱਥੇ ਤੇ ਮੰਨਦਾ ਹੈ। ਉਹ ਸਦਾ ਫਲਦਾ ਫੁਲਦਾ ਰਹਿੰਦਾ ਹੈ।

ਬ੍ਰਹਮ ਗਿਆਨੀ ਸੰਗਿ[4] ਸਗਲ ਉਧਾਰੁ[5] ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥ ੪ ॥

---

1 ਸਮਾਈ ਜਾਂ ਟਿਕੀ ਹੋਈ ਹੈ। 2 ਚਾਉ। 3 ਦੌੜਦੇ। 4 ਸਾਥ। 5 ਸੰਸਾਰ ਤੋਂ ਤਰਨਾ।



Digitized by Panjab Digital Library | www.panjabdigilib.org

ਬ੍ਰਹਮਗਿਆਨੀ ਦੇ ਨਾਲ ਸਾਰੇ ਤਰ ਜਾਂਦੇ ਹਨ, ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮਗਿਆਨੀ ਦੇ ਨਾਲ ਮਿਲਕੇ ਸਾਰੀ ਦੁਨੀਆਂ ਰਬ ਦਾ ਨਾ ਜਪਨ ਲਗ ਜਾਂਦੀ ਹੈ।

ਬ੍ਰਹਮ ਗਿਆਨੀ ਕੈ ਏਕੈ ਰੰਗ ॥
ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ[1] ॥

ਬ੍ਰਹਮਗਿਆਨੀ ਹਰ ਵਕਤ ਇਕੋ ਰੰਗ ਵਿਚ ਮਸਤ ਰਹਿੰਦਾ ਹੈ, ਉਹ ਹਰ ਵਕਤ ਪ੍ਰਭੂ ਦੀ ਯਾਦ ਵਿਚ ਮਸਤ ਰਹਿੰਦਾ ਹੈ। ਵਾਹਿਗੁਰੂ ਉਸ ਦੇ ਹਰ ਵਕਤ ਅੰਗ ਸੰਗ ਰਹਿੰਦਾ ਹੈ।

ਬ੍ਰਹਮ ਗਿਆਨੀ ਕੈ ਨਾਮੁ ਅਧਾਰੁ[2] ॥
ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥

ਬ੍ਰਹਮਗਿਆਨੀ ਨੂੰ ਪ੍ਰਭੂ ਦੇ ਨਾਮ ਦਾ ਹੀ ਆਸਰਾ ਹੈ ਤੇ ਨਾਮ ਹੀ ਉਸ ਦਾ ਘਰ ਬਾਰ ਹੈ।

ਬ੍ਰਹਮ ਗਿਆਨੀ ਸਦਾ ਸਦ ਜਾਗਤ ॥
ਬ੍ਰਹਮ ਗਿਆਨੀ ਅਹੰਬੁਧਿ[3] ਤਿਆਗਤ[4] ॥

ਬ੍ਰਹਮਗਿਆਨੀ ਹਮੇਸ਼ਾਂ ਹੁਸ਼ਿਆਰ ਰਹਿੰਦਾ ਹੈ ਕਿ ਉਸ ਤੇ ਵਿਕਾਰ ਕੋਈ ਹਮਲਾ ਨ ਕਰਨ ਤੇ ਉਹ ਹੰਕਾਰ ਲੈ ਆਣ ਵਾਲੀ ਬੁਧੀ ਛਡ ਦੇਂਦਾ ਹੈ।

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥
ਬ੍ਰਹਮ ਗਿਆਨੀ ਕੈ ਘਰ ਸਦਾ ਅਨੰਦ ॥

---

1 ਸਾਥ। 2 ਆਸਰਾ। 3 ਹੰਕਾਰ ਲੈ ਔਣ ਵਾਲੀ ਬੁਧੀ। 4 ਛਡ ਦੇਂਦਾ ਹੈ।



Digitized by Panjab Digital Library | www.panjabdigilib.org

ਬ੍ਰਹਮਗਿਆਨੀ ਦੇ ਦਿਲ ਵਿਚ ਪ੍ਰਭੂ ਵਸਦਾ ਹੈ, ਤੇ ਉਹ ਹਮੇਸ਼ਾਂ ਖੁਸ਼ ਰਹਿੰਦਾ ਹੈ ।

ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ੫॥

ਬ੍ਰਹਮ ਗਿਆਨੀ ਸੁਖ ਤੇ ਚੈਨ ਦੀ ਜ਼ਿੰਦਗੀ ਗੁਜ਼ਾਰਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਉਸ ਦੀ ਉਚੀ ਅਵਸਥਾ ਦਾ ਕਦੇ ਨਾਸ਼ ਨਹੀਂ ਹੁੰਦਾ।

ਬ੍ਰਹਮ ਗਿਆਨੀ ਬ੍ਰਹਮ[1] ਕਾ ਬੇਤਾ[2] ॥
ਬ੍ਰਹਮ ਗਿਆਨੀ ਏਕ ਸੰਗਿ ਹੇਤਾ[3] ॥

ਬ੍ਰਹਮਗਿਆਨੀ ਵਾਹਿਗੁਰੂ ਨੂੰ ਜਾਨਣ ਲਗ ਪੈਂਦਾ ਹੈ ਤੇ ਸਿਰਫ਼ ਉਸੇ ਪ੍ਰਭੂ ਨਾਲ ਹੀ ਪਿਆਰ ਕਰਦਾ ਹੈ।

ਬ੍ਰਹਮ ਗਿਆਨੀ ਕੈ ਹੋਇ ਅਚਿੰਤ[4] ॥
ਬ੍ਰਹਮ ਗਿਆਨੀ ਕਾ ਨਿਰਮਲ[5] ਮੰਤ[6] ॥

ਬ੍ਰਹਮਗਿਆਨੀ ਬੇਫ਼ਿਕਰ ਰਹਿੰਦਾ ਹੈ। ਉਸ ਦਾ ਉਪਦੇਸ਼ ਹੋਰਨਾਂ ਨੂੰ ਪਵਿੱਤ੍ਰ ਕਰਦਾ ਹੈ।

ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥
ਬ੍ਰਹਮ ਗਿਆਨੀ ਕਾ ਬਡ[7] ਪਰਤਾਪ[8] ॥

ਬ੍ਰਹਮਗਿਆਨੀ ਦੀ ਵਡੀ ਸ਼ਾਨ ਹੁੰਦੀ ਹੈ ਬ੍ਰਹਮਗਿਆਨੀ ਬਣਦਾ ਉਹੀ ਹੈ ਜਿਸ ਤੇ ਪ੍ਰਭੂ ਆਪ ਕਿਰਪਾ ਕਰੇ।

---

1 ਵਾਹਿਗੁਰੂ। 2 ਜਾਣਨ ਵਾਲਾ। 3 ਪਿਆਰ। 4 ਚਿੰਤਾ ਤੋਂ ਰਹਿਤ, ਬੇਫਿਕਰ। 5 ਮਲ ਤੋਂ ਰਹਿਤ, ਸਾਫ। 6 ਮੰਤ੍ਰ, ਉਪਦੇਸ਼। 7 ਬਡਾ। ਸ਼ਾਨ।



Digitized by Panjab Digital Library | www.panjabdigilib.org

ੲ-੭

ਬ੍ਰਹਮ ਗਿਆਨੀ ਕਾ ਦਰਸੁ[1] ਬਡਭਾਗੀ ਪਾਈਐ ॥

ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ॥

ਬ੍ਰਹਮਗਿਆਨੀ ਦਾ ਦਰਸ਼ਨ ਖੁਸ਼ਕਿਸਮਤ ਵਾਲਿਆਂ ਨੂੰ ਹੀ ਹੁੰਦਾ ਹੈ ਉਸ ਤੇ ਹਮੇਸ਼ਾਂ ਸਦਕੇ ਤੇ ਕੁਰਬਾਨ ਜਾਈਏ।

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ[2] ॥

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ[3] ॥ ੬ ॥

ਸ਼ਿਵ ਜੀ ਭੀ ਬ੍ਰਹਮਗਿਆਨੀ ਨੂੰ ਤਲਾਸ਼ ਕਰਦੇ ਫਿਰਦੇ ਹਨ ਗੁਰੂ ਜੀ ਆਖਦੇ ਹਨ ਕਿ ਅਸਲ ਗਲ ਇਹ ਹੈ ਜੋ ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਦਾ ਰੂਪ ਹੈ।

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥

ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥

ਬ੍ਰਹਮਗਿਆਨੀ ਅਨਮੋਲ ਹੀਰਾ ਹੈ। ਉਹ ਅੰਤਰਜਾਮੀ ਹੈ ਤੇ ਉਸ ਦਾ ਦਿਲ ਸਭ ਕੁਛ ਜਾਣਦਾ ਹੈ।

ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ[4] ॥

ਬ੍ਰਹਮ ਗਿਆਨੀ ਕਉ ਸਦਾ ਅਦੇਸੁ[5] ॥

ਬ੍ਰਹਮਗਿਆਨੀ ਦੀ ਉਚੀ ਜ਼ਿੰਦਗੀ ਦਾ ਕੋਈ ਭੇਦ ਨਹੀਂ ਪਾ ਸਕਦਾ ਬ੍ਰਹਮਗਿਆਨੀ ਨੂੰ ਸਦਾ ਮਥਾ ਟੇਕੋ ਤੇ ਉਸਦੀ ਇਜ਼ਤ ਕਰੋ।

---

1 ਦਰਸ਼ਨ। 2 ਮਹਾ ਈਸ਼ਰ ਸ਼ਿਵਜੀ। 3 ਪਰਮਾਤਮਾ। 4 ਰਾਜ਼। 5 ਨਮਸਕਾਰ।



Digitized by Panjab Digital Library | www.panjabdigilib.org

ਬਹਮ ਗਿਆਨੀ ਕਾ ਕਥਿਆ ਨ ਜਾਇ ਅਧਾਖੁਰ [1] ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥

ਬ੍ਰਹਮਗਿਆਨੀ ਦਾ ਵਰਨਣ ਕਰਨਾ ਤਾਂ ਇਕ ਤਰਫ ਰਹਿਆ, ਉਸਦਾ ਅਧਾ ਅਖਰ ਭੀ ਨਹੀਂ ਕਹਿਆ ਜਾ ਸਕਦਾ। ਉਹ ਸਬ ਦਾ ਠਾਕਰ ਹੈ।

ਬ੍ਰਹਮ ਗਿਆਨੀ ਕੀਮਿਤਿ [2] ਕਉਨੁ ਬਖਾਨੈ[3]॥
ਬ੍ਰਹਮ ਗਿਆਨੀਕੀ ਗਤਿ [4] ਬ੍ਰਹਮ ਗਿਆਨੀ ਜਾਨੈ॥

ਬ੍ਰਹਮਗਿਆਨੀ ਦੀ ਉਚੀ ਜ਼ਿੰਦਗੀ ਦਾ ਕੌਣ ਅੰਦਾਜ਼ਾ ਲਗਾ ਸਕਦਾ ਹੈ। ਉਸਦੀ ਹਾਲਤ ਉਹ ਆਪ ਹੀ ਜਾਨ ਸਕਦਾ ਹੈ।

ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥

ਬ੍ਰਹਮਗਿਆਨੀ ਦੇ ਗੁਣਾਂ ਦਾ ਕੋਈ ਹਦ ਬੰਨਾਂ ਨਹੀਂ ਸ੍ਰੀ ਗੁਰੂ ਜੀ ਆਖਦੇ ਹਨ, ਅਸੀਂ ਉਸ ਦੇ ਚਰਨਾਂ ਤੇ ਸਦਾ ਨਮਸਕਾਰ ਕਰਦੇ ਹਾਂ।

ਬ੍ਰਹਮ ਗਿਆਨੀ ਸਭ ਸ੍ਰਿਸਟਿ [5] ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥

ਬ੍ਰਹਮਗਿਆਨੀ ਸਾਰੀ ਦੁਨੀਆਂ ਦਾ ਕਰਤਾ ਧਰਤਾ ਹੈ। ਉਹ ਹਮੇਸ਼ਾਂ ਜ਼ਿੰਦਾ ਰਹਿੰਦਾ ਹੈ ਤੇ ਜਮਨ ਮਰਣ ਦੇ ਗੇੜ ਵਿਚ ਨਹੀਂ ਆਂਦਾ।

---

1 ਅਧਾ ਅੱਖਰ, ਅਧਾ ਲਫਜ਼। 2 ਮਰਯਾਦਾ, ਲਿਮਿਟਿ, ਅੰਦਾਜ਼ਾ। 3 ਬਿਆਨ ਕਰੇ। 4 ਚਾਲ ਚਲਨ, ਹਾਲਤ। 5 ਦੁਨੀਆਂ।



Digitized by Panjab Digital Library | www.panjabdigilib.org

ਬ੍ਰਹਮ ਗਿਆਨੀ ਮੁਕਤਿ [1] ਜੁਗਤਿ [2] ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ [3] ਬਿਧਾਤਾ [4] ॥

ਬ੍ਰਹਮਗਿਆਨੀ ਮੁਕਤੀ ਦਾ ਰਾਹ ਦਸਨ ਵਾਲਾ ਹੈ ਤੇ ਉਚੀ ਰੂਹਾਨੀ ਜ਼ਿੰਦਗੀ ਦੇਣ ਵਾਲਾ ਹੈ ਤੇ ਉਹ ਸਾਡੀ ਕਿਸਮਤ ਬਨਾਨ ਵਾਲਾ ਤੇ ਪ੍ਰਮੇਸ਼ਰ ਹੈ।

ਬ੍ਰਹਮ ਗਿਆਨੀ ਅਨਾਥ [5] ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥

ਬ੍ਰਹਮਗਿਆਨੀ ਨਿਖਸਮਿਆਂ ਦਾ ਖ਼ਸਮ ਹੈ। ਉਹ ਸਭ ਦੀ ਸਹੈਤਾ ਕਰਦਾ ਹੈ।

ਬ੍ਰਹਮ ਗਿਆਨੀ ਕਾ ਸਗਲ ਅਕਾਰੁ [6] ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥

ਸਾਰੀ ਦੁਨੀਆਂ ਬ੍ਰਹਮਗਿਆਨੀ ਨੂੰ ਪੂਜਦੀ ਹੈ, ਉਹ ਆਪ ਹੀ ਪਰਤਖ ਈਸ਼ਵਰ ਹੈ।

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ [7] ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ [8] ॥੮॥੮॥

ਬ੍ਰਹਮਗਿਆਨੀ ਦੀ ਤਾਰੀਫ ਬ੍ਰਹਮਗਿਆਨੀ ਹੀ ਕਰ ਸਕਦਾ ਹੈ, ਹੋਰ ਕੋਈ ਭੀ ਨਹੀਂ ਕਰ ਸਕਦਾ। ਸ੍ਰੀ ਗੁਰੂ ਜੀ ਆਖਦੇ ਹਨ ਉਹ ਸਭ ਜੀਵਾਂ ਦਾ ਮਾਲਿਕ ਹੈ।

---

1 ਮੁਕਤੀ ਦਾ ਰਸਤਾ। 2 ਜ਼ਿੰਦਗੀ। 3 ਪ੍ਰਮੇਸ਼ਰ। 4 ਲੇਖ ਲਿਖਨ ਵਾਲਾ। 5 ਜਿਸ ਦਾ ਕੋਈ ਮਾਲਕ ਨਾ ਹੋਵੇ। 6 ਸੰਸਾਰ 7 ਜੁੜਦੀ ਜਾਂ ਫਬਦੀ ਹੈ। 8 ਮਾਲਕ।



Digitized by Panjab Digital Library | www.panjabdigilib.org

## ਸਲੋਕੁ ॥

ਉਰਿ[1] ਧਾਰੈ[2] ਜੋ ਅੰਤਰਿ[3] ਨਾਮੁ ॥
ਸਰਬ ਮੈ ਪੇਖੈ ਭਗਵਾਨੁ ॥
ਨਿਮਖ[4] ਨਿਮਖ ਠਾਕੁਰ ਨਮਸਕਾਰੈ ॥
ਨਾਨਕਉਹ ਅਪਰਸੁ[5] ਸਗਲ ਨਿਸਤਰੈ[6] ॥

ਜੋ ਮਨੁਖ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਟਿਕਾ ਲੈਂਦਾ ਹੈ ਤੇ ਸਭਨਾਂ ਵਿਚ ਪ੍ਰਭੂ ਨੂੰ ਦੇਖਦਾ ਹੈ ਤੇ ਹਰ ਵਕਤ ਵਾਹਿਗੁਰੂ ਦੇ ਅਗੇ ਸਿਰ ਝੁਕਾਂਦਾ ਹੈ ਉਹ ਅਸਲੀ ਪਾਰਸ ਹੈ ਜਿਸ ਦੇ ਨਾਲ ਲਗਨ ਨਾਲ ਦੁਨੀਆਂ ਦਾ ਹਰ ਜੀਵ ਤਰ ਜਾਂਦਾ ਹੈ।

### ਅਸਟਪਦੀ ॥

ਮਿਥਿਆ[7] ਨਾਹੀ ਰਸਨਾ[8] ਪਰਸ[9] ॥
ਮਨ ਮਹਿ ਪ੍ਰੀਤਿ[10] ਨਿਰੰਜਨ ਦਰਸ[11] ॥

---

1 ਹਿਰਦਾ, ਜਿਸਮ। 2 ਅੰਦਰ। 3 ਟਿਕਾਏ। 4 ਪਲ ਜਾਂ ਅਖ ਦਾ ਫੁਰਨਾਂ। 5 ਪਾਰਸ। 6 ਤਾਰ ਦੇਂਦਾ। 7 ਝੂਠ। 8 ਜੀਭ। 9 ਛੂਨਾਂ। 10 ਪਿਆਰ। 11 ਦਰਸ਼ਨ।



Digitized by Panjab Digital Library | www.panjabdigilib.org

ਪਰ[1] ਤ੍ਰਿਅ[2] ਰੂਪੁ ਨ ਪੇਖੈ ਨੇਤ੍ਰ[3] ॥
ਸਾਧ ਕੀ ਟਹਲ[4] ਸੰਤ ਸੰਗਿ ਹੇਤ[5] ॥
ਕਰਨ[6] ਨ ਸੁਨੈ ਕਾਹੂ[7] ਕੀ ਨਿੰਦਾ ॥
ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ[8] ਪਰਹਰੈ[9] ॥
ਮਨ ਕੀ ਬਾਸਨਾ[10] ਮਨ ਤੇ ਟਰੈ[11] ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ[12] ॥
ਨਾਨਕ ਕੋਟਿ[13] ਮਧੇ[14] ਕੋ ਐਸਾ ਅਪਰਸ[15]॥੧॥

ਜੋ ਮਨੁਖ ਝੂਠ ਨ ਬੋਲੇ, ਦਿਲ ਵਿਚ ਪ੍ਰਭੂ ਦੇ ਮਿਲਨ ਦਾ ਪਿਆਰ ਹੋਵੈ, ਪਰਾਈ ਇਸਤ੍ਰੀ ਦੀ ਸੁੰਦਰਤਾ ਨ ਦੇਖੇ, ਸਾਧੂਆਂ ਦੀ ਸੇਵਾ ਕਰੇ ਤੇ ਸੰਤਾਂ ਨਾਲ ਪਿਆਰ ਰਖੇ, ਕਿਸੇ ਦੀ ਨਿੰਦਾ ਨ ਸੁਨੇਂ, ਆਪਨੂੰ ਸਭ ਤੋਂ ਨੀਵਾਂ ਸਮਝੇ, ਗੁਰੂ ਦੀ ਮੇਹਰ ਦੁਆਰਾ ਮਾਇਆ ਦੇ ਜੰਜਾਲਾਂ ਨੂੰ ਦੂਰ ਕਰ ਦੇਵੇ, ਦਿਲ ਦੀ ਖਾਹਿਸ਼ ਤੇ ਉਮੰਗਾਂ ਨੂੰ ਛਡਾ ਦੇਵੇ, ਆਪਣੀ ਇੰਦ੍ਰੀਆਂ ਨੂੰ ਵਸ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਿਆ ਰਹੇ, ਗੁਰੂ ਜੀ ਆਖਦੇ ਹਨ ਕਿ ਕਰੋੜਾਂ ਵਿਚ ਐਸਾ ਕੋਈ ਇਕ ਹੀ ਆਤਮ ਗਿਆਨੀ ਹੁੰਦਾ ਹੈ।

---

1 ਪਰਾਈ। 2 ਇਸਤ੍ਰੀ। 3 ਅਖਾਂ। 4 ਸੇਵਾ। 5 ਪਿਆਰ। 6 ਕੰਨ। 7 ਕਿਸੇ। 8 ਮਾਇਆ। 9 ਛੋੜ ਦੇਵੇ। 10 ਵਾਸ਼ਨਾਂ, ਖਾਇਸ਼ਾਂ। 11 ਅਲੈਹਦਾ ਕਰੇ। 12 ਬਚਨਾਂ। 13 ਕਰੋੜ। 14 ਵਿਚ। 15 ਆਤਮ ਗਿਆਨੀ।



Digitized by Panjab Digital Library | www.panjabdigilib.org

੯–੨

ਬੈਸਨੋ[1] ਸੋ ਜਿਸ ਊਪਰਿ ਸੁਪ੍ਰਸੰਨ ॥
ਬਿਸਨ ਕੀ ਮਾਇਆ ਤੇ ਹੋਇ ਭਿੰਨ[2] ॥

ਵਿਸ਼ਨੂੰ (ਅਸਲੀ ਰਬ ਦਾ ਪੁਜਾਰੀ) ਉਸ ਨੂੰ ਕਹੋ, ਜਿਸ ਤੇ ਪ੍ਰਭੂ ਆਪ ਖ਼ੁਸ਼ ਹੋਵੇ। ਦਾਤੇ ਨਾਲ ਪਿਆਰ ਕਰੇ ਤੇ ਦਾਤ ਨਾਲ ਪਿਆਰ ਨ ਕਰੇ।

ਕਰਮ ਕਰਤ ਹੋਵੈ ਨਿਹਕਰਮ[3] ॥
ਤਿਸੁ ਬੈਸਨੋ ਕਾ ਨਿਰਮਲ ਧਰਮ ॥

ਐਸੇ ਮਹਾਤਮਾਂ ਦਾ ਧਰਮ ਪਵਿਤ੍ਰ ਹੈ ਜੋ ਧਰਮ ਦੇ ਕੰਮ ਕਰਦਾ ਹੋਇਆ ਫਿਰ ਇਨ੍ਹਾਂ ਦੇ ਫਲ ਦੀ ਇਛਾ ਨ ਕਰੇ।

ਕਾਹੂ[4] ਫਲ ਕੀ ਇਛਾ ਨਹੀ ਬਾਛੈ[5] ॥
ਕੇਵਲ[6] ਭਗਤਿ ਕੀਰਤਨ ਸੰਗਿ ਰਾਚੈ[7] ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥
ਸਭ ਊਪਰਿ ਹੋਵਤ ਕਿਰਪਾਲ[8] ॥
ਆਪਿ ਦ੍ਰਿੜੈ[9] ਅਵਰਹ ਨਾਮੁ ਜਪਾਵੈ ॥
ਨਾਨਕ ਓਹੁ ਬੈਸਨੋ ਪਰਮ[10] ਗਤਿ[11] ਪਾਵੈ॥ ੨ ॥

ਜੋ ਮਨੁਖ ਭਗਤੀ ਤੇ ਕੀਰਤਨ ਵਿਚ ਮਸਤ ਰਹੇ, ਤੇ ਇਸ ਧਰਮ ਕਰਮ ਦੇ ਫਲ ਦੀ ਖ਼ਾਹਿਸ਼ ਨ ਰਖੇ, ਦਿਲ ਤੇ ਜਾਨ ਨਾਲ

---

1 ਵਿਸ਼ਨੂੰ। 2 ਅਲਗ। 3 ਕੀਤੇ ਹੋਏ ਕੰਮਾਂ ਦੇ ਫਲ ਦੀ ਉਮੈਦ ਨਾ ਕਰਨਾ। 4 ਕਿਸੇ। 5 ਚਾਹੇ। 6 ਸਿਰਫ। 7 ਮਸਤ ਰਹੇ। 8 ਦਿਆਲ। 9 ਪਕੀ ਤਰਾਂ ਟਿਕਾਏ। 10 ਪਹਿਲਾ, ਉਚਾ। 11 ਦਰਜਾ ਇਜ਼ਤ।



Digitized by Panjab Digital Library | www.panjabdigilib.org

ਈਸ਼ਵਰ ਭਗੌਤੀ ਕਰੇ, ਸਭ ਜੀਵਾਂ ਉਤੇ ਦਇਆ ਕਰੇ, ਆਪ ਦੇ ਮਨ ਅੰਦਰ ਪਕੀ ਤਰ੍ਹਾਂ ਵਾਹਿਗੁਰੂ ਨੂੰ ਟਿਕਾ ਲਵੇ ਤੇ ਹੋਰਨਾਂ ਨੂੰ ਭੀ ਨਾਮ ਜਪਾਵੇ, ਗੁਰੂ ਜੀ ਆਖਦੇ ਹਨ ਕਿ ਐਸਾ ਆਤਮ ਗਿਆਨੀ ਰਬ ਦੀ ਦਰਗਾਹ ਵਿਚ ਬੜਾ ਉਚਾ ਰੁਤਬਾ ਤੇ ਇਜ਼ਤ ਪਾਂਦਾ ਹੈ ।

ਭਗਉਤੀ [1] ਭਗਵੰਤ [2] ਭਗਤਿ ਕਾ ਰੰਗੁ ॥
ਸਗਲ ਤਿਆਗੈ ਦੁਸਟ [3] ਕਾ ਸੰਗੁ [4] ॥

ਅਸਲੀ ਪਵਿਤ੍ਰ ਆਤਮਾ ਉਹ ਹੈ ਜਿਸ ਵਿਚ ਭਗਵਾਨ ਦੀ ਭਗਤੀ ਦਾ ਪਿਆਰ ਹੈ ਤੇ ਜੋ ਬੁਰੇ ਕੰਮ ਕਰਨ ਵਾਲਿਆਂ ਦਾ ਸਾਥ ਬਿਲਕੁਲ ਛੋੜ ਦੇਂਦਾ ਹੈ ।

ਮਨ ਤੇ ਬਿਨਸੈ [5] ਸਗਲਾ ਭਰਮੁ [6] ॥
ਕਰਿ [7] ਪੂਜੈ ਸਗਲ ਪਾਰ ਬ੍ਰਹਮੁ ॥
ਸਾਧ ਸੰਗਿ ਪਾਪਾ ਮਲੁ ਖੋਵੈ ॥
ਤਿਸ ਭਗਉਤੀ ਕੀ ਮਤਿ ਊਤਮ ਹੋਵੈ ॥

ਜੋ ਮਨੁਖ ਦਿਲ ਵਿਚੋਂ ਹਰ ਤਰ੍ਹਾਂ ਦੇ ਵਹਿਮ ਛਡ ਦੇਵੇ, ਤੇ ਹਰ ਥਾਂ ਪ੍ਰਭੂ ਨੂੰ ਮੌਜੂਦ ਜਾਣ ਕੇ ਹਥ ਜੋੜੇ, ਤੇ ਜੇਹੜੇ ਪਾਪ ਉਹ ਕਰ ਚੁਕਾ ਹੈ ਉਹ ਸਾਧ ਸੰਗਤ ਵਿਚ ਜਾਕੇ ਮੁਆਫ਼ ਕਰਾ ਲਵੇ, ਉਹ ਗੁਰਸਿਖ ਬੜਾ ਉਚਾ ਹੁੰਦਾ ਹੈ ।

---

1 ਭਗਤੀ ਕਰਨ ਵਾਲਾ, ਭਗਤ । 2 ਭਗਵਾਨ, ਪ੍ਰਭੂ । 3 ਬੁਰੇ ਕੰਮ ਕਰਨ ਵਾਲੇ । 4 ਸਾਥ । 5 ਹਟ ਜਾਏ । 6 ਵਹਿਮ 7 ਹਥ ।



Digitized by Panjab Digital Library | www.panjabdigilib.org

ਭਗਵੰਤ ਕੀ ਟਹਲ ਕਰੈ ਨਿਤ ਨੀਤ ॥
ਮਨੁ ਤਨੁ ਅਰਪੈ [1] ਬਿਸਨ [2] ਪਰੀਤਿ [3] ॥
ਹਰਿ ਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥ ੩॥

ਜੋ ਜੀਵ ਪ੍ਰਭੂ ਦੀ ਸੇਵਾ ਦਿਨ ਰਾਤ ਕਰਦਾ ਰਹੇ, ਤੇ ਆਪਣਾ ਦਿਲ ਤੇ ਜਾਨ ਪ੍ਰਭੂ ਦੀ ਮੁਹਬਤ ਵਿਚ ਕੁਰਬਾਨ ਕਰ ਦੇਵੇ ਤੇ ਪ੍ਰਭੂ ਦੇ ਚਰਨਾਂ ਦਾ ਆਸਰਾ ਲਵੇ ਸ੍ਰੀ ਗੁਰੂ ਜੀ ਆਖਦੇ ਹਨ, ਕਿ ਐਸਾ ਸਚਾ ਭਗਤ ਪ੍ਰਭੂ ਨੂੰ ਮਿਲ ਸਕਦਾ ਹੈ।

ਸੋ ਪੰਡਿਤੁ ਜੋ ਮਨੁ ਪਰਬੋਧੈ [4] ॥
ਰਾਮ ਨਾਮੁ ਆਤਮ ਮਹਿ ਸੋਧੈ [5] ॥

ਅਸਲੀ ਪੰਡਤ ਉਹ ਹੈ ਜੋ ਆਪਣੇ ਦਿਲ ਵਿਚ ਪ੍ਰਭੂ ਦੀ ਜੋਤ ਜਗਾਂਦਾ ਹੈ ਤੇ ਪ੍ਰਭੂ ਨੂੰ ਆਪਣੇ ਦਿਲ ਵਿਚੋਂ ਤਲਾਸ਼ ਕਰੇ।

ਰਾਮ ਨਾਮ ਸਾਰੁ [6] ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥

ਜੋ ਪੰਡਤ ਪ੍ਰਭੂ ਨਾਮ ਦਾ ਅੰਮ੍ਰਤ ਪੀਂਦਾ ਹੈ ਪ੍ਰਭੂ ਨਾਮ ਸਵਾਦ ਲੈ ੨ ਕੇ ਜਪਦਾ ਹੈ ਉਸ ਪੰਡਤ ਦੀ ਸਿਖਿਆਂ ਲੈ ਕੇ ਸਾਰਾ ਜਗ ਜੀਂਦਾ ਹੈ।

ਹਰਿ ਕੀ ਕਥਾ ਹਿਰਦੈ ਬਸਾਵੈ ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥

---

1 ਕੁਰਬਾਨ ਕਰੇ। 2 ਵਿਸ਼ਨੂ, ਪ੍ਰਭੂ। 3 ਪਿਆਰ 4 ਜਗਾਨਾ। 5 ਤਲਾਸ਼ ਕਰੇ। 6 ਆਤਮਕ, ਮਿਠਾ, ਉਚਾ।



Digitized by Panjab Digital Library | www.panjabdigilib.org

ਐਸਾ ਪੰਡਤ ਮਰਨ ਜਮਨ ਦੇ ਗੇੜ ਤੋਂ ਨਿਕਲ ਜਾਂਦਾ ਹੈ ਜੋ ਪ੍ਰਭੂ ਦੀ ਸਿਫ਼ਤ ਸਲਾਹ ਅਪਣੇ ਦਿਲ ਵਿਚ ਵਸਾ ਲੈਂਦਾ ਹੈ।

ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲੁ[1] ॥
ਸੂਖਮ[2] ਮਹਿ ਜਾਨੈ ਅਸਥੂਲੁ[3] ॥
ਚਹੁ ਵਰਨਾ[4] ਕਉ ਦੇ ਉਪਦੇਸੁ ॥
ਨਾਨਕ ਉਸ ਪੰਡਿਤ ਕਉ ਸਦਾ ਅਦੇਸੁ॥੪॥

ਉਸ ਪੰਡਤ ਨੂੰ ਅਸੀਂ ਹਮੇਸ਼ਾਂ ਨਮਸਕਾਰ ਕਰੀਏ ਜੋ ਵੇਦਾਂ ਪੁਰਾਨਾਂ ਤੇ ਸਿਮ੍ਰਿਤੀਆਂ ਧਾਰਮਕ ਕਿਤਾਬਾਂ ਦਾ ਮੁਢ ਪ੍ਰਭੂ ਨੂੰ ਹੀ ਸਮਝੇ ਤੇ ਚਾਰੇ ਜਾਤੀਆਂ ਪੰਡਤ ਖਤਰੀ ਵੈਸ਼ ਸੂਦਰ ਨੂੰ ਸਿਖਿਆ ਦੇਵੇ ਸ੍ਰੀ ਗੁਰੂ ਜੀ ਆਖਦੇ ਹਨ ਕਿ ਐਸੇ ਗਿਆਨ ਵਾਲੇ ਸਚੇ ਪੰਡਤ ਅਗੇ ਦੋ ਹਥ ਜੋੜਕੇ ਸਿਰ ਝੁਕਾਉ।

ਬੀਜ ਮੰਤ੍ਰ ਸਰਬ ਕੋ ਗਿਆਨੁ ॥
ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥

ਚਾਰਾਂ ਜਾਤੀਆਂ, ਬ੍ਰਹਾਮਣ, ਛਤ੍ਰੀ, ਵੈਸ਼, ਸੂਦਰ ਵਿਚ ਨਾਮ ਜਪਕੇ ਵੇਖ ਲਵੇ, ਰਾਮ ਦਾ ਨਾਮ ਸਭ ਦਾ ਮੂਲ ਮੰਤ੍ਰ ਹੈ।

ਜੋ ਜੋ ਜਪੈ ਤਿਸ ਕੀ ਗਤਿ[5] ਹੋਇ ॥
ਸਾਧ ਸੰਗਿ ਪਾਵੈ ਜਨੁ ਕੋਇ ॥

ਜੋ ਹੀ ਪ੍ਰਭੂ ਦੇ ਨਾਉਂ ਨੂੰ ਜਪਦਾ ਹੈ ਉਸ ਦੀ ਮੁਕਤੀ ਹੋ

---

1 ਮੁਢ। 2 ਬਹੁਤ ਛੋਟਾ ਤੇ ਪਤਲਾ ਜੋ ਦਿਖਾਈ ਨਾ ਦੇਵੇ। 3 ਦਿਸਦਾ ਸੰਸਾਰ। 4 ਜਾਤੀਆਂ। (ਖੰਡਤ, ਖਤਰੀ, ਵੈਸ਼, ਸ਼ੂਦਰ)। 5 ਹਾਲਤ, ਮੁਕਤੀ।



Digitized by Panjab Digital Library | www.panjabdigilib.org

ਜਾਂਦੀ ਹੈ ਕੋਈ ਵਿਰਲਾ ਖ਼ੁਸ਼ ਕਿਸਮਤ ਹੀ ਸਾਧੂਆਂ ਦੀ ਸੰਗਤ ਪਾਂਦਾ ਹੈ।

ਕਰਿ ਕਿਰਪਾ ਅੰਤਰਿ[1] ਉਰਧਾਰੈ[2] ॥
ਪਸੁ[3] ਪ੍ਰੇਤ[0] ਮੁਘਦ[5] ਪਾਥਰ ਕਉ ਤਾਰੈ ॥

ਜਿਸ ਤੇ ਪ੍ਰਭੂ ਕ੍ਰਿਪਾ ਕਰੇ ਉਸ ਦੇ ਦਿਲ ਵਿਚ ਨਾਮ ਵਸਾ ਦੇਂਦਾ ਹੈ। ਜਾਨਵਰਾਂ ਭੂਤਾਂ ਮੂਰਖਾਂ ਤੇ ਪੱਥਰਾਂ ਨੂੰ ਨਾਮ ਬਖਸ਼ ਕੇ ਤਾਰ ਦੇਂਦਾ ਹੈ।

ਸਰਬ ਰੋਗ ਕਾ ਅਉਖਦੁ[6] ਨਾਮੁ ॥
ਕਲਿਆਣ[7] ਰੂਪ ਮੰਗਲ[8] ਗੁਣ ਗਾਮ[9] ॥

ਸਾਰੀਆਂ ਬੀਮਾਰੀਆਂ ਦੀ ਦਵਾਈ ਪ੍ਰਭੂ ਦਾ ਨਾਮ ਹੈ। ਪ੍ਰਭੂ ਦੇ ਗੁਨ ਗਾਨ ਨਾਲ ਸੁਖ ਤੇ ਖ਼ੁਸ਼ੀ ਹੁੰਦੀ ਹੈ।

ਕਾਹੂ ਜੁਗਤਿ[10] ਕਿਤੈ ਨ ਪਾਈਐ ਧਰਮਿ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ[11] ਕਰਮਿ ॥ ੫ ॥

ਰਾਮ ਦਾ ਨਾਂ ਹੋਰ ਕਿਸੇ ਤਰੀਕੇ ਜਾਂ ਕਿਸੇ ਧਾਰਮਕ ਰਸਮ ਨਾਲ ਨਹੀਂ ਮਿਲਦਾ। ਸ੍ਰੀ ਗੁਰੂ ਜੀ ਆਖਦੇ ਹਨ ਕਿ ਨਾਮ ਉਸ ਖ਼ੁਸ਼ ਕਿਸਮਤ ਜੀਵ ਨੂੰ ਮਿਲਦਾ ਹੈ। ਜਿਸ ਦੀ ਕਿਸਮਤ ਵਿਚ ਪਿਛਲੇ ਕਰਮਾਂ ਦੇ ਅਨੁਸਾਰ ਪ੍ਰਭੂ ਨਾਮ ਦਾ ਮਿਲਨਾਂ ਲਿਖ ਦਿਤਾ ਹੈ।

---

1 ਅੰਦਰ। 2 ਹਿਰਦਾ। 3 ਜਾਨਵਰ। 0 ਭੂਤ। 5 ਅਗਿਆਨੀ, ਮੂਰਖ। 6 ਦਵਾਈ। 7 ਸੁਖ। 8 ਖ਼ੁਸ਼ੀ। 9 ਵਾਹਿਗੁਰੂ ਦਾ ਜਸ ਗਾਨਾਂ। 10 ਤਰੀਕੇ। 11 ਰਬ ਵਲੋਂ।



Digitized by Panjab Digital Library | www.panjabdigilib.org

ਜਿਸ ਕੈ ਮਨਿ ਪਾਰ ਬ੍ਰਹਮ ਕਾ ਨਿਵਾਸੁ ॥
ਤਿਸ ਕਾ ਨਾਮੁ ਸਤਿ[1] ਰਾਮ ਦਾਸੁ ॥

ਜਿਸ ਮਨੁਖ ਦੇ ਦਿਲ ਵਿਚ ਪ੍ਰਭੂ ਦਾ ਨਾਮ ਵਸਦਾ ਹੈ ਜੋ ਦਿਲੋਂ ਪ੍ਰਭੂ ਨੂੰ ਯਾਦ ਕਰਦਾ ਹੈ ਉਹ ਅਸਲੀ ਰਾਮ ਦਾ ਭਗਤ ਹੈ।

ਆਤਮ ਰਾਮੁ ਤਿਸੁ ਨਦਰੀ ਆਇਆ ॥
ਦਾਸ ਦਸੰਤਣ[2] ਭਾਇ[3] ਤਿਨਿ ਪਾਇਆ ॥

ਜੋ ਪ੍ਰਭੂ ਦੇ ਦਾਸਾਂ ਦਾ ਦਾਸ ਬਨਣ ਦੀ ਖ਼ਾਹਿਸ਼ ਰਖਦਾ ਹੈ ਉਹ ਪ੍ਰਭੂ ਨੂੰ ਪਾ ਲੈਂਦਾ ਹੈ ਉਸ ਨੂੰ ਸਭ ਵਿਚ ਵਿਆਪਕ ਪ੍ਰਭੂ ਹਰ ਤਰਫ਼ ਨਜ਼ਰ ਆਣ ਲਗ ਜਾਂਦਾ ਹੈ। ਉਹ ਸਭਨਾਂ ਨੂੰ ਪ੍ਰਭੂ ਸਰੂਪ ਦੇਖਦਾ ਹੈ।

ਸਦਾ ਨਿਕਟਿ ਨਕਟਿ[4] ਹਰਿ ਜਾਨੁ ॥
ਸੋ ਦਾਸੁ ਦਰਗਹ ਪਰਵਾਨੁ ॥

ਜੋ ਮਨੁਖ ਪ੍ਰਭੂ ਨੂੰ ਹਰ ਇਕ ਜਗਾ ਤੇ ਹਰ ਕੰਮ ਵਿਚ ਨਜ਼ਦੀਕ ਜਾਣਦਾ ਹੈ ਉਸ ਪ੍ਰਭੂ ਨੂੰ ਹਾਜ਼ਰ ਨਾਜ਼ਰ ਦੇਖਦਾ ਹੈ। ਉਸ ਦਾਸ ਨੂੰ ਪ੍ਰਭੂ ਆਪਣੀ ਦਰਗਾਹ ਵਿਚ ਕਬੂਲ ਕਰਦਾ ਹੈ।

ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥
ਤਿਸ ਦਾਸ ਕਉ ਸਭ ਸੋਝੀ ਪਰੈ ॥
ਸਗਲ ਸੰਗ[5] ਆਤਮ[6] ਉਦਾਸੁ[7] ॥
ਐਸੀ ਜੁਗਤਿ ਨਾਨਕ ਰਾਮ ਦਾਸੁ ॥ ੬ ॥

---

1 ਸਚਾ। 2 ਦਾਸਾਂ ਦਾ ਦਾਸ। 3 ਭਾਵਨਾਂ, ਖ਼ਾਹਿਸ਼ ਸ਼ਰਧਾ। 4 ਨਜ਼ਦੀਕ। ਜਾਣਦਾ ਹੈ। 5 ਸਾਥ। 6 ਅੰਦਰੋਂ 7 ਨਿਰਮੋਹ।



Digitized by Panjab Digital Library | www.panjabdigilib.org

ਪ੍ਰਭੂ ਆਪਣੇ ਦਾਸ ਤੇ ਆਪ ਮੇਹਰ ਦੀ ਨਜ਼ਰ ਕਰਦਾ ਹੈ ਤੇ ਜਿਸ ਤੇ ਖੁਸ਼ ਹੋਕੇ ਕਿਰਪਾ ਕਰ ਦੇਵੇ ਉਸ ਸੇਵਕਨੂੰ ਸਾਰੀ ਸਮਝ ਆ ਜਾਂਦੀ ਹੈ ਤੇ ਉਸ ਤੇ ਸਾਰੇ ਭੇਦ ਖੁਲ੍ਹ ਜਾਂਦੇ ਹਨ, ਉਹ ਸਾਰਿਆਂ ਵਿਚ ਰਹਿੰਦਾ ਹੋਇਆ ਅੰਦਰੋਂ ਨਿਰਮੋਹ ਹੋਕੇ ਰਹੇ, ਗੁਰੂ ਜੀ ਆਖਦੇ ਹਨ ਕਿ ਜਿਸ ਸੇਵਕ ਦੀ ਐਸੀ ਹਾਲਤ ਹੋਵੇ, ਜਿਸ ਤਰ੍ਹਾਂ ਉਪਰ ਲਿਖੀਆਂ ਗਲਾਂ ਵਿਚ ਦਸਿਆ ਹੈ ਤਾਂ ਐਸਾ ਦਾਸ ਅਸਲੀ ਰਬ ਦਾ ਭਗਤ ਹੁੰਦਾ ਹੈ।

ਪ੍ਰਭ ਕੀ ਆਗਿਆ[1] ਆਤਮ[2] ਹਿਤਾਵੈ[3] ॥
ਜੀਵਨ ਮੁਕਤਿ[4] ਸੋਊ ਕਹਾਵੈ ॥

ਜੋ ਮਨੁਖ ਪ੍ਰਭੂ ਦੇ ਕੀਤੇ ਨੂੰ ਦਿਲ ਵਿਚ ਖੁਸ਼ ਹੋਕੇ ਕਬੂਲ ਕਰ ਲਵੇ (ਕਿਵ ਸਚਿਆਰਾ ਹੋਈਏ, ਕਿਵ ਕੂੜੈ ਤੁਟੇ ਪਾਲ-ਹੁਕਮ ਰਜਾਈ ਚਲਣਾ) ਉਹ ਜੀਂਦਿਆ ਜੀ ਮੁਕਤੀ ਪਾ ਲੈਂਦਾ ਹੈ।

ਤੈਸਾ ਹਰਖੁ[5] ਤੈਸਾ ਉਸੁ ਸੋਗੁ[6] ॥
ਸਦਾ ਅਨੰਦੁ ਤਹ ਨਹੀ ਬਿਓਗੁ[7] ॥
ਤੈਸਾ ਸੁਵਰਨੁ[3] ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ[9] ਖਾਟੀ[10] ॥
ਤੈਸਾ ਮਾਨੁ[11] ਤੈਸਾ ਅਭਿਮਾਨੁ[12] ॥
ਤੈਸਾ ਰੰਕੁ[13] ਤੈਸਾ ਰਾਜਾਨੁ[14] ॥

---

1 ਹੁਕਮ। 2 ਦਿਲ ਅੰਦਰ। 3 ਹਿਤ ਵਾਲੀ, ਮਿਠੀ, ਕਰਕ ਜਾਣੇ। 4 ਜੋ ਜ਼ਿੰਦਗੀ ਵਿਚ ਮੁਕਤੀ ਪਾਵੇ। 5 ਖੁਸ਼ੀ। 6 ਗ਼ਮੀ। 7 ਵਿਛੋੜੇ ਦਾ ਦੁਖ। 8 ਸੋਨਾਂ। 9 ਜ਼ਹਿਰ। 10 ਕੌੜੀ। 11 ਇਜ਼ਤ। 12 ਬੇਇਜ਼ਤੀ, ਨਿਰਾਦਰੀ। 13 ਕੰਗਾਲ। 14 ਰਾਜਾ।



Digitized by Panjab Digital Library | www.panjabdigilib.org

ਜੋ ਵਰਤਾਏ ਸਾਈ[1] ਜੁਗਤਿ[2] ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥

ਜੋ ਮਨੁਖ ਖੁਸ਼ੀ ਤੇ ਗਮੀਂ ਨੂੰ ਇਕੋ ਜੇਹਾ ਕਰਕੇ ਜਾਨੇ ਖੁਸ਼ੀ ਆਏ ਤਾਂ ਮਗ਼ਰੂਰ ਨ ਹੋ ਜਾਏ ਤੇ ਦੁਖ ਆਨ ਤੇ ਅਫ਼ਸੋਸ ਨ ਕਰੇ। ਉਹ ਸਦਾ ਖੁਸ਼ ਰਹੇ ਤੇ ਵਿਛੋੜੇ ਦਾ ਦੁਖ ਮਹਿਸੂਸ ਨ ਕਰੇ, ਸੋਨੇ ਤੇ ਮਿਟੀ ਨੂੰ ਇਕ ਸਮਾਨ ਸਮਝੇ ਅੰਮ੍ਰਿਤ ਤੇ ਕੌੜੀ ਜ਼ਹਿਰ ਨੂੰ ਇਕੋ ਤਰ੍ਹਾਂ ਜਾਨੇਂ ਕੋਈ ਉਸ ਦੀ ਇਜ਼ਤ ਕਰੇ ਜਾਂ ਬੇਇਜ਼ਤੀ ਕਰੇ। ਉਸ ਦਾ ਧਿਆਨ ਨ ਕਰੇ। ਰਾਜੇ ਤੇ ਗਰੀਬ ਨੂੰ ਇਕੋ ਜੇਹਾ ਕਰ ਜਾਂਨੇ। ਜੋ ਜੀਵ ਇਸ ਤਰ੍ਹਾਂ ਦੀ ਜ਼ਿੰਦਗੀ ਜਿਸ ਤਰ੍ਹਾਂ ਉਪਰ ਲਿਖੇ ਸ਼ਬਦਾਂ ਵਿਚ ਦਸੀ ਹੈ ਬਿਤਾਂਦਾ ਹੈ, ਸ੍ਰੀ ਗੁਰੂ ਜੀ ਆਖਦੇ ਹਨ, ਉਹ ਜੀਂਦਿਆਂ ਜੀ ਮੁਕਤੀ ਪਾ ਲੈਂਦਾ ਹੈ।

ਪਾਰ ਬ੍ਰਹਮ ਕੇ ਸਗਲੇ[3] ਠਾਉ[4] ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥

ਪ੍ਰਭੂ ਹਰ ਜਗਾ ਮੌਜੂਦ ਹੈ, ਜਿਸ ੨ ਜਗਾ ਕਿਸੇ ਨੂੰ ਰਖਦਾ ਹੈ, ਉਹੋ ਜੇਹਾ ਉਸ ਦਾ ਨਾਉਂ ਪੈ ਜਾਂਦਾ ਹੈ।

ਆਪੇ ਕਰਨ ਕਰਾਵਨ ਜੋਗੁ ॥
ਪ੍ਰਭ ਭਾਵੈ ਸੋਈ ਫੁਨਿ[5] ਹੋਗੁ[6] ॥

ਪ੍ਰਭੂ ਆਪ ਸਭ ਕੁਛ ਕਰਦਾ ਹੈ ਤੇ ਆਪ ਹੀ ਜੀਵਾਂ ਨੂੰ ਭਾਂਤ

---

1 ਐਸਾ। 2 ਤਰੀਕਾ। 3 ਸਾਰੇ। 4 ਅਸਥਾਨ। 5 ਫਿਰ। 6 ਹੋਵੇਗਾ।



Digitized by Panjab Digital Library | www.panjabdigilib.org

ਭਾਂਤ ਦੇ ਕੰਮ ਕਰਨ ਦੀ ਤਾਕਤ ਬਖਸ਼ਦਾ ਹੈ । ਜੋ ਪ੍ਰਭੂ ਨੂੰ ਚੰਗਾ ਲਗਦਾ ਹੈ ਉਹੀ ਕੁਛ ਹੁੰਦਾ ਹੈ ।

ਪਸਰਿਓ [1] ਆਪਿ ਹੋਇ ਅਨਤ [2] ਤਰੰਗ [3] ॥
ਲਖੇ [4] ਨ ਜਾਹਿ ਪਾਰਬ੍ਰਹਮ ਕੇ ਰੰਗ [5] ॥

ਅਥਾਹ ਸਮੁੰਦਰ ਦੀ ਤਰ੍ਹਾਂ ਜਿਸ ਦੀਆਂ ਬੇਅੰਤ ਲਹਿਰਾਂ ਹੁੰਦੀਆਂ ਹਨ ਪ੍ਰਭੂ ਹਰ ਜਗਾ ਮੌਜੂਦ ਹੈ । ਪ੍ਰਭੂ ਦੇ ਖੇਲ ਤਮਾਸ਼ੇ ਬਿਆਨ ਨਹੀਂ ਕੀਤੇ ਜਾਂਦੇ ।

ਜੈਸੀ ਮਤਿ ਦੇਇ ਤੈਸਾ ਪਰਗਾਸ[6] ॥
ਪਾਰਬ੍ਰਹਮੁ ਕਰਤਾ ਅਬਿਨਾਸ [7] ॥

ਪ੍ਰਭੂ ਜਿਸ ਤਰ੍ਹਾਂ ਦੀ ਕਿਸੇ ਨੂੰ ਅਕਲ ਦੇਂਦਾ ਹੈ, ਉਸ ਤਰ੍ਹਾਂ ਦੀ ਉਸ ਦੇ ਅੰਦਰ ਰੋਸ਼ਨੀ ਹੁੰਦੀ ਹੈ । ਉਹ ਪ੍ਰਭੂ ਆਪ ਕਰਤਾ ਧਰਤਾ ਹੈ ਤੇ ਉਹ ਕਦੀ ਨਾਸ਼ ਨਹੀਂ ਹੁੰਦਾ ।

ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥

ਪ੍ਰਭੂ ਹਮੇਸ਼ਾਂ ਮੇਹਰ ਕਰਦਾ ਆਇਆ ਹੈ, ਹੁਣ ਵੀ ਮੇਹਰ ਕਰਦਾ ਹੈ ਤੇ ਅਗੇ ਭੀ ਉਹੀ ਮੇਹਰ ਕਰੇਗਾ। ਸ੍ਰੀ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਨੂੰ ਸਿਮਰ ਕੇ ਜੀਵ ਖੁਸ਼ ਰਹਿੰਦੇ ਹਨ ।

---

1 ਫੈਲਿਆ ਹੋਇਆ ਹੈ । 2 ਬੇਅੰਤ । 3 ਲਹਿਰਾਂ । 4 ਬਿਆਨ । 5 ਤਮਾਸ਼ੇ, ਖੇਲ । 6 ਰੋਸ਼ਨੀ, ਜ਼ਾਹਿਰ । 7 ਨਾਸ ਨਾ ਹੋਣ ਵਾਲਾ ।



Digitized by Panjab Digital Library | www.panjabdigilib.org

## ਸਲੋਕ ॥

ਉਸਤਤਿ [1] ਕਰਹਿ ਅਨੇਕ ਜਨ [2] ਅੰਤੁ ਨ ਪਾਰਾਵਾਰ [3] ॥
ਨਾਨਕਰਚਨਾ [4] ਪ੍ਰਭਿਰਚੀਬਹੁਬਿਧਿ [5] ਅਨਿਕ [6] ਪ੍ਰਕਾਰ[7] ॥

ਅਨੇਕਾਂ ਬੰਦੇ ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਹਨ ਫ਼ਿਰ ਭੀ ਉਸਦੇ ਗੁਣਾਂ ਦਾ ਉਰਵਾਰ ਜਾਂ ਪਾਰ ਦੇ ਬੰਨੇ ਦਾ ਪਤਾ ਨਹੀਂ ਲਗਦਾ। ਸ੍ਰੀ ਗੁਰੂ ਜੀ ਆਖਦੇ ਹਨ ਪ੍ਰਭੂ ਨੇ ਇਹ ਦੁਨੀਆਂ ਪੈਦਾ ਕੀਤੀ ਹੈ ਇਸ ਵਿਚ ਕਈ ਕਿਸਮ ਤੇ ਕਈ ਤਰ੍ਹਾਂ ਦੇ ਲੋਕ ਹਨ।

### ਅਸਟਪਦੀ

ਕਈ ਕੋਟਿ [8] ਹੋਏ ਪੂਜਾਰੀ ॥
ਕਈ ਕੋਟਿ ਆਚਾਰ [9] ਬਿਉਹਾਰੀ [10] ॥

---

1 ਤਾਰੀਫ ਕਰਨਾਂ। 2 ਮਨੁਖ 3 ਉਰਵਾਰ ਤੇ ਪਾਰ ਬੰਨੇ ਦਾ ਗੰਤ। 4 ਦੁਨੀਆਂ। 5 ਤਰੀਕਾ। 6 ਬੇਅੰਤ। 7 ਕਿਸਮ। 8 ਕਰੋੜਾਂ 9 ਅਛੇ ਕਰਮ। 10 ਵਪਾਰ।



Digitized by Panjab Digital Library | www.panjabdigilib.org

ਕਈ ਕੋਟਿ ਭਏ ਤੀਰਥ ਵਾਸੀ [1] ॥
ਕਈ ਕੋਟਿ ਬਨ [2] ਭ੍ਰਮਹਿ [3] ਉਦਾਸੀ [4] ॥
ਕਈ ਕੋਟਿ ਬੇਦ [5] ਕੇ ਸ੍ਰੋਤੇ [6] ॥
ਕਈ ਕੋਟਿ ਤਪੀਸੁਰ [7] ਹੋਤੇ ॥
ਕਈ ਕੋਟਿ ਆਤਮ [8] ਧਿਆਨੁ [9] ਧਾਰਹਿ ॥
ਕਈ ਕੋਟਿ ਕਬਿ [10] ਕਾਬਿ [11] ਬੀਚਾਰਹਿ॥
ਕਈ ਕੋਟਿ ਨਵਤਨ [12] ਨਾਮੁ ਧਿਆਵਹਿ ॥
ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥ ੧ ॥

ਪ੍ਰਭੂ ਦੀ ਰਚੀ ਹੋਈ ਦੁਨਯਾ ਵਿਚ ਕਈ ਕ੍ਰੋੜਾਂ ਲੋਕੀਂ ਪੁਜਾਰੀ ਹਨ ਕਈ ਕ੍ਰੋੜ ਅਛੇ ਕਰਮਾਂ ਤੇ ਵਪਾਰ ਵਿਚ ਲਗੇ ਹੋਏ ਹਨ ਕਈ ਕ੍ਰੋੜਾਂ ਤੀਰਥਾਂ ਤੇ ਵਸਦੇ ਹਨ ਕਈ ਕ੍ਰੋੜਾਂ ਦੁਨੀਆ ਛਡਕੇ ਜੰਗਲਾਂ ਵਿਚ ਭੌਂਦੇ ਫਿਰਦੇ ਹਨ, ਕਈ ਕ੍ਰੋੜ ਵੇਦਾਂ ਦੇ ਸੁਣਨ ਵਾਲੇ ਹਨ ਕਈ ਕ੍ਰੋੜ ਤਪ ਕਰ ਰਹੇ ਹਨ (ਅਪਨੇ ਜਿਸਮ ਤੇ ਕਸ਼ਟ ਉਠਾ ਕੇ ਰਬ ਦਾ ਨਾਉਂ ਲੈ ਰਹੇ ਹਨ ਕਈ ਕ੍ਰੋੜ ਆਪਣਾ ਦਿਲ ਪ੍ਰਭੂ ਨਾਲ ਜੋੜੇ ਹੋਏ ਹਨ ਕ੍ਰੋੜਾਂ ਕਵੀਆਂ ਦੀ ਬਣੀ ਹੋਈ ਨਜ਼ਮਾਂ ਗਾਂਦੇ ਤੇ ਉਸ ਤੇ ਸੋਚ ਕਰਦੇ ਹਨ ਕਈ ਕ੍ਰੋੜ ਉਸ ਪ੍ਰਭੂ ਦਾ ਨਿਤ ਨਵਾਂ ਨਾਉਂ ਸਿਮਰਦੇ ਹਨ ਗੁਰੂ ਜੀ ਆਖਦੇ ਹਨ) ਕਿ ਉਸ ਪ੍ਰਭੂ ਦਾ ਕੋਈ ਅੰਤ ਨਹੀਂ ਪਾ ਸਕਦਾ।

---

1 ਵਸਨਾਂ, ਰਹਿਣਾ। 2 ਜੰਗਲ। 3 ਭੌਂਦੇ ਹਨ। 4 ਤਾਰਕ, ਦੁਨੀਆਂ ਨੂੰ ਛਡਣਾ। 5 ਵੇਦ। 6 ਸੁਨਣ ਵਾਲੇ। 7 ਤਪ ਕਰਨ ਵਾਲੇ। 8 ਮਨ ਵਿਚ। 9 ਸੁਰਤ ਜੋੜਨਾ। 10 ਕਵੀ, ਕਵੀਸ਼ਰ। 11 ਨਜ਼ਮ। 12 ਨਵਾਂ।



Digitized by Panjab Digital Library | www.panjabdigilib.org

ਕਈ ਕੋਟਿ ਭਏ ਅਭਿਮਾਨੀ[1] ॥
ਕਈ ਕੋਟਿ ਅੰਧ[2] ਅਗਿਆਨੀ[3] ॥
ਕਈ ਕੋਟਿ ਕਿਰਪਨ[4] ਕਠੋਰ[5] ॥
ਕਈ ਕੋਟਿ ਅਭਿਗ[6] ਆਤਮ ਨਿਕੋਰ[7] ॥
ਕਈ ਕੋਟਿਪਰ[8] ਦਰਬ[9] ਕਉ ਹਿਰਹਿ[10] ॥
ਕਈ ਕੋਟਿ ਪਰਦੂਖਨਾ[11] ਕਰਹਿ ॥
ਕਈ ਕੋਟਿ ਮਾਇਆ[12] ਸ੍ਰਮ[13] ਮਾਹਿ ॥
ਕਈ ਕੋਟਿ ਪਰਦੇਸ ਭ੍ਰਮਾਹਿ[14] ॥

ਜਿਤੁ ਜਿਤੁ ਲਾਵਹੁ ਤਿਤ[16] ਤਿਤ ਲਗਨਾ ॥
ਨਾਨਕ ਕਰਤੇ ਕੀ ਜਾਨੈ ਕਰਤਾ ਰਚਨ ॥ ੨ ॥

ਇਸ ਪ੍ਰਮਾਤਮਾਂ ਦੀ ਰਚੀ ਹੋਈ ਦੁਨੀਆਂ ਵਿਚ ਕ੍ਰੋੜਾਂ ਹੀ ਹੰਕਾਰੀ ਤੇ ਗ਼ਰੂਰ ਕਰਨ ਵਾਲੇ ਲੋਕੀ ਹਨ ਤੇ ਕਈ ਕ੍ਰੋੜਾਂ ਅੰਨੇ ਬੱਦਤਮੀਜ਼ ਹਨ। ਕ੍ਰੋੜਾਂ ਹੀ ਕੰਜੂਜ ਤੇ ਪਥਰ-ਦਿਲ ਹਨ, ਕੋਈ ਕ੍ਰੋੜਾਂ ਰੁਖੇ ਤੇ ਕਿਸੇ ਨੂੰ ਦੁਖੀ ਵੇਖ ਕੇ ਭੀ ਹਮਦਰਦੀ ਨਹੀਂ ਕਰਦੇ। ਕ੍ਰੋੜਾਂ ਦੂਜਿਆਂ ਦਾ ਧਨ ਚੁਰਾਂਦੇ ਹਨ, ਤੇ ਕ੍ਰੋੜਾਂ ਦੂਜਿਆਂ ਦੀ ਨਿੰਦਾ ਕਰਦੇ ਹਨ, ਕ੍ਰੋੜਾਂ ਧੰਨ ਦੌਲਤ ਕਮਾਂਨ ਵਾਸਤੇ ਮੇਹਨਤ ਮੁਸ਼ਕਤ ਕਰਦੇ ਫਿਰਦੇ ਹਨ, ਕ੍ਰੋੜਾਂ ਦੂਸਰੇ ਦੇਸਾਂ ਵਿਚ ਭਟਕਦੇ

---

[1] ਹੰਕਾਰੀ, ਮਗ਼ਰੂਰ। [2] ਅੰਨੇ। [3] ਜਾਹਿਲ। [4] ਕੰਜੂਸ। [5] ਸਖਤ। [6] ਨ ਭਿਜਨ ਵਾਲੇ, ਨਾ ਨਰਮ ਹੋਣ ਵਾਲੇ। [7] ਨਿਰਕੋਰੇ, ਬੜੇ ਰੁਖੇ। [8] ਪਰਾਇਆ। [9] ਧੰਨ। [10] ਚੁਰਾਨਾਂ। [11] ਨਿੰਦ [12] ਦੌਲਤ। [13] ਮੇਹਨਤ। [14] ਫਿਰਨਾਂ। [15] ਜਿਸ। [16] ਉਸੇ।



Digitized by Panjab Digital Library | www.panjabdigilib.org

ਫਿਰਦੇ ਹਨ, ਇਸ ਤਰ੍ਹਾਂ ਇਨ੍ਹਾਂ ਸ਼ਬਦਾਂ ਵਿਚ ਦੱਸਿਆ ਹੈ ਜੋ ਕ੍ਰੋੜਾਂ ਲੋਕੀ ਬੁਰੇ ਕਰਮ ਕਮਾ ਰਹੇ ਹਨ, ਹੇ ਪ੍ਰਭੂ ਜੀ ਜਿਸ ੨ ਤਰ੍ਹਾ ਜਿਸ ਕੰਮ ਵਿਚ ਤੂੰ ਲਗਾਨਾਂ ਹੈਂ ਉਸੇ ਵਿਚ ਜੀਵ ਲਗ ਜਾਂਦਾ ਹੈ। ਗੁਰੂ ਜੀ ਆਖਦੇ ਹਨ, ਪ੍ਰਭੂ ਦੀ ਰਚਨਾਂ ਦੇ ਭੇਦ ਪ੍ਰਭੂ ਆਪ ਹੀ ਜਾਂਨਦਾ ਹੈ।

ਕਈ ਕੋਟਿ ਸਿਧ[1] ਜਤੀ[2] ਜੋਗੀ ॥
ਕਈ ਕੋਟਿ ਰਾਜੇ ਰਸ[3] ਭੋਗੀ ॥
ਕਈ ਕੋਟਿ ਪੰਖੀ ਸਰਪ ਉਪਾਏ[4] ॥
ਕਈ ਕੋਟਿ ਪਾਥਰ ਬਿਰਖ ਨਿਪਜਾਏ[5] ॥
ਕਈ ਕੋਟਿ ਪਵਣ[6] ਪਾਣੀ ਬੈਸੰਤਰ[7] ॥
ਕਈ ਕੋਟਿ ਦੇਸ ਭੂ[8] ਮੰਡਲ[9] ॥
ਕਈ ਕੋਟਿ ਸਸੀਅਰ[10] ਸੂਰ[11] ਨਖ੍ਯ੍ਤ੍ਰ[12] ॥
ਕਈ ਕੋਟਿ ਦੇਵ ਦਾਨਵ[13] ਇੰਦ੍ਰ ਸਿਰਿ ਛਤ੍ਰ ॥
ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥
ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥

ਇਸ ਪ੍ਰਭੂ ਦੀ ਬਣਾਈ ਹੋਈ ਸ੍ਰਿਸ਼ਟੀ ਵਿਚ ਕ੍ਰੋੜਾਂ ਪੁਗੋਂ ਏਹੋ।

---

1 ਪੁਗੇ ਜਾਂ ਤਰੇ ਹੋਏ। 2 ਕਾਮ ਨੂੰ ਵਸ ਵਿਚ ਕਰਨ ਵਾਲੇ। 3 ਸਵਾਰ। 4 ਪੈਦਾ ਕੀਤੇ ਹੋਏ। 5 ਉਗਾਏ। 6 ਹਵਾ। 7 ਅਗ। 8 ਭੂਮੀ। 9 ਚਕਰ। 10 ਚੰਦ੍ਰਮਾ। 11 ਸੂਰਜ। 12 ਤਾਰੇ। 13 ਦੈਂਤ ਰਾਖਸ਼ਸ਼।



Digitized by Panjab Digital Library | www.panjabdigilib.org

ਤੇ ਜਿਨ੍ਹਾਂ ਨੇ ਕਾਂਮ ਨੂੰ ਵਸ ਕਰ ਲੀਤਾ ਹੋਇਆ ਹੈ ਅਤੇ ਜੋਗੀ ਹਨ ਤੇ ਕ੍ਰੋੜਾਂ ਹੀ ਮੌਜਾਂ ਕਰਨ ਵਾਲੇ ਰਾਜੇ ਹਨ, ਕਈ ਕ੍ਰੋੜਾਂ ਪਰਿੰਦੇ ਤੇ ਸਪ ਪ੍ਰਭੂ ਨੇ ਪੈਦਾ ਕੀਤੇ ਹਨ , ਕ੍ਰੋੜਾਂ ਪੱਥਰ ਬਨਾਇ ਹਨ ਤੇ ਦਰਖਤ ਉਗਾਇ ਹਨ। ਕ੍ਰੋੜਾਂ ਹਵਾ, ਪਾਣੀ ਤੇ ਅਗਾਂ ਹਨ, ਕ੍ਰੋੜਾਂ ਦੇਸ਼ ਤੇ ਧਰਤੀ ਦੇ ਚੱਕ੍ਰ ਹਨ। ਕ੍ਰੋੜਾਂ ਹੀ ਚੰਦਰਮਾਂ ਸੂਰਜ ਤੇ ਤਾਰੇ ਹਨ ਕ੍ਰੋੜਾਂ ਦੇਵੀ ਦੇਵਤੇ ਤੇ ਰਾਜੇ ਇੰਦਰ ਹਨ। ਇਨ੍ਹਾਂ ਸਾਰਿਆ ਜੀਆਂ ਦੇ ਚੀਜ਼ਾਂ ਨੂੰ ਪ੍ਰਭੂ ਨੇ ਆਪਣੇ ਹੁਕਮ ਦੇ ਧਾਗੇ ਵਿਚ ਪਰੋਇਆ ਹੋਇਆ ਹੈ। ਗੁਰੂ ਜੀ ਆਖਦੇ ਹਨ ਪ੍ਰਭੂ ਜਿਸ ਜਿਸ ਤੇ ਕਿਰਪਾ ਕਰੇ ਉਸ ਨੂੰ ਤਾਰ ਲੈਂਦਾ ਹੈ ।

ਕਈ ਕੋਟਿ ਰਾਜਸ [1] ਤਾਮਸ [2] ਸਾਤਕ [3] ॥
ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ [4] ॥
ਕਈ ਕੋਟਿ ਕੀਏ ਰਤਨ [5] ਸਮੁੰਦ [6] ॥
ਕਈ ਕੋਟ ਨਾਨਾ [7] ਪ੍ਰਕਾਰ ਜੰਤ ॥
ਕਈ ਕੋਟਿ ਕੀਏ [8] ਚਿਰਜੀਵੇ [9] ॥
ਕਈ ਕੋਟਿ ਗਿਰੀ [10] ਮੇਰ [11] ਸੁਵਰਨ ਥੀਵੇ [12] ॥

---

1 ਦੁਨਿਆਵੀ ਖਾਇਸ਼ਾਂ ਨੂੰ ਪੂਰਾ ਕਰਨ ਵਾਲੇ। 2 ਗੁਸਾ ਉਦਾਸੀ, ਅੰਧਕਾਰ ਵਿਚ ਰਹਿਣ ਵਾਲਾ । 3 ਮਹਾਤਮਾ, ਸਾਧੂ 4 ਸ਼ਾਸਤਰ । 5 ਹੀਰੇ ਮੋਤੀ । 6 ਸਮੁੰਦਰ । 7 ਕਈ ਕਿਸਮ 8 ਕੀਤੇ । 9 ਲੰਮੀ ਉਮਰ । 10 ਪਹਾੜ। 00 ਸੁਮੇਰ ਪਰਦਤ 02 ਬਣ। ਗਏ ਹਨ।



Digitized by Panjab Digital Library | www.panjabdigilib.org

ਕਈ ਕੋਟਿ ਜਖ੍ਯ [1] ਕਿੰਨਰ [2] ਪਿਸਾਚ ॥
ਕਈ ਕੋਟਿ ਭੂਤ ਪ੍ਰੇਤ ਸੂਕਰ [3] ਮ੍ਰਿਗਾਚ [4] ॥
ਸਭ ਤੇ ਨੇਰੈ ਸਭਹੂ ਤੇ ਦੂਰਿ ॥
ਨਾਨਕ ਆਪਿ ਅਲਿਪਤੁ [5] ਰਹਿਆ ਭਰਪੂਰ ॥੪॥

ਕ੍ਰੋੜਾਂ ਹੀ ਦੁਨਯਾਵੀ ਇਛਾ ਪੂਰੀਆਂ ਕਰਨ ਵਾਸਤੇ ਕੋਸ਼ਸ਼ ਕਰਦੇ ਹਨ ਕ੍ਰੋੜਾਂ ਅੰਧਕਾਰ ਵਿਚ ਰਹਿੰਦੇ ਹਨ ਤੇ ਕ੍ਰੋੜਾਂ ਵੇਦਾਂ ਪੁਰਾਨਾਂ ਤੇ ਸਿਮ੍ਰਤੀਆਂ ਤੇ ਸ਼ਾਸਤ੍ਰਾਂ ਦੇ ਪੜ੍ਹਨ ਵਾਲੇ ਹਨ। ਕਈ ਕ੍ਰੋੜ ਸਮੁੰਦਰ ਹਨ ਜਿਨ੍ਹਾਂ ਵਿਚ ਹੀਰੇ ਮੋਤੀ ਪੈਦਾ ਹੁੰਦੇ ਹਨ ਤੇ ਕ੍ਰੋੜਾਂ ਹੀ ਕਈ ਕਿਸਮ ਦੇ ਜਾਨਵਰ ਹਨ ਜਿਨ੍ਹਾਂ ਦੇ ਰੂਪ ਨਿਰਾਲੇ ਹਨ। ਕ੍ਰੋੜਾਂ ਜੀਵ ਲੰਮੀ ਉਮਰ ਜੀਣ ਵਾਲੇ ਪ੍ਰਭੂ ਨੇ ਪੈਦਾ ਕਰ ਦਿਤੇ ਹਨ। ਕ੍ਰੋੜਾਂ ਸੋਨੇ ਦੇ ਸੁਮੇਰ ਪਰਬਤ ਹਨ। ਕ੍ਰੋੜਾਂ ਕਿਸਮਾਂ ਦੇ ਦੇਵਤੇ ਤੂੰ ਬਣਾ ਦਿਤੇ ਹਨ, ਐਸੇ ਜੋ ਕੁਬੇਰਾ (ਧੰਨ ਦੇਵਤਾ)ਦੇ ਅਧੀਨ ਹਨ। ਕਈਆਂ ਦੀ ਸ਼ਕਲ ਮਨੁਖ ਵਰਗੀ ਤੇ ਸਿਰ ਘੋੜੇ ਵਰਗਾ ਤੇ ਨੀਵੀਆਂ ਜਾਤਾਂ ਦੇ ਬੰਦੇ ਬਨਾਂ ਦਿਤੇ ਹਨ। ਕ੍ਰੋੜਾਂ ਹੀ ਭੂਤ ਪ੍ਰੇਤ ਸੂਰ ਤੇ ਸ਼ੇਰ ਹਨ ਰਬ ਇਨ੍ਹਾਂ ਦੇ ਨਜ਼ਦੀਕ ਭੀ ਹੈ ਤੇ ਦੂਰ ਭੀ ਹੈ। ਗੁਰੂ ਜੀ ਆਖਦੇ ਹਨ ਪ੍ਰਭੂ ਸਭ ਜਗਾ ਤੇ ਭਰਪੂਰ (ਮੌਜੂਦ) ਭੀ ਹੈ ਤੇ ਦੂਰ ਭੀ ਹੈ।

ਕਈ ਕੋਟਿ ਪਾਤਾਲ ਕੇ ਵਾਸੀ ॥
ਕਈ ਕੋਟਿ ਨਰਕ ਸੁਰਗ ਨਿਵਾਸੀ ॥

---

1 ਦੇਵਤੇ ਜੋ ਧੰਨ ਦੇਵਤੇ ਦੇ ਅਧੀਨ ਹਨ। 2 ਦੇਵਤਿਆਂ ਦੀ ਇਕ ਕਿਸਮ। 3 ਸੂਰ। 4 ਹਰਨਾਂ ਨੂੰ ਖਾਨ ਵਾਲੇ, ਸ਼ੇਰ। 5 ਨਿਰਲੇਪ, ਬੇਦਾਗ।



Digitized by Panjab Digital Library | www.panjabdigilib.org

ਕਈ ਕੋਟਿ ਜਨਮਹਿ ਜੀਵਹਿ ਮਰਹਿ ॥
ਕਈ ਕੋਟਿ ਬਹੁ ਜੋਨੀ ਫਿਰਹਿ ॥
ਕਈ ਕੋਟਿ ਬੈਠਤ ਹੀ ਖਾਹਿ ॥
ਕਈ ਕੋਟਿ ਘਾਲਹਿ[1] ਥਕਿ ਪਾਹਿ ॥
ਕਈ ਕੋਟਿ ਕੀਏ ਧਨਵੰਤ ॥
ਕਈ ਕੋਟਿ ਮਾਇਆ ਮਹਿ ਚਿੰਤ[2] ॥
ਜਹ ਜਹ ਭਾਣਾ ਤਹ ਤਹ ਰਾਖੇ ॥
ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥ ੫ ॥

ਇਸ ਪ੍ਰਭੂ ਦੀ ਬਨਾਈ ਹੋਈ ਦੁਨੀਆਂ ਵਿਚ ਕ੍ਰੋੜਾਂ ਜੀਵ ਪਤਾਲ ਵਿਚ ਵਸਦੇ ਹਨ, ਕ੍ਰੋੜਾਂ ਨਰਕਾਂ ਤੇ ਸੁਰਗਾਂ ਵਿਚ ਵਸਦੇ ਹਨ, ਕ੍ਰੋੜਾਂ ਹੀ ਐਸੇ ਖ਼ੁਸ਼ ਕਿਸਮਤ ਹਨ ਕਿ ਪ੍ਰਭੂ ਨੇ ਉਨ੍ਹਾਂ ਨੂੰ ਇਤਨੀ ਧੰਨ ਦੌਲਤ ਦਿਤੀ ਹੈ ਕਿ ਉਹ ਘਰ ਬੈਠੇ ਖਾਂਦੇ ਪੀਂਦੇ ਤੇ ਐਸ਼ਾਂ ਕਰਦੇ ਹਨ । ਤੇ ਕ੍ਰੋੜਾਂ ਦੌਲਤ ਇਕਠੀ ਕਰਨ ਵਾਸਤੇ ਕਮਾਈ ਕਰ ੨ ਕੇ ਥਕ ਗੈ ਹਨ, ਕਈ ਕ੍ਰੋੜਾਂ ਪ੍ਰਭੂ ਨੇ ਦੌਲਤ ਮੰਦ ਬਨਾ ਦਿਤੇ ਹਨ, ਤੇ ਕਈ ਕ੍ਰੋੜਾਂ ਜੀਵ ਐਸੇ ਹਨ ਜਿਨ੍ਹਾਂ ਨੂੰ ਹਰ ਵਕਤ ਫਿਕਰ ਲਗਾ ਰਹਿੰਦਾ ਹੈ ਤੇ ਸੋਚਦੇ ਰਹਿੰਦੇ ਹਨ, ਕਿ ਉਹ ਕਿਸ ਤਰ੍ਹਾਂ ਧੰਨਵਾਨ ਬਨਨ ਜਿਸ ਤਰ੍ਹਾਂ ਪ੍ਰਭੂ ਦਾ ਹੁਕਮ ਹੁੰਦਾ ਹੈ ਤੇ ਜਿਸ ਤਰ੍ਹਾਂ ਉਸ ਵਾਹਿਗੁਰੂ ਨੂੰ ਚੰਗਾ ਲਗਦਾ, ਹੈ ਉਹ ਉਸੇ ਤਰ੍ਹਾਂ ਜੀਵਾਂ ਨੂੰ ਜੁਦਾ ੨ ਹਾਲਤਾਂ

---

1 ਮੇਹਨਤ । 2 ਚਿੰਤਾ, ਫਿਕਰ



Digitized by Panjab Digital Library | www.panjabdigilib.org

ਵਿਚ ਰਖਦਾ ਹੈ। ਗੁਰੂ ਜੀ ਆਖਦੇ ਹਨ ਇਹ ਦੁਨੀਆਂ ਦੀ ਰਚਨਾਂ ਤੇ ਇਸ ਦੇ ਵਿਚ ਜੀਵਾਂ ਨੂੰ ਤਰ੍ਹਾਂ ੨ ਦੀ ਪੋਜ਼ੀਸ਼ਨ ਦੇਣੀ ਪ੍ਰਭੂ ਦੇ ਹਥ ਵਿਚ ਹੈ।

ਕਈ ਕੋਟਿ ਭਏ ਬੈਰਾਗੀ [1] ॥
ਰਾਮ ਨਾਮ ਸੰਗਿ ਤਿਨ [2] ਲਿਵ [3] ਲਾਗੀ ॥
ਕਈ ਕੋਟਿ ਪ੍ਰਭ ਕਉ ਖੋਜੰਤੇ ॥
ਆਤਮ [4] ਮਹਿ ਪਾਰਬ੍ਰਹਮੁ ਲਹੰਤੇ [5] ॥
ਕਈ ਕੋਟਿ ਦਰਸਨ ਪ੍ਰਭ ਪਿਆਸ ॥
ਤਿਨ ਕਉ ਮਿਲਿਓ ਪ੍ਰਭੁ ਅਬਿਨਾਸ [6] ॥
ਕਈ ਕੋਟਿ ਮਾਗਹਿ ਸਤਸੰਗੁ ॥
ਪਾਰ ਬ੍ਰਹਮ ਤਿਨ ਲਾਗਾ ਰੰਗੁ ॥
ਜਿਨ ਕਉ ਹੋਏ ਆਪਿ ਸੁਪ੍ਰਸੰਨ ॥
ਨਾਨਕ ਤੇ ਜਨ ਸਦਾ ਧਨਿ ਧੰਨਿ ॥ ੬ ॥

ਇਸ ਪ੍ਰਭੂ ਦੇ ਰਚੇ ਹੋਏ ਸੰਸਾਰ ਵਿਚ ਕ੍ਰੋੜਾਂ ਜੀਵ ਐਸੇ ਹਨ ਜੋ ਦੁਨੀਆਂ ਨੂੰ ਤਿਆਗ ਚੁਕੇ ਹਨ, ਉਨ੍ਹਾਂ ਦਾ ਧਿਆਨ ਪ੍ਰਭੂ ਨਾਲ ਲਗ ਗਿਆ ਹੈ ਤੇ ਪ੍ਰਭੂ ਨਾਲ ਪਿਆਰ ਪੈ ਗਿਆ ਹੈ। ਕ੍ਰੋੜਾਂ ਜੀਵ ਪ੍ਰਭੂ ਨੂੰ ਤਲਾਸ਼ ਕਰਦੇ ਫਿਰਦੇ ਹਨ ਉਹ ਆਪਣੇ ਮੰਨ ਵਿਚ ਪ੍ਰਭੂ ਨੂੰ

---

[1] ਜੋ ਦੁਨੀਆਂ ਨੂੰ ਤਿਆਗ ਦੇਣ। [2] ਉਨਾਂ। [3] ਮੁਹੱਬਤ। [4] ਮਨ, ਦਿਲ। [5] ਲਭਦੇ ਹਨ, ਭਾਲਦੇ ਹਨ। [6] ਨਾਸ ਤੋਂ ਰਹਿਤ।



Digitized by Panjab Digital Library | www.panjabdigilib.org

ਖੋਜਦੇ ਹਨ ਜਿਸ ਵਕਤ ਤਕ ਜੀਵ ਦਾ ਮਨ ਸਾਫ਼ ਨ ਹੋਵੇ ਤਦ ਤਕ ਪ੍ਰਭੂ ਨਹੀਂ ਮਿਲਦਾ। ਕ੍ਰੋੜਾਂ ਜੀਵਾਂ ਨੂੰ ਪ੍ਰਭੂ ਦੇ ਦਰਸ਼ਨਾ ਦੀ ਤਾਂਘ ਲਗੀ ਹੋਈ ਹੈ ਜੋ ਸਚੇ ਦਿਲ ਨਾਲ ਪ੍ਰਭੂ ਦੇ ਮਿਲਣ ਦੀ ਖਾਹਿਸ਼ ਕਰਦੇ ਹਨ, ਉਨ੍ਹਾਂ ਨੂੰ ਨਾਸ ਨ ਹੋਣ ਵਾਲਾ ਪ੍ਰਭੂ ਮਿਲ ਜਾਂਦਾ ਹੈ। ਕ੍ਰੋੜਾਂ ਮਨੁਖ ਸਾਧ ਸੰਗਤ ਵਿਚ ਰਹਿਣ ਦੀ ਇਛਾ ਕਰਦੇ ਹਨ ਉਨ੍ਹਾਂ ਨੂੰ ਪ੍ਰਭੂ ਦੇ ਮਿਲਣ ਦਾ ਇਸ਼ਕ ਲਗਾ ਹੋਇਆ ਹੈ । ਗੁਰੂ ਜੀ ਆਖਦੇ ਹਨ ਜਿਨ੍ਹਾਂ ਜੀਵਾਂ ਤੇ ਪ੍ਰਭੂ ਆਪ ਦਿਆਲ ਹੋ ਜਾਵੈ। ਐਸੇ ਮਨੁਖ ਭਾਗਾਂ ਵਾਲੇ ਹਨ।

ਕਈ ਕੋਟਿ ਖਾਣੀ[1] ਅਰੁ ਖੰਡ[2] ॥
ਕਈ ਕੋਟਿ ਆਕਾਸ ਬ੍ਰਹਮੰਡ ॥
ਕਈ ਕੋਟਿ ਹੋਏ ਅਵਤਾਰ ॥
ਕਈ ਜੁਗਤਿ[3] ਕੀਨੋ ਬਿਸਥਾਰ[4] ॥
ਕਈ ਬਾਰ ਪਸਰਿਓ[5] ਪਾਸਾਰ[6] ॥
ਸਦਾ ਸਦਾ ਇਕੁ ਏਕੰਕਾਰ ॥
ਕਈ ਕੋਟਿ ਕੀਨੇ ਬਹੁ ਭਾਤਿ[7] ॥
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥
ਤਾ ਕਾ ਅੰਤੁ ਨ ਜਾਨੈ ਕੋਇ ॥
ਆਪੇ ਆਪਿ ਨਾਨਕ ਪ੍ਰਭੁ ਸੋਇ ॥ ੭ ॥

---

1 ਵਸੀਲੇ, ਦੁਨੀਆਂ। ਵਸੀਲਿਆਂ ਨਾਲ ਪੈਦਾ ਹੋਈ ਹੈ, ਅੰਡਜ, ਜੇਰਜ, ਸੇਤਜ, ਉਤਭਜ। 2 ਹਿਸੇ, ਸਾਰੀ ਧਰਤੀ ਦੇ ੯ ਹਿਸੇ ਹਨ। 3 ਤਰੀਕਾ। 4 ਰਚਨਾਂ। 5 ਫਲਾਇਆ। 6 ਖਿਲਾਰਾ 7 ਕਿਸਮ।



Digitized by Panjab Digital Library | www.panjabdigilib.org

ਚਾਰ ਵਸੀਲਿਆਂ ਤੋਂ ਧਰਤੀ ਤੇ ਨਵਾਂ ਹਿਸਿਆਂ ਵਿਚ ਕ੍ਰੋੜਾਂ ਜੀਵ ਪੈਦਾ ਹੋਏ ਹਨ। ਸਾਰੇ ਅਸਮਾਨਾਂ ਤੇ ਪਾਤਾਲਾਂ ਵਿਚ ਕ੍ਰੋੜਾਂ ਜੀਵ ਰਹਿੰਦੇ ਹਨ। ਪ੍ਰਭੂ ਨੇ ਕ੍ਰੋੜਾਂ ਹੀ ਦੁਨੀਆਂ ਨੂੰ ਤਾਰਨ ਵਾਲੇ ਮੁਨੀ ਜਨ ਪੈਦਾ ਕੀਤੇ ਹਨ। ਕਈ ਤਰੀਕਿਆਂ ਨਾਲ ਪ੍ਰਭੂ ਨੇ ਦੁਨੀਆਂ ਨੂੰ ਰਚਿਆ ਹੈ। ਪ੍ਰਭੂ ਨੇ ਕਈ ਬਾਰ ਇਹ ਦੁਨੀਆਂ ਪੈਦਾ ਕੀਤੀ ਇਸ ਦੁਨੀਆਂ ਦੇ ਪੈਦਾ ਕਰਨ ਵਾਲਾ ਤੇ ਸਮੇਟਣ ਵਾਲਾ ਪ੍ਰਭੂ ਆਪ ਹੀ ਹੈ। ਪ੍ਰਭੂ ਨੇ ਕ੍ਰੋੜਾਂ ਹੀ ਜੀਵ ਕਈ ਕਿਸਮਾਂ ਦੇ ਪੈਦਾ ਕੀਤੇ ਹਨ ਜੋ ਪ੍ਰਭੂ ਵਿਚੋਂ ਪੈਦਾ ਹੋਏ ਹਨ ਤੇ ਪ੍ਰਭੂ ਵਿਚ ਹੀ ਸਮਾ ਗਏ ਹਨ। ਉਸ ਬੇਅੰਤ ਪ੍ਰਭੂ ਤੇ ਉਸਦੀ ਬੇਅੰਤ ਰਚਨਾਂ ਦਾ ਕੋਈ ਹਦ ਬੰਨਾਂ ਮਾਲੂਮ ਨਹੀਂ ਕਰ ਸਕਦਾ। ਗੁਰੂ ਜੀ ਆਖਦੇ ਹਨ ਉਹ ਪ੍ਰਭੂ ਆਪਣੇ ਜਿਹਾ ਆਪ ਹੀ ਹੈ। ਉਸ ਜੇਹਾ ਹੋਰ ਕੋਈ ਨਹੀਂ ਤੇ ਉਹ ਬੇਮਿਸਾਲ ਹੈ। ਇਸ ਵਾਸਤੇ ਉਸਦਾ ਅੰਤ ਮਾਲੂਮ ਜਾਂ ਵਰਨਣ ਨਹੀਂ ਕੀਤਾ ਜਾ ਸਕਦਾ।

ਕਈ ਕੋਟਿ ਪਾਰਬ੍ਰਹਮ ਕੇ ਦਾਸ ॥
ਤਿਨ ਹੋਵਤ ਆਤਮ ਪਰਗਾਸ[1] ॥
ਕਈ ਕੋਟਿ ਤਤ[2] ਕੇ ਬੇਤੇ[3] ॥
ਸਦਾ ਨਿਹਾਰਹਿ[4] ਏਕੋ ਨੇਤ੍ਰ[5] ॥
ਕਈ ਕੋਟਿ ਨਾਮ ਰਸੁ ਪੀਵਹਿ ॥

---

1 ਰੋਸ਼ਨੀ। 2 ਅਸਲੀਅਤ। 3 ਜਾਣੂ। 4 ਵੇਖਦੇ ਹਨ ਬਅਖ।



Digitized by Panjab Digital Library | www.panjabdigilib.org

ਅਮਰ[1] ਭਏ ਸਦ ਸਦ ਹੀ ਜੀਵਹਿ ॥
ਕਈ ਕੋਟਿ ਨਾਮ ਗੁਨ ਗਾਵਹਿ ॥
ਆਤਮ[2] ਰਸਿ ਸੁਖਿ ਸਹਜਿ ਸਮਾਵਹਿ ॥
ਅਪੁਨੇ ਜਨ ਕਉ ਸਾਸੀ[3] ਸਾਸਿ ਸਮਾਰੇ[4] ।
ਨਾਨਕ ਓਇ ਪਰਮੇਸੁਰ ਕੇ ਪਿਆਰੇ ॥ ੮।੧੦॥

ਇਸ ਪ੍ਰਭੂ ਦੀ ਬਨਾਈ ਹੋਈ ਰਚਨਾਂ ਵਿਚ ਕ੍ਰੋੜਾਂ ਹੀ ਪ੍ਰਭੂ ਦੇ ਸੇਵਕ ਹਨ । ਇਹੋ ਜੇਹਾਂ ਬੰਦਿਆਂ ਦੇ ਦਿਲ ਦੇ ਵਿਚ ਪ੍ਰਭੂ ਦੇ ਨਾਮ ਦੀ ਰੋਸ਼ਨੀ ਹੋ ਜਾਂਦੀ ਹੈ । ਕ੍ਰੋੜਾਂ ਜੀਵ ਐਸੇ ਹਨ ਜੋ ਪ੍ਰਭੂ ਦੇ ਸਚੇ ਦਾਸ ਹੋਣ ਦੀ ਵਜਾ ਤੋਂ ਉਸ ਪ੍ਰਭੂ ਦੀ ਅਸਲੀਅਤ ਜਾਨਣ ਲਗ ਪੈਂਦੇ ਹਨ । ਇਹੋ ਜੇਹ ਪਭੂ ਦਾ ਸਚੇ ਬ੍ਰਹਮਗਿਆਨੀ ਹਮੇਸ਼ਾਂ ਪਭੂ ਨੂੰ ਹੀ ਅਖਾਂ ਨਾਲ ਹਰ ਜਗ੍ਹਾ ਦੇਖਦੇ ਹਨ, ਕ੍ਰੋੜਾਂ ਬੰਦੇ ਪਭੂ ਨਾਮ ਦਾ ਅੰਮਿਰਤ ਪੀਂਦੇ ਹਨ, ਉਹ ਮਰਨ ਜਮਨ ਦੇ ਗੇੜ ਤੋਂ ਨਿਕਲ ਕੇ ਉਨ੍ਹਾਂ ਦਾ ਨਾਉਂ ਹਮੇਸ਼ਾਂ ਹੀ ਦੁਨੀਆਂ ਵਿਚ ਕਾਇਮ ਰਹਿੰਦਾ ਹੈ । ਕ੍ਰੋੜਾਂ ਹੀ ਪਭੂ ਨਾਮ ਦੀ ਧੁਨੀ ਵਿਚ ਮਸਤ ਹਨ, ਉਹ ਆਤਮ ਆਨੰਦ ਵਿਚ ਖ਼ੁਸ਼ ਹਨ ਤੇ ਉਹ ਨ ਡੋਲਣ ਵਾਲੀ ਅਵਸਥਾ ਵਿਚ ਟਿਕੇ ਹੋਏ ਹਨ । ਪ੍ਰਭੂ ਚਪੇ ੨ ਤੇ ਹਰ ਸਮੇਂ ਆਪਣੇ ਭਗਤਾਂ ਦੀ ਹਿਫ਼ਾਜ਼ਤ ਕਰਦਾ ਹੈ । ਗੁਰੂ ਜੀ ਕਹਿੰਦੇ ਹਨ ਕਿ ਉਹ ਹੋਏ ਜੋ ਪਭੂ ਦੇ ਪਿਆਰੇ ।

---

[1] ਜਨਮ ਮਰਨ ਤੋਂ ਰਹਿਤ । [2] ਆਤਮਕ ਆਨੰਦ, ਰੂਹਾਨ ਖ਼ੁਸ਼ੀ । [3] ਦਮ ਬਦਮ । [4] ਸੰਬਾਲੇ ।



Digitized by Panjab Digital Library | www.panjabdigilib.org

# ਸਲੋਕੁ

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲ[1] ਸੋਇ ॥

ਇਸ ਦੁਨੀਆਂ ਦੇ ਬਨਾਉਣ ਵਾਲਾ ਇਕੋ ਪ੍ਰਭੂ ਆਪ ਹੀ ਹੈ ਹੋਰ ਕੋਈ ਨਹੀਂ ਸ੍ਰੀ ਗੁਰੂ ਜੀ ਆਖਦੇ ਹਨ ਉਸ ਪ੍ਰਭੂ ਤੇ ਸਦਕੇ ਜਾਈਏ ਜੋ ਪਾਣੀ ਵਿਚ ਧਰਤੀ ਦੇ ਉਤੇ ਤੇ ਧਰਤੀ ਦੇ ਤਲੇ ਆਪ ਹੀ ਮੌਜੂਦ ਹੈ।

## ਅਸਟਪਦੀ

ਕਰਨ ਕਰਾਵਨ ਕਰਨੈ ਜੋਗੁ[2] ॥
ਜੋ ਤਿਸੁ ਭਾਵੈ ਸੋਈ ਹੋਗੁ[3] ॥

ਉਹ ਪ੍ਰਭੂ ਸਾਰੇ ਕੰਮ ਆਪ ਕਰਦਾ ਹੈ ਆਪ ਹੀ ਕਰਾਂਦਾ ਹੈ ਤੇ ਆਪ ਹੀ ਕਰਾ ਸਕਦਾ ਹੈ ਜਿਸ ਤਰ੍ਹਾਂ ਉਸ ਵਾਹਿਗੁਰੂ ਨੂੰ ਮਨਜ਼ੂਰ ਹੁੰਦਾ ਹੈ ਉਸੇ ਤਰ੍ਹਾਂ ਹੀ ਹੁੰਦਾ ਹੈ।

---

1 ਧਰਤੀ ਦੇ ਤਲ ਉਤੇ। 2 ਤਾਕਤ ਵਾਲਾ। 3 ਹੋਵੇਗਾ।



Digitized by Panjab Digital Library | www.panjabdigilib.org

ਖਿਨ [1] ਮਹਿ ਥਾਪਿਉ [2] ਥਾਪਨਹਾਰਾ [3] ॥
ਅੰਤੁ ਨਹੀ ਕਿਛੁ ਪਾਰਾਵਾਰਾ ॥

ਇਕ ਸੈਕਿੰਡ ਵਿਚ ਪ੍ਰਭੂ ਬਨਾ ਸਕਦਾ ਹੈ ਤੇ ਸੈਕਿੰਡ ਵਿਚ ਹੀ ਤੋੜ ਭੀ ਸਕਦਾ ਹੈ। ਉਸ ਬੇਅੰਤ ਪ੍ਰਭੂ ਦਾ ਕੋਈ ਹਦ ਟਿਕਾਨਾ ਸਮਝ ਨਹੀਂ ਆਂਦਾ।

ਹੁਕਮੇ ਧਾਰਿ [4] ਅਧਰ [5] ਰਹਾਵੈ ॥
ਹੁਕਮੇ ਉਪਜੈ [6] ਹੁਕਮਿ ਸਮਾਵੈ ॥

ਉਸ ਦੇ ਹੁਕਮ ਦੇ ਅਨੁਸਾਰ ਇਹ ਸੰਸਾਰ ਆਸਰੇ ਤੋਂ ਬਿਨਾਂ ਬਨਿਆਂ ਜਾਂ ਟਿਕਿਆ ਹੋਇਆ ਹੈ। ਪ੍ਰਭੂ ਦੇ ਹੁਕਮ ਨਾਲ ਜੀਵ ਪੈਦਾ ਹੁੰਦਾ ਹੈ ਤੇ ਉਸ ਦੇ ਹੁਕਮ ਵਿਚ ਹੀ ਖੋਹ ਜਾਂਦਾ ਹੈ।

ਹੁਕਮੇ ਊਚ ਨੀਚ ਬਿਉਹਾਰ [7] ॥
ਹੁਕਮੇ ਅਨਿਕ ਰੰਗ ਪਰਕਾਰ [8] ॥

ਪ੍ਰਭੂ ਦੇ ਹੁਕਮ ਨਾਲ ਹੀ ਜੀਵ ਨਾਲ ਮੰਦੇ ਤੇ ਚੰਗੇ ਸਲੂਕ ਹੁੰਦੇ ਹਨ ਪ੍ਰਭੂ ਦੇ ਹੁਕਮ ਨਾਲ ਹੀ ਬੇਅੰਤ ਕਿਸਮ ਦੇ ਖੇਡ ਤਮਾਸ਼ੇ ਸੰਸਾਰ ਵਿਚ ਹੁੰਦੇ ਹਨ।

ਕਰਿ ਕਰਿ ਦੇਖੈ ਅਪਨੀ ਵਡਿਆਈ ॥
ਨਾਨਕ ਸਭ ਮਹਿ ਰਹਿਆ ਸਮਾਈ ॥ ੧ ॥

ਪ੍ਰਭੂ ਆਪਣੇ ਵਡੇ ੨ ਕੰਮ ਕੀਤੇ ਹੋਏ ਆਪ ਹੀ ਦੇਖਦਾ

---

1 ਸੈਕਿੰਡ। 2 ਬਨਾਣਾ, ਪੈਦਾ ਕਰਨਾਂ। 3 ਨਾਸ ਕਰਨਾਂ। 4 ਬਨਾਇਆ। 5 ਬਗੈਰ ਸਹਾਰੇ ਦੇ। 6 ਪੈਦਾ। 7 ਵਰਤਾਉ, ਸਲੂਕ। 8 ਕਿਸਮ।



Digitized by Panjab Digital Library | www.panjabdigilib.org

ਹੈ। ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਸਭ ਵਿਚ ਸਮਾਇਆ ਹੋਇਆ ਹੈ ।

ਪ੍ਰਭ ਭਾਵੈ[1] ਮਾਨੁਖ ਗਤਿ[2] ਪਾਵੈ ॥
ਪ੍ਰਭ ਭਾਵੈ ਤਾ ਪਾਥਰ ਤਰਾਵੈ ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥
ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥
ਪ੍ਰਭ ਭਾਵੈ ਤਾ ਪਤਿਤ[3] ਉਧਾਰੈ[4] ॥
ਆਪਿ ਕਰੈ ਆਪਨ ਬੀਚਾਰੈ ॥

ਜੇਕਰ ਪ੍ਰਭੂ ਨੂੰ ਮਨਜ਼ੂਰ ਹੋਵੇ ਤਾਂ ਹੀ ਜੀਵ ਨੂੰ ਮੁਕਤੀ ਮਿਲਦੀ ਹੈ। ਜੇਕਰ ਉਸ ਨੂੰ ਚੰਗਾ ਲਗੇ ਤਾਂ ਉਹ ਪ੍ਰਭੂ ਪਥਰ ਦਿਲਾਂ ਨੂੰ ਭੀ ਤਾਰ ਲੈਂਦਾ ਹੈ। ਜੇ ਵਾਹਿਗੁਰੂ ਚਾਹੇ ਤਾਂ ਉਹ ਜੀਵ ਨੂੰ ਸੁਆਸਾਂ ਤੋਂ ਬਗ਼ੈਰ ਹੀ ਜੀਂਦਾ ਰਖ ਲੈਂਦਾ ਹੈ। ਜੇਕਰ ਉਸ ਦੀ ਕਿਰਪਾ ਹੋਵੇ ਤਾਂ ਜੀਵ ਹਰੀ ਦੇ ਗੁਣ ਗਾਂਦਾ ਹੈ। ਜੇਕਰ ਦਾਤਾ ਚਾਹੇ ਤਾਂ ਪਾਪੀਆਂ ਨੂੰ ਸਿਧੇ ਰਸਤੇ ਤੇ ਲਾਕੇ ਤਾਰ ਲੈਂਦਾ ਹੈ । ਜੋ ਕੁਛ ਉਹ ਕਰਦਾ ਹੈ ਉਹ ਆਪਣੇ ਵਿਚਾਰ ਸੋਚ ਨਾਲ ਹੀ ਕਰਦਾ ਹੈ ।

ਦੁਹਾ ਸਿਰਿਅ[5] ਕਾ ਆਪਿ ਸੁਆਮੀ ॥
ਖੇਲੈ ਬਿਗਸੈ[6] ਅੰਤਰਜਾਮੀ[7] ॥

---

[1] ਜੋ ਈਸ਼ਵਰ ਨੂੰ ਚੰਗਾ ਲਗੇ। [2] ਉਚਾ ਰੁਤਬਾ, ਮੁਕਤੀ। [2] ਪਾਪੀ, ਧਰਮ ਤੋਂ ਗਿਰੇ ਹੋਏ ਮਨੁਸ਼। [4] ਤਾਰੇ । [5] ਦੋ ਜਹਾਨ, ਲੋਕ ਪਰਲੋਕ। [6] ਖੁਸ਼ ਹੁੰਦਾ ਹੈ [7] ਅੰਦਰ ਦੀ ਜਾਨਣ ਵਾਲਾ।



Digitized by Panjab Digital Library | www.panjabdigilib.org

ਪ੍ਰਭੂ ਆਪ ਹੀ ਦੋਨਾਂ ਜਹਾਨਾਂ ਦਾ, ਲੋਕ ਤੇ ਪਰਲੋਕ ਦਾ ਮਾਲਕ ਹੈ ਉਹ ਪ੍ਰਭੂ ਜੀਵਾਂ ਦੇ ਦਿਲਾਂ ਦੀ ਜਾਣਨ ਵਾਲਾ ਆਪ ਹੀ ਦੁਨੀਆਂ ਦੇ ਪੈਦਾ ਕਰਨ ਦੀ ਖੇਡ ਖੇਡਦਾ ਹੈ ਤੇ ਆਪ ਹੀ ਦੁਨੀਆਂ ਵਿਚ ਜੋ ਕੁਛ ਹੋ ਰਿਹਾ ਹੈ ਉਸ ਨੂੰ ਵੇਖ ਕੇ ਖੁਸ਼ ਹੁੰਦਾ ਹੈ।

ਜੋ ਭਾਵੈ ਸੋ ਕਾਰ ਕਰਾਵੈ ॥
ਨਾਨਕ ਦ੍ਰਿਸਟੀ[1] ਅਵਰੁ[2] ਨ ਆਵੈ ॥ ੨ ॥

ਜੋ ਕੁਛ ਪਭੂ ਨੂੰ ਚੰਗਾ ਲਗਦਾ ਹੈ ਉਹ ਜੀਵਾਂ ਕੋਲੋਂ ਉਹੀ ਕਾਰ ਕਰਾਂਦਾ ਹੈ। ਸੀ ਗੁਰੂ ਜੀ ਆਖਦੇ ਹਨ ਉਸ ਵਾਹਿਗੁਰੂ ਵਰਗਾ ਹੋਰ ਕੋਈ ਨਜ਼ਰ ਨਹੀਂ ਆਂਦਾ।

ਕਹੁ ਮਾਨੁਖ ਤੇ ਕਿਆ ਹੋਇ ਆਵੈ ॥
ਜੋ ਤਿਸੁ ਭਾਵੈ ਸੋਈ ਕਰਾਵੈ ॥

ਦਸੋ ਜੀਵ ਕੋਲੋਂ ਕੀ ਕੰਮ ਹੋ ਸਕਦਾ ਹੈ, ਜੋ ਕੁਛ ਹੀ ਪਭੂ ਨੂੰ ਚੰਗਾ ਲਗੇ ਉਹ ਜੀਵ ਤੋਂ ਉਹੀ ਕੰਮ ਕਰਾਂਦਾ ਹੈ।

ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥
ਜੋ ਤਿਸੁ ਭਾਵੈ ਸੋਈ ਕਰੇਇ ॥

ਜੇਕਰ ਜੀਵ ਦੇ ਵਸ ਦੀ ਗਲ ਹੋਵੇ ਤਾਂ ਇਹ ਜੀਵ ਸਭ ਕੁਛ ਹੀ ਕਾਬੂ ਕਰ ਲਵੇ। ਜੋ ਕੁਛ ਹੀ ਪਭੂ ਨੂੰ ਚੰਗਾ ਲਗਦਾ ਹੈ ਉਹੀ ਕੁਛ ਹੁੰਦਾ ਹੈ। ਇਸ ਜੀਵ ਦੇ ਵਸ ਕੁਛ ਭੀ ਨਹੀਂ।

ਅਨਜਾਨਤ[3] ਬਿਖਿਆ[4] ਮਹਿ ਰਚੈ ॥
ਜੇ ਜਾਨਤ ਆਪਨ ਆਪ ਬਚੈ ॥

---

[1] ਨਜ਼ਰ। [2] ਹੋਰ। [3] ਨਾ ਜਾਣਦਾ ਹੋਇਆ।
[4] ਬਦੀਆਂ।



Digitized by Panjab Digital Library | www.panjabdigilib.org

ਜੀਵ ਅਨਜਾਣ ਪੁਣੇ ਵਿਚ ਬਦੀਆਂ ਤੇ ਵਿਕਾਰਾਂ ਵਿਚ ਫਸ ਜਾਂਦਾ ਹੈ। ਜੇਕਰ ਉਸਨੂੰ ਇਸ ਗਲ ਦਾ ਗਿਆਨ ਹੋ ਜਾਵੇ ਕਿ ਮਨੁਖਾ ਜਨਮ ਉਸ ਨੂੰ ਕਿਉਂ ਮਿਲੀ ਹੈ ਤਾਂ ਉਹ ਬੁਰੇ ਕੰਮਾਂ ਤੋਂ ਆਪੇ ਬਚ ਜਾਏਗਾ।

ਭਰਮੇ ਭੂਲਾ ਦਹ[1] ਦਿਸਿ[2] ਧਾਵੈ[3] ॥
ਨਿਮਖ ਮਾਹਿ ਚਾਰਿ ਕੁੰਟ[4] ਫਿਰਿ ਆਵੈ ॥

ਜੀਵ ਭੁਲੇਖੇ ਵਿਚ ਪਿਆ ਹੋਇਆ ਮਾਇਆ ਇਕਠੀ ਕਰਨ ਦੀ ਖਾਤਰ ਦਸੀਂ ਪਾਸੀ ਦੌੜਦਾ ਫਿਰਦਾ ਹੈ। ਇਕ ਸੈਕਿੰਡ ਵਿਚ ਖਿਆਲਾਤ ਦੇ ਘੋੜੇ ਉਤੇ ਸਵਾਰ ਹੋ ਕੇ ਸੰਸਾਰ ਸਾਗਰ ਦੇ ਚਾਰਾਂ ਕੋਨਿਆਂ ਤੋਂ ਹੋ ਆਂਦਾ ਹੈ।

ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥
ਨਾਨਕ ਤੇ ਜਨ ਨਾਮਿ ਮਿਲੇਇ ॥ ੩ ॥

ਪ੍ਰਭੂ ਜਿਸ ਤੇ ਕ੍ਰਿਪਾ ਕਰਕੇ ਆਪਣੀ ਭਗਤੀ ਬਖ਼ਸ਼ ਦੇਂਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਕਿ ਉਹ ਮਨੁਖ ਨਾਮ ਜਪਕੇ ਉਸ ਨਾਲ ਮਿਲ ਜਾਂਦਾ ਹੈ।

ਖਿਨ ਮਹਿ ਨੀਚ ਕੀਟ[5] ਕਉ ਰਾਜ ॥
ਪਾਰ ਬ੍ਰਹਮ ਗਰੀਬ ਨਿਵਾਜ[6] ॥

ਇਕ ਸੈਕਿੰਡ ਵਿਚ ਉਹ ਦਾਤਾ ਕੀੜੇ ਵਰਗੇ ਗਰੀਬ ਤੇ ਕੰਗਾਲ ਮਨੁਖ ਨੂੰ ਰਾਜ ਦੇ ਦੇਂਦਾ ਹੈ। ਉਹ ਪ੍ਰਭੂ ਗਰੀਬਾਂ ਤੇ ਮੇਹਰ ਕਰਨ ਵਾਲਾ ਹੈ।

---

[1] ਦਸ। [2] ਤਰਫਾਂ। [3] ਦੌੜੇ। [4] ਗੁਠਾਂ। [5] ਕੀੜਾ।
[6] ਗਰੀਬਾਂ ਤੇ ਮੇਹਰ ਕਰਨ ਵਾਲਾ।



Digitized by Panjab Digital Library | www.panjabdigilib.org

ਜਾ ਕਾ ਦ੍ਰਿਸਟਿ[1] ਕਛੂ ਨਾ ਆਵੈ ॥
ਤਿਸ ਤਤਕਾਲ[2] ਦਹਦਿਸ ਪ੍ਰਗਟਾਵੈ ॥

ਜਿਸ ਜੀਵ ਦੀ ਕੋਈ ਸਿਫ਼ਤ ਭੀ ਨਜ਼ਰ ਨਾ ਆਵੇ। ਉਸ ਨੂੰ, ਜੇਕਰ ਪਭੂ ਚਾਹੇ, ਤਾ ਇਕ ਪਲ ਵਿਚ ਸਾਰੇ ਜਹਾਨ ਵਿਚ ਮਸ਼ਹੂਰ ਕਰ ਦੇਵੇ।

ਜਾ ਕਉ ਅਪੁਨੀ ਕਰੈ ਬਖਸੀਸ[3] ॥
ਤਾ ਕਾ ਲੇਖਾ ਨਾ ਗਨੈ ਜਗਦੀਸ[4] ॥

ਜਿਸ ਮਨੁਖ ਉਤੇ ਪਭੂ ਆਪ ਦਇਆ ਕਰ ਦੇਵੇ। ਉਸ ਦੇ ਕਰਮਾਂ ਦਾ ਲੇਖਾ ਜਗਤ ਦਾ ਪਿਤਾ ਨਹੀਂ ਗਿਣਦਾ ਤੇ ਉਸ ਨੂੰ ਸਭ ਕੁਛ ਬਖ਼ਸ਼ ਦੇਂਦਾ ਹੈ।

ਜੀਉ ਪਿੰਡੁ ਸਭ ਤਿਸ ਕੀ ਰਾਸਿ[5] ॥
ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥

ਇਹ ਜਿੰਦ ਤੇ ਜਿਸਮ ਸਭ ਉਸ ਪ੍ਰਭੂ ਦਾ ਦਿਤਾ ਹੋਇਅ ਖ਼ਜ਼ਾਨਾਂ ਹੈ। ਹਰ ਇਕ ਦੇ ਜਿਸਮ ਵਿਚ ਪ੍ਰਭੂ ਵਸਿਆ ਹੋਇਆ ਹੈ।

ਅਪਨੀ ਬਣਤ[6] ਆਪਿ ਬਨਾਈ ॥
ਨਾਨਕ ਜੀਵੈ ਦੇਖਿ ਬਡਾਈ ॥ ੪ ॥

ਆਪਣੀ ਦੁਨੀਆਂ ਦੀ ਬਨਾਵਟ ਪ੍ਰਭੂ ਨੇ ਆਪ ਹੀ ਬਣਾਈ ਹੈ। ਸ੍ਰੀ ਗੁਰੂ ਜੀ ਆਖਦੇ ਹਨ ਐਸੀ ਪ੍ਰਭੂ ਦੀ ਵਡਿਆਈ ਵੇਖ ੨ ਕੇ ਅਸੀਂ ਜੀਂਦੇ ਹਾਂ।

---

1 ਦਿਸਨਾ ਨਜ਼ਰ ਆਉਣਾ। 2 ਤੁਰਤ, ਛੇਤੀ ਨਾਲ। 3 ਦਯਾ। 4 ਜਗਤ ਦਾ ਮਾਲਕ। 5 ਖਜ਼ਾਨਾਂ। 6 ਬਣਾਵਟ।



Digitized by Panjab Digital Library | www.panjabdigilib.org

ਇਸ ਕਾ ਬਲੁ ਨਾਹੀ ਇਸੁ ਹਾਥ ॥
ਕਰਨ ਕਰਾਵਨ ਸਰਬ ਕੋ ਨਾਥ ॥

ਜੀਵ ਦੀ ਤਾਕਤ ਆਪਣੇ ਕਬਜ਼ੇ ਵਿਚ ਨਹੀਂ ਹੈ। ਸਭ ਜੀਆਂ ਦਾ ਮਾਲਕ ਪ੍ਰਭੂ ਆਪ ਹੈ, ਉਹ ਜਿਸ ਤਰਾਂ ਚਾਹੇ ਹਰ ਇਕ ਜੀਵ ਤੋਂ ਕਰਾਂਦਾ ਹੈ।

ਆਗਿਆਕਾਰੀ[1] ਬਪੁਰਾ[2] ਜੀਉ ॥
ਜੋ ਤਿਸੁ ਭਾਵੈ ਸੋਈ ਫੁਨਿ ਥੀਉ[3] ॥

ਵਿਚਾਰਾ ਜੀਵ ਪ੍ਰਭੂ ਦੇ ਹੁਕਮ ਵਿਚ ਹੀ ਤੁਰਨ ਵਾਲਾ ਹੈ, ਉਹ ਆਪ ਤਾਂ ਕੁਛ ਕਰ ਹੀ ਨਹੀਂ ਸਕਦਾ। ਜੋ ਹੀ ਪ੍ਰਭੂ ਨੂੰ ਮਨਜ਼ੂਰ ਹੁੰਦਾ ਹੈ, ਉਹ ਹੀ ਹੁੰਦਾ ਹੈ।

ਕਬਹੂ[4] ਊਚ ਨੀਚ ਮਹਿ ਬਸੈ ॥
ਕਬਹੂ ਸੋਗ[5] ਹਰਖ[6] ਰੰਗਿ ਹਸੈ ॥
ਕਬਹੂ ਨਿੰਦ[7] ਚਿੰਦ[8] ਬਿਉਹਾਰ ॥
ਕਬਹੂ ਊਭ[9] ਅਕਾਸ ਪਇਆਲ[10] ॥
ਕਬਹੂ ਬੇਤਾ[11] ਬ੍ਰਹਮ ਬੀਚਾਰ ॥
ਨਾਨਕ ਆਪਿ ਮਿਲਾਵਣਹਾਰ ॥ ੫ ॥

ਜੀਵ ਕਦੀ ਉਚੀ ਪਦਵੀ ਪਾਂਦਾ ਹੈ ਤੇ ਕਦੀ ਨੀਚ ਜੋਨੀ ਵਿਚ ਵਸਦਾ ਹੈ। ਕਦੀ ਉਸ ਨੂੰ ਫਿਕਰ ਲਗਾ ਹੁੰਦਾ ਕਦੀ

---

1 ਹੁਕਮ ਮੰਨਣ ਵਾਲਾ। 2 ਬਿਚਾਰਾ। 3 ਹੁੰਦਾ। 4 ਕਦੀ 5 ਚਿੰਤਾ। 6 ਖੁਸ਼ੀ। 7 ਨਿੰਦਾ। 8 ਉਸਤਤ। 9 ਉਚਾ। 10 ਪਾਤਾਲ। 11 ਜਾਨਣ ਵਾਲਾ।



Digitized by Panjab Digital Library | www.panjabdigilib.org

ਖੁਸ਼ੀ ਨਾਲ ਹਸਦਾ ਹੈ। ਕਦੀ ਉਹ ਕਿਸੇ ਦੀ ਨਿੰਦਾ ਕਰਦਾ ਹੈ ਕਦੀ ਉਹ ਉਸਤਤ ਕਰਨ ਦਾ ਵਤੀਰਾ ਅਖ਼ਤਿਆਰ ਕਰਦਾ ਹੈ। ਕਦੀ ਖੁਸ਼ੀ ਵਿਚ ਜੀਵ ਦੇ ਖਿਆਲਾਤ ਅਸਮਾਨ ਤੇ ਜਾਂਦੇ ਹਨ ਤੇ ਕਦੀ ਅਫਸੋਸ ਵਿਚ ਪਤਾਲ ਵਿਚ ਜਾਂਦਾ ਹੈ। ਕਦੀ ਉਹ ਰਬੀ ਗਲਾਂ ਦਾ ਵਿਚਾਰ ਕਰਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਪ੍ਰਭੂ ਜੀਵ ਨੂੰ ਚਾਹੇ ਤਾਂ ਆਪਣੇ ਨਾਲ ਆਪ ਹੀ ਮਿਲਾ ਸਕਦਾ ਹੈ।

ਕਬਹੂ ਨਿਰਤਿ[1] ਕਰੈ ਬਹੁ ਭਾਤਿ[2] ॥
ਕਬਹੂ ਸੋਇ ਰਹੈ ਦਿਨੁ ਰਾਤਿ ॥
ਕਬਹੂ ਮਹਾ ਕਰੋਧ[3] ਬਿਕਰਾਲ[4] ॥
ਕਬਹੂ ਸਰਬ ਕੀ ਹੋਤ ਰਵਾਲ[5] ॥
ਕਬਹੂ ਹੋਇ ਬਹੈ ਬਡ[6] ਰਾਜਾ ॥
ਕਬਹੂ ਭੇਖਾਰੀ[7] ਨੀਚ ਕਾ ਸਾਜਾ[8] ॥
ਕਬਹੂ ਅਪ ਕੀਰਤਿ[9] ਮਹਿ ਆਵੈ ॥
ਕਬਹੂ ਭਲਾ ਭਲਾ ਕਹਾਵੈ ॥
ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥
ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥ ੬ ॥

ਜੀਵ ਕਦੀ ਕਈ ਤਰ੍ਹਾਂ ਨਾਚ ਗਾਨੇ ਕਰਦਾ ਹੈ, ਕਦੀ ਦਿਨ ਰਾਤ ਸੁਤਾ ਰਹਿੰਦਾ ਹੈ। ਕਦੀ ਗੁਸੇ ਵਿਚ ਆਕੇ ਬੜਾ ਡਰਾਉਣਾ ਬਣ ਜਾਂਦਾ ਹੈ। ਕਦੀ ਸਾਰਿਆਂ ਦੀ ਚਰਨ ਧੂੜ ਬਣ ਜਾਂਦਾ ਹੈ। ਕਦੀ

---

1 ਨਾਚ। 2 ਕਿਸਮ। 3 ਗੁਸਾ। 4 ਡਰਾਉਣਾ। 5 ਚਰਨ ਧੂੜ। 6 ਵਡਾ। 7 ਮੰਗਤਾ। 8 ਸਾਂਗ। 9 ਬਦਨਾਮੀ।



Digitized by Panjab Digital Library | www.panjabdigilib.org

ਵਡਾ ਰਾਜਾ ਬਣ ਬੈਠਦਾ ਹੈ। ਕਦੀ ਨੀਚ ਜਾਤ ਦੇ ਮੰਗਤੇ ਦਾ ਸਾਂਗ ਬਣਾਂਦਾ ਹੈ। ਕਦੀ ਐਸੇ ਕੰਮ ਕਰਦਾ ਹੈ। ਜਿਸ ਕਰਕੇ ਉਸ ਦੀ ਬਦਨਾਮੀ ਹੋ ਜਾਂਦੀ ਹੈ, ਕਦੀ ਲੋਕ ਉਸ ਦੀ ਤਾਰੀਫ ਕਰਦੇ ਹਨ। ਪ੍ਰਭੂ ਜਿਵੇਂ ਚਾਹੇ ਜੀਵ ਉਸੇ ਤਰ੍ਹਾਂ ਰਹਿੰਦਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਕਿ ਮੈਂ ਗੁਰੂ ਦੀ ਓਟ ਲੈਕੇ ਇਹ ਸਾਰੀ ਗਲਾਂ ਸਚੀ ੨ ਦਸ ਦਿਤੀਆ ਹਨ।

ਕਬਹੂ ਹੋਇ ਪੰਡਿਤੁ ਕਰੇ ਬਖਾਨੁ[1] ॥
ਕਬਹੂ ਮੋਨਿਧਾਰੀ ਲਾਵੈ ਧਿਆਨੁ ॥
ਕਬਹੂ ਤਟ[2] ਤੀਰਥ ਇਸਨਾਨ ॥
ਕਬਹੂ ਸਿਧ ਸਾਧਿਕ ਮੁਖਿ ਗਿਆਨ ॥
ਕਬਹੂ ਕੀਟ[3] ਹਸਤਿ[4] ਪਤੰਗ[5] ਹੋਇ ਜੀਆ ॥
ਅਨਿਕ ਜੋਨਿ ਭਰਮੈ ਭਰਮੀਆ ॥
ਨਾਨਾ[6] ਰੂਪ ਜਿਉ ਸ੍ਵਾਗੀ ਦਿਖਾਵੈ ॥
ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥
ਜੋ ਤਿਸੁ ਭਾਵੈ ਸੋਈ ਹੋਇ ॥
ਨਾਨਕ ਦੂਜਾ ਅਵਰੁ ਨ ਕੋਇ ॥੭॥

ਜੀਵ ਕਦੀ ਪੰਡਤ ਬਣਕੇ ਲੋਕਾਂ ਨੂੰ ਉਪਦੇਸ਼ ਕਰਦਾ ਹੈ। ਕਦੀ ਰੂਪ ਧਾਰ ਕੇ ਪ੍ਰਭੂ ਨਾਲ ਧਿਆਨ ਲਗਾਂਦਾ ਹੈ। ਕਦੀ ਤੀਰਥਾਂ ਤੇ ਜੀ ਕੇ ਤੇ ਨਦੀਆਂ ਦੇ ਕਿਨਾਰੇ ਤੇ ਜਾਕੇ ਇਸ਼ਨਾਨ ਕਰਦਾ ਹੈ, ਕਦਾ

---

1 ਵਿਖਿਆਨ, ਉਪਦਸ਼। 2 ਨਦੀ ਦਾ ਕਿਨਾਰਾ। 3 ਕੀੜੀ। 4 ਹਾਥੀ। 5 ਭੰਬਟ, ਪ੍ਰਵਾਂਨਾ। 6 ਕਈ ਤਰਾਂ ਦੇ।



Digitized by Panjab Digital Library | www.panjabdigilib.org

ਮਹਾਤਮਾਂ ਪੁਰਸ਼ ਬਣ ਕੇ ਗਿਆਨ ਦੀਆਂ ਗਲਾਂ ਕਰਦਾ ਹੈ । ਕਦੀ ਕੀੜੀ ਹਾਥੀ ਤੇ ਪਤੰਗਾ ਬਨਦਾ ਹੈ ਤੇ ਬੇਅੰਤ ਜੂਨਾਂ ਵਿਚ ਭੌਂਦਾ ਫਿਰਦਾ ਹੈ। ਬਹੁਰੂਪੀਆਂ ਵਾਂਗ ਕਈ ਤਰਾਂ ਦੇ ਸਾਂਗ ਬਣਾ ਕੇ ਵਿਖਾਂਦਾ ਹੈ। ਜਿਵੇਂ ਹੀ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਜੀਵ ਨੂੰ ਉਸੇ ਤਰਾਂ ਨਚਾਂਦਾ ਹੈ। ਜਿਵੇਂ ਹੀ ਵਾਹਿਗੁਰੂ ਨੂੰ ਚੰਗਾ ਲਗਦਾ ਹੈ, ਉਸੇ ਤਰਾਂ ਹੁੰਦਾ ਹੈ। ਗੁਰੂ ਜੀ ਆਖਦੇ ਹਨ, ਹੋਰ ਦੂਜਾ ਉਸ ਅਕਾਲ ਪੁਰਖ ਦੀ ਬਰਾਬਰੀ ਨਹੀਂ ਕਰ ਸਕਦਾ ।

ਕਬਹੂ ਸਾਧ ਸੰਗਤਿ ਇਹੁ ਪਾਵੈ ॥
ਉਸੁ ਅਸਥਾਨ ਤੇ ਬਹੁਰਿ[1] ਨ ਆਵੈ ॥
ਅੰਤਰਿ ਹੋਇ ਗਿਆਨ ਪਰਗਾਸੁ[2] ॥
ਉਸੁ ਅਸਥਾਨ ਕਾ ਨਹੀ ਬਿਨਾਸੁ ॥
ਮਨ ਤਨ ਨਾਮਿ ਰਤੇ ਇਕ ਰੰਗਿ ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥
ਜਿਉ ਜਲ ਮਹਿ ਜਲੁ ਆਇ ਖਟਾਨਾ[3] ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ[4] ਪਾਏ ਬਿਸ੍ਰਾਮ[5] ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥

ਜਦ ਕਦੀ ਜੀਵ ਉਤੇ ਪ੍ਰਭੂ ਦੀ ਮੇਹਰ ਹੋ ਜਾਏ ਤੇ ਇਹ ਜੀਵ ਸਾਧ ਸੰਗਤ ਵਿਚ ਪਹੁੰਚ ਜਾਏ, ਤਾਂ ਇਸ ਅਸਥਾਂਨ ਤੇ ਫਿਰ

---

1 ਮੁੜ। 2 ਰੋਸ਼ਨੀ। 3 ਮਿਲਨਾ। 4 ਭੌਣਾ, ਫੇਰੇ। 5 ਆਰਾਮ।



Digitized by Panjab Digital Library | www.panjabdigilib.org

ਨਹੀਂ ਆਉਂਦਾ। ਸਾਧ ਸੰਗਤ ਵਿਚ ਜਾ ਕੇ ਉਹ ਮਰਨ ਜਮਣ ਵਿਚ ਫਿਰ ਨਹੀਂ ਆਂਦਾਂ। ਜੀਵ ਦੇ ਅੰਦਰ ਸਾਧ ਸੰਗਤ ਵਿਚ ਜਾ ਕੇ ਦਿਲ ਦੇ ਕਪਾਟ ਖੁਲ ਜਾਂਦੇ ਹਨ ਤੇ ਉਹ ਉਥੇ ਪੁਜ ਜਾਂਦਾ ਹੈ ਜਿਸ ਜਗਾ ਦਾ ਕਦੇ ਨਾਸ ਨਹੀ ਹੁੰਦਾ। ਜਿਨ੍ਹਾਂ ਲੋਕਾਂ ਦਾ ਤਨ ਮਨ ਇਕ ਪ੍ਰਭੂ ਦੇ ਪਿਆਰ ਵਿਚ ਲਗ ਜਾਂਦਾ ਹੈ, ਉਹ ਹਮੇਸ਼ਾਂ ਪ੍ਰਭੂ ਦੀ ਹਜ਼ੂਰੀ ਵਿਚ ਵਸਦੇ ਹਨ। ਜਿਸ ਤਰ੍ਹਾਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ ਤੇ ਅਭੇਦ ਨਹੀਂ ਰਹਿੰਦਾ ਤਿਵੇਂ ਹੀ ਸਾਧ ਸੰਗਤ ਵਿਚ ਜਾਂਨ ਨਾਲ ਜੀਵ ਪ੍ਰਭੂ ਨਾਲ ਮਿਲ ਕੇ ਇਕ ਮਿਕ ਹੋ ਜਾਂਦਾ ਹੈ। ਇਸ ਹਾਲਤ ਵਿਚ ਜੀਵ ਦੇ ੮੪ ਦੇ ਫੇਰੇ ਖ਼ਤਮ ਹੋ ਜਾਂਦੇ ਹਨ ਤੇ ਉਸ ਨੂੰ ਪ੍ਰਭੂ ਦੀ ਦਰਗਾਹ ਵਿਚ ਅਰਾਮ ਮਿਲ ਜਾਂਦਾ ਹੈ। ਗੁਰੂ ਜੀ ਆਖਦੇ ਹਨ ਪ੍ਰਭੂ ਤੇ ਅਸੀਂ ਸਦਾ ਕੁਰਬਾਨ ਜਾਈਏ।



Digitized by Panjab Digital Library | www.panjabdigilib.org

## ਸਲੋਕੁ ॥

ਸੁਖੀ ਬਸੈ ਮਸਕੀਨੀਆ [1] ਆਪੁ [2] ਨਿਵਾਰਿ [3] ਤਲੇ [4] ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬ [5] ਗਲੇ ॥

ਗਰੀਬੀ ਸੁਭਾ ਵਾਲੇ ਆਪਾ-ਭਾਵ ਨੂੰ ਛੋੜ ਕੇ ਨੀਵੇਂ ਰਹੇ ਕੇ ਖ਼ੁਸ਼ ਰਹਿੰਦੇ ਹਨ । ਜੋ ਲੋਕ ਵਡੇ ਵਡੇਰੇ ਹਨ ਤੇ ਹੰਕਾਰ ਕਰਦੇ ਹਨ ਗੁਰੂ ਜੀ ਆਖਦੇ ਹਨ, ਕਿ ਉਹ ਹੰਕਾਰ ਵਿਚ ਹੀ ਗਲ ਜਾਂਦੇ ਹਨ ।

### ਅਸਟਪਦੀ

ਜਿਸ ਕੈ ਅੰਤਰਿ ਰਾਜ ਅਭਿਮਾਨੁ [6] ॥
ਸੋ ਨਰਕ ਪਾਤੀ [7] ਹੋਵਤ ਸੁਆਨੁ [8] ॥

ਜਿਸ ਮਨੁਖ ਦੇ ਮਣ ਵਿਚ ਰਾਜ ਦਾ ਮਾਣ ਹੋਵੇ, ਉਹ ਮਨੁਖ ਨਰਕਾਂ ਵਿਚ ਜਾਵੇਗਾ ਤੇ ਕੁਤਾ ਬਨੇਂਗਾ

---

1 ਗਰੀਬੀ ਸੁਭਾ ਵਾਲੇ । 2 ਆਪਾ-ਭਾਵ, ਮਗ਼ਰੂਰ । 3 ਛੋੜ ਕੇ । 4 ਥਲੇ । 5 ਹੰਕਾਰ, ਗ਼ਰੂਰ । 6 ਮਾਣ, ਘਮੰਡ । 7 ਪੈਣ । 8 ਕੁਤਾ ।



Digitized by Panjab Digital Library | www.panjabdigilib.org

ਜੋ ਜਾਨੈ ਮੈ ਜੋਬਨਵੰਤ [1] ॥
ਸੋ ਹੋਵਤ ਬਿਸਟਾ [2] ਕਾ ਜੰਤੁ [3] ॥

ਜਿਸ ਜੀਵ ਨੂੰ ਜਵਾਨੀ ਤੇ ਸੁੰਦਰਤਾ ਦਾ ਮਾਣ ਹੋਵੇ, ਉਹ ਟਟੀ ਦਾ ਕੀੜਾ ਬਨੇਗਾ ਕਿਉਂਕਿ ਜਵਾਨ ਤੇ ਸੁੰਦਰ ਆਮ ਤੌਰ ਤੇ ਵਿਸ਼ੇ ਵਿਕਾਰਾਂ ਵਿਚ ਲਗੇ ਰਹਿੰਦੇ ਹਨ।

ਆਪਸ ਕਉ ਕਰਮਵੰਤੁ [4] ਕਹਾਵੈ ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ [5] ॥

ਜੋ ਮਨੁਖ ਆਪਣੇ ਆਪ ਨੂੰ ਚੰਗੇ ਕੰਮ ਕਰਨ ਵਾਲਾ ਸਦਾਦਾਂ ਹੈ। ਉਹ ਜੰਮਦਾ ਮਰਦਾ ਰਹਿੰਦਾ ਹੈ ਤੇ ਮੁੜ ੨ ਜੂਨਾਂ ਵਿਚ ਆਂਦਾ ਰਹਿੰਦਾ ਹੈ।

ਧਨ ਭੂਮਿ [9] ਕਾ ਜੋ ਕਰੈ ਗੁਮਾਨੁ ॥
ਸੋ ਮੂਰਖ ਅੰਧਾ ਅਗਿਆਨੁ [7] ॥

ਜੋ ਮਨੁਖ ਦੌਲਤ ਤੇ ਜ਼ਮੀਨ ਦਾ ਮਾਨ ਕਰਦਾ ਹੈ, ਉਹ ਬੇਵਕੂਫ ਅੰਨ੍ਹਾ ਤੇ ਜਾਹਿਲ ਹੈ।

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ [8] ਮੁਕਤੁ [8] ਆਗੈ [10] ਸੁਖੁ ਪਾਵੈ ॥੧॥

ਪ੍ਰਭੂ ਜਿਸ ਤੇ ਮੇਹਰ ਕਰੇ ਤੇ ਜਿਸ ਜੀਵ ਦਾ ਗਰੀਬੀ ਸੁਭਾ ਬਣਾ ਦੇਵੇ। ਗੁਰੂ ਜੀ ਆਖਦੇ ਹਨ ਉਹ ਇਸ ਜਹਾਨ ਦੇ ਵਿਚ

---

1 ਜਵਾਨੀ, ਸੁਨਪ। 2 ਵਿਸ਼ਟਾ, ਗੂਹ। 3 ਕੀੜਾ। 4 ਚੰਗੇ ਕੰਮ ਕਰਨ ਵਾਲਾ। 5 ਭਟਕਦਾ ਹੈ। 6 ਧਰਤੀ। 7 ਬਵਕੂਫ 8 ਇਸ ਜਹਾਨ ਵਿਚ। 9 ਆਜ਼ਾਦ। 10 ਪਰਲੋਕ।



Digitized by Panjab Digital Library | www.panjabdigilib.org

ਮਾਇਆ ਦੇ ਧੰਧਿਆਂ ਤੋਂ ਆਜ਼ਾਦ ਹੋਕੇ ਅਗਲੇ ਜਹਾਨ ਵਿਚ ਸੁਖ ਪਾਏਗਾ।

ਧਨਵੰਤਾ[1] ਹੋਇ ਕਰਿ ਗਰਬਾਵੈ[2] ॥
ਤ੍ਰਿਣ[3] ਸਮਾਨਿ[4] ਕਛੁ ਸੰਗਿ ਨ ਜਾਵੈ ॥

ਜੋ ਮਨੁਖ ਅਮੀਰੀ ਦਾ ਮਾਨ ਕਰਦਾ ਹੈ ਉਹ ਭੀ ਗਲਤੀ ਕਰਦਾ ਹੈ ਕਿਉਂ ਜੋ ਇਸ ਸੰਸਾਰ ਵਿਚੋਂ ਇਕ ਘਾਹ ਦੇ ਤੀਲੇ ਦੇ ਬਰਾਬਰ ਭੀ ਕੋਈ ਚੀਜ਼ ਜੀਵ ਨਾਲ ਨਹੀਂ ਜਾਂਦੀ।

ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥
ਪਲ ਭੀਤਰਿ[5] ਤਾ ਕਾ ਹੋਇ ਬਿਨਾਸ ॥

ਮਨੁਖ ਬਹੁਤੀ ਫੌਜਾਂ ਤੇ ਆਦਮੀਆਂ ਤੇ ਉਮੇਦ ਰਖਦਾ ਹੈ। ਲੇਕਨ ਮੌਤ ਆਨ ਤੇ ਉਸ ਦਾ ਇਕ ਸੈਕਿੰਡ ਵਿਚ ਖਾਤਮਾਂ ਹੋ ਜਾਂਦਾ ਹੈ ਤੇ ਜੀਵ ਦੀ ਕੋਈ ਮਦਦ ਨਹੀਂ ਕਰ ਸਕਦਾ।

ਸਭ ਤੇ ਆਪ ਜਾਨੈ ਬਲਵੰਤੁ[6] ॥
ਖਿਨ[7] ਮਹਿ ਹੋਇ ਜਾਇ ਭਸਮੰਤੁ[8] ॥

ਮਨੁਖ ਆਪਨੇ ਆਪ ਨੂੰ ਸਭ ਤੋਂ ਤਾਕਤਵਰ ਸਮਝਦਾ ਹੈ। ਆਖਰਕਾਰ ਮਰ ਕੇ ਇਕ ਸੈਕਿੰਡ ਵਿਚ ਸੜਕੇ ਸੁਹਾ ਹੋ ਜਾਂਦਾ ਹੈ।

ਕਿਸੈ ਨ ਬਦੈ[9] ਆਪਿ ਅਹੰਕਾਰੀ ॥
ਧਰਮ ਰਾਇ ਤਿਸੁ ਕਰੇ ਖੁਆਰੀ ॥

---

1 ਧੰਨ ਵਾਲਾ, ਅਮੀਰ। 2 ਹੰਕਾਰ, ਮਾਨ। 3 ਤੀਲਾ, ਕਖ। 4 ਬਰਾਬਰ। 5 ਅੰਦਰ, ਮੇਂ। 6 ਬਲ ਵਾਲਾ, ਤਾਕਤ ਵਾਲਾ। 7 ਪਲ। 8 ਸੁਆਹ। 9 ਪਰਵਾਹ ਕਰੇ।



Digitized by Panjab Digital Library | www.panjabdigilib.org

ਜੋ ਮਨੁਖ ਇਤਨਾ ਅਹੰਕਾਰਿਆ ਜਾਂਦਾ ਹੈ, ਮਗ਼ਰੂਰ ਹੋ ਜਾਂਦਾ ਹੈ ਕਿ ਉਹ ਕਿਸੇ ਦੀ ਪਰਵਾਹ ਨਹੀਂ ਕਰਦਾ। ਧਰਮਰਾਜ ਅੰਤ ਵੇਲੇ ਉਸ ਦੀ ਮਿਟੀ ਪਲੀਤ ਕਰਦਾ ਹੈ।

ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨ ॥
ਸੋ ਜਨੁ ਨਾਨਕ ਦਰਗਹ ਪਰਵਾਨ ॥ ੨ ॥

ਸਤਿਗੁਰ ਦੀ ਮੇਹਰ ਨਾਲ ਜਿਸ ਮਨੁਖ ਦਾ ਹੰਕਾਰ ਹਟ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਉਹ ਮਨੁਖ ਪ੍ਰਭੂ ਦੀ ਦਰਗਾਹ ਵਿਚ ਮਨਜ਼ੂਰ ਹੋ ਜਾਂਦਾ ਹੈ ਉਹ ਮੁਕਤੀ ਪਾ ਜਾਂਦਾ ਹੈ।

ਕੋਟਿ[1] ਕਰਮ[2] ਕਰੈ ਹਉ[3] ਧਾਰੇ ॥
ਸ੍ਰਮੁ[4] ਪਾਵੈ ਸਗਲੇ ਬਿਰਥਾਰੇ[5] ॥

ਜੋ ਮਾਨੁਖ ਕ੍ਰੋੜਾਂ ਚੰਗੇ ਕੰਮ ਕਰੇ ਤੇ ਫਿਰ ਅਹੰਕਾਰ ਕਰੇ ਕਿ ਮੈਂ ਚੰਗੇ ਕੰਮ ਕੀਤੇ ਹਨ। ਉਸਨੂੰ ਦੁਖ ਹੋਵੇਗਾ ਕਿਉਂ ਜੋ ਉਸ ਨੂੰ ਅੰਤ ਵਿਚ ਉਨ੍ਹਾਂ ਦਾ ਕੋਈ ਫਲ ਨਹੀਂ ਮਿਲੇਗਾ ਤੇ ਉਹ ਮਾਹਸੂਸ ਕਰੇਗਾ ਜੋ ਉਹ ਵੇਅਰਥ ਸਾਰੇ ਕੰਮ ਕਰਦਾ ਰਹਿਆ ਹੈ। ਜੋ ਕਾਮ ਕਰਕੇ ਜਿਤਾਣੇ ਲਗੇ, ਵੁਹ ਅਪਣੇ ਕੀਏ ਕੋ ਮਿਟਾਣੇ ਲਗੇ।

ਅਨਿਕ ਤਪਸਿਆ ਕਰੇ ਅਹੰਕਾਰ ॥
ਨਰਕ ਸੁਰਗ ਫਿਰਿ ਫਿਰਿ ਅਵਤਾਰ ॥

ਜੀਵ ਕਿਤਨੀ ਹੀ ਤਪਸਿਆ ਕਰਦਾ ਰਹੇ ਤੇ ਨਾਲ ਹੀ ਮਾਨ ਕਰੇ ਜੋ ਮੈਂ ਤਪਸਵੀ ਹਾਂ ਉਹ ਮੁੜ ਮੁੜ ਕੇ ਜੰਮਦਾ ਰਹੇਗਾ ਤੇ ਦੁਖੀ ਸੁਖੀ ਹੁੰਦਾ ਰਹੇਗਾ।

---

1 ਕ੍ਰੋੜ। 2 ਚੰਗੇ ਕੰਮ। 3 ਅਹੰਕਾਰ। 4 ਦੁਖ। 5 ਵਿਅਰਥ, ਬਿਫਾਇਦਾ।



Digitized by Panjab Digital Library | www.panjabdigilib.org

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ[1] ॥
ਹਰਿ ਦਰਗਹ ਕਹੁ ਕੈਸੇ ਗਵੈ[2] ॥

ਬੇਅੰਤ ਕੋਸ਼ਸ਼ਾਂ ਕੀਤਿਆਂ ਭੀ ਜਿਸ ਮਨੁਖ ਦੇ ਹਿਰਦੇ ਵਿਚ ਦਯਾ ਨਹੀਂ ਆਂਦੀ ਤੇ ਉਹ ਨਰਮ ਨਹੀਂ ਹੁੰਦਾ । ਦਸੋ ਜੋ ਉਹ ਮਨੁਖ ਪ੍ਰਭੂ ਦੀ ਕਚੈਹਰੀ ਤਕ ਕਿਸ ਤਰ੍ਹਾਂ ਪੁਜੇਗਾ ।

ਆਪਸ ਕਉ ਜੋ ਭਲਾ[3] ਕਹਾਵੈ ॥
ਤਿਸਹਿ ਭਲਾਈ ਨਿਕਟਿ[4] ਨ ਆਵੈ ॥

ਜੋ ਮਨੁਖ ਨੇਕ ਹੋਣ ਦਾ ਨਾਜ਼ ਕਰਦਾ ਹੈ ਤੇ ਆਪਣੇ ਆਪ ਨੂੰ ਨੇਕ ਕਹਿਲਾਂਦਾ ਹੈ ਨੇਕੀ ਇਹੋ ਜੇਹੇ ਮਨੁਖ ਦੇ ਨਜ਼ਦੀਕ ਭੀ ਨਹੀਂ ਆਂਦੀ ।

ਸਰਬ ਕੀ ਰੇਨ[5] ਜਾ ਕਾ ਮਨੁ ਹੋਇ ॥
ਕਹੁ ਨਾਨਕ ਤਾ ਕੀ ਨਿਰਮਲ[6] ਸੋਇ[7] ॥੩॥

ਜਿਸ ਜੀਵ ਦਾ ਮਨ ਸਾਰਿਆਂ ਦੀ ਚਰਨ ਧੂੜ ਬਣ ਜਾਂਦਾ ਹੈ ਜੋ ਨਿਮਰਤਾ ਭਾਵ ਅਖਤਿਆਰ ਕਰ ਲੈਂਦਾ ਹੈ । ਗੁਰੂ ਜੀ ਆਖਦੇ ਹਨ ਉਸ ਦੀ ਲੋਕ ਪਰਲੋਕ ਵਿਚ ਸੁਹਣੀ ਸ਼ੋਭਾ ਹੁੰਦੀ ਹੈ ।

ਜਬ ਲਗੁ[8] ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥

ਜਦ ਤਕ ਮਨੁਖ ਇਹ ਖ਼ਿਆਲ ਕਰਦਾ ਹੈ ਕਿ ਉਹ ਕੁਛ ਕਰ ਸਕਦਾ ਹੈ ਉਸ ਵਕਤ ਤਕ ਜੀਵ ਨੂੰ ਖੁਸ਼ੀ ਨਹੀਂ ਹੋ ਸਕਦੀ । ਸਭ

---

1 ਦਇਆ ਕਰਨੀ । 2 ਪਹੁੰਚੇ । 3 ਨੇਕ । 4 ਨਜ਼ਦੀਕ
5 ਚਰਨ ਧੂੜ । 6 ਸੋਭਾ । 7 ਸੋਹਨਾਂ, ਪਵਿਤ੍ਰ । 8 ਜਦੋਂ ਤਕ ।



Digitized by Panjab Digital Library | www.panjabdigilib.org

ਕੰਮਾਂ ਦਾ ਕਰਤਾ ਧਰਤਾ ਪ੍ਰਭੂ ਆਪ ਹੈ ਜਿਸ ਤਰ੍ਹਾਂ ਉਹ ਕਰਾਏ ਅਸੀਂ ਤਾਂ ਉਸੇ ਤਰ੍ਹਾਂ ਹੀ ਕਰਨੇ ਵਾਲੇ ਹਾਂ।

ਜਬ ਇਹ ਜਾਨੈ ਮੈ ਕਿਛੁ ਕਰਤਾ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ॥

ਜਦ ਤਕ ਜੀਵ ਇਹ ਖਿਆਲ ਕਰਦਾ ਹੈ ਕਿ ਮੈਂ ਆਪਣੇ ਅਕਲ ਜਾਂ ਬਲ ਨਾਲ ਕੁਛ ਕਰ ਸਕਦਾ ਹਾਂ ਉਸ ਵਕਤ ਤਕ ਉਹ ਮਰਨ ਜਮਣ ਦੇ ਗੇੜ ਵਿਚ ਪਿਆ ਰਹੇਗਾ।

ਜਬ ਧਾਰੈ [1] ਕੋਊ ਬੈਰੀ ਮੀਤੁ॥
ਤਬ ਲਗੁ ਨਿਹਚਲੁ [2] ਨਾਹੀ ਚੀਤੁ [3]॥

ਜਿਸ ਵਕਤ ਤਕ ਮਨੁਖ ਕਿਸੇ ਨੂੰ ਦੋਸਤ ਤੇ ਕਿਸੇ ਨੂੰ ਦੁਸ਼ਮਣ ਖਿਆਲ ਕਰਦਾ ਹੈ ਉਸ ਵਕਤ ਤਕ ਉਸ ਦੇ ਮਨ ਨੂੰ ਅਰਾਮ ਨਹੀਂ ਆਂਦਾ।

ਜਬ ਲਗੁ [4] ਮੋਹ [5] ਮਗਨ [6] ਸੰਗਿ ਮਾਇ [7]॥
ਤਬ ਲਗੁ ਧਰਮਰਾਇ ਦੇਇ ਸਜਾਇ॥

ਜਦ ਤਕ ਜੀਵ ਮਾਇਆ ਦੇ ਪਿਆਰ ਵਿਚ ਗ਼ਰਕ ਰਹਿੰਦਾ ਹੈ ਉਸ ਵਕਤ ਤਕ ਧਰਮਰਾਜ ਉਸ ਜੀਵ ਨੂੰ ਸਜ਼ਾ ਦੇਂਦਾ ਰਹਿੰਦਾ ਹੈ।

ਪ੍ਰਭ ਕਿਰਪਾ ਤੇ ਬੰਧਨ ਤੂਟੈ॥
ਗੁਰ ਪ੍ਰਸਾਦਿ ਨਾਨਕ ਹਉ [8] ਛੂਟੈ॥ ੪॥

---

1 ਖਿਆਲ ਕਰੇ। 2 ਨਾ ਚਲਨਾਂ, ਟਿਕਾਨਾਂ। 3 ਚਿਤ, ਮਨ। 4 ਤਕ। 5 ਪਿਆਰ। 6 ਮਸਤ। 7 ਮਾਇਆ। 8 ਹੰਕਾਰ।


Digitized by Panjab Digital Library | www.panjabdigilib.org

ਸ੍ਰੀ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਜਿਸ ਨੇ ਹੰਕਾਰ ਛਡ ਦਿਤਾ ਹੈ ਪ੍ਰਭੂ ਦੀ ਕ੍ਰਿਪਾ ਨਾਲ ਉਸ ਦੇ ਜਨਮ ਮਰਨ ਦੇ ਬੰਧਨ ਟੁਟ ਜਾਂਦੇ ਹਨ । ਤੇ ਉਹ ਮੁਕਤ ਹੋ ਜਾਂਦਾ ਹੈ ।

ਸਹਸ [1] ਖਟੇ ਲਖ ਕਉ ਉਠਿ ਧਾਵੈ [2] ॥
ਤ੍ਰਿਪਤਿ [3] ਨ ਆਵੈ ਮਾਇਆ ਪਾਛੈ [4] ਪਾਵੈ ॥

ਜਦ ਜੀਵ ਹਜ਼ਾਰ ਕਮਾ ਲੈਂਦਾ ਹੈ ਤਾਂ ਉਸ ਨੂੰ ਸਬਰ ਨਹੀਂ ਆਂਦਾ ਤਾਂ ਉਹ ਲਖ ਰੁਪੈ ਕਮਾਣ ਲਈ ਉਠ ਦੌੜਦਾ ਹੈ । ਉਹ ਰਜਦਾਂ ਨਹੀਂ ਤੇ ਹੋਰ ੨ ਰੁਪੈਆ ਇਕੱਠਾ ਕਰਦਾ ਜਾਂਦਾ ਹੈ ।

ਅਨਿਕ ਭੋਗ ਬਿਖਿਆ [5] ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥

ਮਨੁਖ ਬੇਅੰਤ ਬਦੀਆਂ ਤੇ ਵਿਸ਼ਿਆਂ ਦੇ ਭੋਗ ਕਰਦਾ ਹੈ ਪਰ ਇਸ ਤਰ੍ਹਾਂ ਉਹ ਕਦੀ ਭੀ ਨਹੀਂ ਰਜਦਾ । ਇਸੇ ਤਰ੍ਹਾਂ ਭਟਕ ੨ ਕੇ ਵਿਸ਼ਿਆਂ ਪਿਛੇ ਉਹ ਮਰ ਜਾਂਦਾ ਹੈ ।

ਬਿਨਾ ਸੰਤੋਖ [6] ਨਹੀ ਕੋਊ ਰਾਜੈ ॥
ਸੁਪਨ [7] ਮਨੋਰਥ [8] ਬ੍ਰਿਥੇ [9] ਸਭ ਕਾਜੈ ॥

ਜਦ ਤਕ ਜੀਵ ਨੂੰ ਸਬਰ ਨਹੀਂ ਆਂਦਾ ਉਹ ਕਦੀ ਨਹੀਂ ਰਜਦਾ । ਮਨ ਦੀਆਂ ਖ਼ਾਇਸ਼ਾਂ ਤਾਂ ਸੁਪਨੇ ਦੀ ਤਰ੍ਹਾਂ ਹਨ ਇਨ੍ਹਾਂ ਨੂੰ ਪੂਰਾ ਕਰਨ ਦੀ ਕੋਸ਼ਸ਼ਾਂ ਭੀ ਬੇਫ਼ਾਇਦਾ ਹਨ ।

---

1 ਹਜ਼ਾਰ । 2 ਦੌੜੇ । 3 ਰਜਨਾਂ । 4 ਕਮਾਈ ਜਾਣਾ । 5 ਵਿਸ਼ਿਆਂ । 6 ਸਬਰ । 7 ਸੁਪਨੇ । 8 ਮਨ ਦੇ ਸੰਕਲਪ, ਖ਼ਾਹਿਸ਼, ਮਨ ਦੇ ਰਥ । 0 ਬੇਫ਼ਾਇਦਾ ।



Digitized by Panjab Digital Library | www.panjabdigilib.org

ਨਾਮ ਰੰਗਿ ਸਰਬ ਸੁਖੁ ਹੋਇ ॥
ਬਡਭਾਗੀ ਕਿਸੈ ਪਰਾਪਤਿ ਹੋਇ ॥

ਪ੍ਰਭੂ ਦੇ ਨਾਮ ਜਪਣ ਨਾਲ ਸਾਰੇ ਸੁਖ ਮਿਲਦੇ ਹਨ । ਕਿਸੇ ਖੁਸ਼ਕਿਸਮਤ ਨੂੰ ਹੀ ਪ੍ਰਭੂ ਦੇ ਨਾਮ ਦੇ ਜਪਣ ਦੀ ਦਾਤ ਪਰਾਪਤ ਹੁੰਦੀ ਹੈ ।

ਕਰਨ ਕਰਾਵਨ ਆਪੇ ਆਪਿ ॥
ਸਦਾ ਸਦਾ ਨਾਨਕ ਹਰਿ ਜਾਪਿ ॥ ੫ ॥

ਪ੍ਰਭੂ ਸਭ ਕੰਮ ਆਪ ਕਰਦਾ ਹੈ ਤੇ ਆਪ ਹੀ ਜੀਵਾਂ ਕੋਲੋਂ ਕਰਾਂਦਾ ਹੈ । ਸ੍ਰੀ ਗੁਰੂ ਜੀ ਆਖਦੇ ਹਨ ਉਸ ਪ੍ਰਭੂ ਨੂੰ ਸਦਾ ਜਪੋ ।

ਕਰਨ ਕਰਾਵਨ ਕਰਨੈ ਹਾਰੁ ॥
ਇਸ ਕੈ ਹਾਥਿ ਕਹਾ[1] ਬੀਚਾਰੁ[2] ॥

ਪ੍ਰਭੂ ਆਪ ਹੀ ਸਭ ਕੁਛ ਕਰਨ ਵਾਲਾ ਹੈ ਤੇ ਆਪ ਹੀ ਸਭ ਕੁਛ ਕਰਾਨ ਵਾਲਾ ਹੈ । ਸੋਚ ਕੇ ਵੇਖ ਲਵੋ ਇਸ ਜੀਵ ਵਿਚਾਰੇ ਦੇ ਆਪਣੇ ਵਸ ਵਿਚ ਕੁਛ ਭੀ ਨਹੀਂ ।

ਜੈਸੀ ਦ੍ਰਿਸਟਿ[3] ਕਰੇ ਤੈਸਾ ਹੋਇ ॥
ਆਪੇ ਆਪਿ ਆਪਿ ਪ੍ਰਭ ਸੋਇ ॥

ਪ੍ਰਭੂ ਜਿਸ ਤਰ੍ਹਾਂ ਦੀ ਨਜ਼ਰ ਜੀਵ ਵਲ ਕਰੇ ਜੀਵ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ । ਪ੍ਰਭੂ ਸਭ ਕੁਛ ਆਪ ਹੀ ਆਪ ਹੈ ।

ਜੋ ਕਿਛੁ ਕੀਨੋ ਸੁ ਅਪਨੈ ਰੰਗਿ[4] ॥
ਸਭ ਤੇ ਦੂਰਿ ਸਭਹੂ ਕੈ ਸੰਗਿ ॥

---

1 ਕੀ । 2 ਵਿਚਾਰੇ, ਸੋਚ । 3 ਨਜ਼ਰ । 4 ਮਰਜ਼ੀ ।



Digitized by Panjab Digital Library | www.panjabdigilib.org

ਪ੍ਰਭੂ ਜੋ ਕੁਛ ਕਰਦਾ ਹੈ ਆਪਣੀ ਮਰਜ਼ੀ ਮੁਤਾਬਿਕ ਕਰਦਾ ਹੈ। ਉਹ ਸਾਰਿਆਂ ਦੇ ਨਾਲ ਹੈ ਤੇ ਸਾਰਿਆਂ ਤੋਂ ਦੂਰ ਹੈ।

ਬੂਝੈ[1] ਦੇਖੈ ਕਰੈ ਬਿਬੇਕ[2] ॥
ਆਪਹਿ ਏਕ ਆਪਹਿ ਅਨੇਕ ॥

ਪ੍ਰਭੂ ਆਪ ਹੀ ਸਭ ਕੁਛ ਸਮਝਦਾ, ਵੇਖਦਾ ਤੇ ਪਛਾਣਦਾ ਹੈ। ਉਹ ਆਪੇ ਇਕ ਹੈ ਤੇ ਆਪ ਹੀ ਅਨੇਕਾਂ ਰੂਪਾਂ ਵਿਚ ਨਜ਼ਰ ਆਉਂਦਾ ਹੈ।

ਮਰੈ ਨ ਬਿਨਸੈ ਆਵੈ ਨ ਜਾਇ ॥
ਨਾਨਕ ਸਦ[3] ਹੀ ਰਹਿਆ ਸਮਾਇ ॥ ੬ ॥

ਪ੍ਰਭੂ ਮਰਕੇ ਕਦੀ ਨਾਸ਼ ਨਹੀਂ ਹੁੰਦਾ। ਤੇ ਨਾਹੀ ੮੪ ਦੇ ਗੇੜ ਵਿਚ ਪੈਂਦਾ ਹੈ। ਗੁਰੂ ਜੀ ਆਖਦੇ ਹਨ ਉਹ ਹਮੇਸ਼ਾਂ ਹਰ ਜਗਾ ਤੇ ਮੌਜੂਦ ਹੈ।

ਆਪਿ ਉਪਦੇਸੈ ਸਮਝੈ ਆਪਿ ॥
ਆਪੇ ਰਚਿਆ[4] ਸਭ ਕੈ ਸਾਥਿ ॥

ਪ੍ਰਭੂ ਸਭ ਜੀਆਂ ਵਿਚ ਆਪ ਹੀ ਵਸਦਾ ਹੈ ਆਪ ਹੀ ਸਿਖਿਆ ਦੇਂਦਾ ਹੈ ਤੇ ਆਪ ਹੀ ਸਮਝਦਾ ਹੈ।

ਆਪਿ ਕੀਨੋ ਆਪਨ ਬਿਸਥਾਰ[5] ॥
ਸਭੁ ਕਛੁ ਉਸਕਾ ਓਹੁ ਕਰਨੈਹਾਰ ॥

ਪ੍ਰਭੂ ਨੇ ਆਪ ਹੀ ਮਾਇਆ ਦਾ ਖਿਲਾਰਾ ਕੀਤਾ ਹੈ। ਉਹ ਆਪ ਹੀ ਸਭ ਕੁਛ ਕਰਨ ਵਾਲਾ ਹੈ ਤੇ ਸਾਰੀ ਦੁਨੀਆਂ ਉਸੇ ਦੀ ਹੈ।

---

1 ਸਮਝਦਾ ਹੈ। 2 ਪਛਾਨਦਾ। 3 ਹਮੇਸ਼ਾਂ। 4 ਮਿਲਿਆ। 5 ਖਿਲਾਰਾ।



Digitized by Panjab Digital Library | www.panjabdigilib.org

ਉਸ ਤੇ ਭਿੰਨ[1] ਕਹਹੁ ਕਿਛੁ ਹੋਇ ॥
ਥਾਨ ਥਨੰਤਰਿ[2] ਏਕੈ ਸੋਇ ॥

ਦਸੋ, ਉਸ ਪ੍ਰਭੂ ਦੇ ਬਗੈਰ ਕੁਛ ਹੋ ਸਕਦਾ ਹੈ ? ਉਹ ਪ੍ਰਭੂ ਹਰ ਥਾਂ ਤੇ ਆਪ ਹੀ ਮੌਜੂਦ ਹੈ।

ਅਪੁਨੇ ਚਲਿਤ[3] ਆਪਿ ਕਰਣੈ ਹਾਰ ॥
ਕਉਤਕ ਕਰੈ ਰੰਗੁ ਆਪਾਰ ॥

ਇਹ ਸਾਰੇ ਤਮਾਸ਼ੇ ਖੇਲ ਜੋ ਦੁਨੀਆਂ ਵਿਚ ਦਿਸਦੇ ਹਨ, ਇਹ ਪ੍ਰਭੂ ਦੇ ਬਨਾਏ ਹੋਏ ਹਨ ਤੇ ਆਪ ਕੀ ਕਰਨ ਵਾਲਾ ਹੈ, ਉਹ ਬੇਅੰਤ ਤਰ੍ਹਾਂ ਦੇ ਤਮਾਸ਼ੇ ਕਰਦਾ ਹੈ।

ਮਨ ਮਹਿ ਆਪਿ ਮਨ ਅਪੁਨੇ ਮਾਹਿ ॥
ਨਾਨਕ ਕੀਮਤਿ ਕਹਨੁ ਨ ਜਾਇ ॥ ੭ ॥

ਪ੍ਰਭੂ ਜੀਵਾਂ ਦੇ ਦਿਲਾਂ ਵਿਚ ਆਪ ਵਸ ਰਿਹਾ ਹੈ ਤੇ ਜੀਵਾਂ ਨੂੰ ਪ੍ਰਭੂ ਨੇ ਆਪਣੇ ਦਿਲਾਂ ਵਿਚ ਜਗਾ ਦਿਤੀ ਹੋਈ ਹੈ। ਗੁਰੂ ਜੀ ਆਖਦੇ ਹਨ, ਉਸ ਪ੍ਰਭੂ ਦਾ ਮੁਲ ਨਹੀਂ ਪਾਇਆ ਜਾ ਸਕਦਾ। ਉਹ ਅਨਮੋਲ ਹੈ।

ਸਤਿ[4] ਸਤਿ ਸਤਿ ਪ੍ਰਭੁ ਸੁਆਮੀ ॥
ਗੁਰ ਪਰਸਾਦਿ ਕਿਨੈ ਵਖਿਆਨੀ ॥

ਪ੍ਰਭੂ ਪਹਿਲਾਂ ਭੀ ਸਚਾ ਸੀ, ਹੁਣ ਭੀ ਸਚਾ ਹੈ, ਅਗੇ ਭੀ ਸਚਾ ਹੀ ਹੋਵੇਗਾ। ਗੁਰੂ ਦੀ ਮੇਹਰ ਨਾਲ ਕਿਸੇ ਵਿਰਲੇ ਨੇ ਹੀ ਇਹ ਗਲ ਦਸੀ ਜਾਂ ਜਪੀ ਹੈ।

---

1 ਬਗੈਰ, ਅਲਗ। 2 ਹਰ ਇਕ ਜਗਾ। 3 ਤਮਾਸ਼ੇ।
4 ਸਚਾ, ਸਦਾ ਕਾਇਮ ਰਹਿਨ ਵਾਲਾ। 5 ਬਿਆਨ ਕਰਨਾ, ਦਸਨਾ।



Digitized by Panjab Digital Library | www.panjabdigilib.org

ਸਚੁ ਸਚੁ ਸਚੁ ਸਭੁ ਕੀਨਾ ॥
ਕੋਟਿ[1] ਮਧੇ[2] ਕਿਨੈ ਬਿਰਲੈ ਚੀਨਾ[3] ॥

ਉਸ ਸਚੇ ਪ੍ਰਭੂ ਦਾ ਕੀਤਾ ਹੋਇਆ ਹੁਕਮ ਸਚੀਂ ਮੁਚੀ ਸਭ ਸਚ ਹੈ। ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਹੀ ਇਹ ਗਲ ਪਛਾਤੀ ਹੈ।

ਭਲਾ ਭਲਾ ਭਲਾ ਤੇਰਾ ਰੂਪ ॥
ਅਤਿ ਸੁੰਦਰ ਅਪਾਰ[4] ਅਨੂਪ[5] ॥

ਹੇ ਅਤੀ ਸੋਹਣੇ, ਬੇਅੰਤ ਤੇ ਬੇਮਿਸਾਲ ਪ੍ਰਭੂ ਜੀ ਤੇਰਾ ਰੂਪ ਸੋਹਨਿਆਂ ਤੋਂ ਸੋਹਨਾਂ ਅਤੇ ਬਹੁਤ ਹੀ ਸੁੰਦਰ ਹੈ।

ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥
ਘਟਿ[6] ਘਟਿ ਸੁਨੀ ਸ੍ਰਵਨ[7] ਬਖਾਣੀ[8] ॥

ਹੇ ਮਿਠੇ ਪ੍ਰਭੂ ਜੀ ਤੇਰੀ ਬਾਣੀ ਮਿਠੀ ਤੇ ਡਾਢੀ ਮਿਠੀ ਹੈ। ਹਰ ਇਕ ਜੀਵ ਕੰਨਾਂ ਰਾਹੀ ਸੁਣ ਕੇ ਤੇ ਫਿਰ ਜਪ ਰਿਹਾ ਹੈ।

ਪਵਿਤ੍ਰੁ ਪਵਿਤ੍ਰੁ ਪਵਿਤ੍ਰੁ ਪੁਨੀਤ ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥

ਗੁਰੂ ਜੀ ਆਖਦੇ ਹਨ ਜੋ ਦਿਲੀ ਪਿਆਰ ਨਾਲ ਨਾਮ ਜਪਦੇ ਹਨ, ਉਹ ਉਸ ਪਵਿਤਰ ਪ੍ਰਭੂ ਦਾ ਪਵਿਤਰ ਨਾਮ ਜਪ ਕੇ ਆਪ ਭੀ ਪਵਿਤਰ ਹੋ ਜਾਂਦੇ ਹਨ।

---

1 ਕ੍ਰੋੜਾਂ। 2 ਵਿਚੋਂ। 3 ਪਛਾਨਣਾ। 4 ਬੇਅੰਤ। 5 ਬੇਮਿਸਾਲ। 6 ਸ਼ਰੀਰ। 7 ਕੰਨ। 8 ਬਿਆਨ, ਕਹੀ।



Digitized by Panjab Digital Library | www.panjabdigilib.org

## ਸਲੋਕੁ ॥

ਸੰਤ ਸਰਨਿ [1] ਜੋ ਜਨੁ [2] ਪਰੈ ਸੋ ਜਨੁ ਉਧਰਨਹਾਰ [3] ॥
ਸੰਤ ਕੀ ਨਿੰਦਾ [4] ਨਾਨਕਾ ਬਹੁਰਿ [5] ਬਹੁਰਿ ਅਵਤਾਰ [6] ॥

ਜੋ ਜੀਵ ਸੰਤਾ ਦੇ ਸਾਏ ਥਲੇ ਆ ਜਾਂਦਾ ਹੈ ਉਹ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ। ਗੁਰੂ ਜੀ ਆਖਦੇ ਹਨ ਜੋ ਜੀਵ ਸੰਤ ਦੀ ਨਿੰਦਾ ਕਰਦੇ ਹਨ ਉਹ ਜਨਮ ਮਰਨ ਦੇ ਚਕਰ ਵਿਚ ਪਾਏ ਜਾਂਦੇ ਹਨ।

## ਅਸਟਪਦੀ

ਸੰਤ ਕੈ ਦੂਖਨਿ [7] ਆਰਜਾ [8] ਘਟੈ ॥
ਸੰਤ ਕੈ ਦੂਖਨਿ ਜਮ [9] ਤੇ ਨਹੀ ਛੂਟੈ ॥

---

1 ਸਾਇਆ। 2 ਜੀਵ। 3 ਤਰਨ ਵਾਲਾ, ਮੁਕਤ। 4 ਬਦਨਾਮੀ 5 ਮੁੜ। 6 ਜਨਮ। 7 ਨਿੰਦਾ ਕਰਕੇ ਦੁਖ ਪਹੁੰਚਾਨਾਂ। 8 ਉਮਰ 9 ਮੌਤ।



Digitized by Panjab Digital Library | www.panjabdigilib.org

ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥
ਸੰਤ ਕੈ ਦੂਖਨਿ ਮਤਿ [1] ਹੋਇ ਮਲੀਨ [2] ॥
ਸੰਤ ਕੈ ਦੂਖਨਿ ਸੋਭਾ ਤੇ ਹੀਨ [3] ॥

ਸੰਤਾਂ ਦੀ ਨਿੰਦਾ ਕਰਨ ਨਾਲ ਜੀਵ ਦੀ ਉਮਰ ਘਟਦੀ ਹੈ ਤੇ ਘਾਟੇ ਪੈਂਦੇ ਹਨ। ਸੰਤਾਂ ਦੀ ਨਿੰਦਾ ਕਰਨ ਵਾਲਿਆਂ ਦਾ ਮੌਤ ਹਰ ਵਕਤ ਪਿਛਾ ਕਰਦੀ ਹੈ। ਸੰਤਾਂ ਦੇ ਨਿੰਦਕਾਂ ਦੇ ਸਾਰੇ ਸੁਖ ਚਲੇ ਜਾਂਦੇ ਹਨ, ਤੇ ਉਹ ਨਰਕਾਂ ਵਿਚ ਜਾ ਪੈਂਦੇ ਹਨ। ਸੰਤਾਂ ਦੇ ਨਿੰਦਕਾਂ ਦੀ ਅਕਲ ਤੇ ਪਰਦਾ ਪਏ ਜਾਂਦਾ ਹੈ ਤੇ ਇਨ੍ਹਾਂ ਦੀ ਕੋਈ ਤਾਰੀਫ਼ ਨਹੀਂ ਕਰਦਾ।

ਸੰਤ ਕੇ ਹਤੇ [4] ਕਉ ਰਖੈ [5] ਨ ਕੋਇ ॥
ਸੰਤ ਕੈ ਦੂਖਨਿ ਥਾਨ [6] ਭ੍ਰਸਟੁ [7] ਹੋਇ ॥

ਸੰਤ ਦੇ ਫਿਟਕਾਰੇ ਹੋਏ ਦੀ ਕੋਈ ਸਹੈਤਾ ਜਾ ਮਦਦ ਨਹੀਂ ਕਰਦਾ ਸੰਤ ਦੀ ਨਿੰਦਾ ਕਰਨ ਵਾਲੇ ਜੀਵ ਦਾ ਹਿਰਦਾ ਭ੍ਰਿਸ਼ਟਿਆਂ ਜਾਂਦਾ ਹੈ ਤੇ ਉਹ ਜਿਥੇ ਹੀ ਜਾ ਬੈਠੇ, ਉਹ ਜਗਾ ਗੰਦੀ ਹੋ ਜਾਂਦੀ ਹੈ।

ਸੰਤ ਕ੍ਰਿਪਾਲ [8] ਕ੍ਰਿਪਾ ਜੇ ਕਰੈ ॥
ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ ॥ ੧ ॥

---

1 ਅਕਲ। 2 ਮੈਲੀ, ਗੰਦੀ। 3 ਖਾਲੀ, ਸਖਨਾ। 4 ਫਿਟਕਾਰੇ। 5 ਸਹਾਇਤਾ ਜਾਂ ਮਦਦ ਕਰਨਾਂ। 6 ਜਗਾ। 7 ਭਰਿਸ਼ਟ ਗੰਦਾ। 8 ਦਿਆਲੂ।



Digitized by Panjab Digital Library | www.panjabdigilib.org

ਦਿਆਲੂ ਸੰਤ ਜੇਕਰ ਮੇਹਰ ਚਾ ਕਰਨ ਤਾਂ ਗੁਰੂ ਜੀ ਆਖਦ ਹਨ ਸੰਤਾਂ ਦੇ ਸੰਗ ਲਗ ਕੇ ਨਿੰਦਕ ਭੀ ਤਰ ਜਾਂਦੇ ਹਨ।

ਸੰਤ ਕੈ ਦੂਖਨ[1] ਤੇ ਮੁਖੁ ਭਵੈ[2] ॥
ਸੰਤਨ ਕੈ ਦੂਖਨਿ ਕਾਗ[3] ਜਿਉ ਲਵੈ[4] ॥
ਸੰਤਨ ਕੈ ਦੂਖਨ ਸਰਪ ਜੋਨਿ ਪਾਇ ॥
ਸੰਤਕੈਦੂਖਨਿ ਤ੍ਰਿਗਦ[5] ਜੋਨਿਕਿਰਮਾਇ[6] ॥
ਸੰਤਨਕੈ ਦੂਖਨਿ ਤ੍ਰਿਸਨਾ[7] ਮਹਿ ਜਲੈ ॥
ਸੰਤ ਕੈ ਦੂਖਨਿ ਸਭੁ ਕੋ ਛਲੈ[8] ॥
ਸੰਤ ਕੈ ਦੂਖਨਿ ਤੇਜੁ[9] ਸਭ ਜਾਇ ॥
ਸੰਤ ਕੈ ਦੂਖਨਿ ਨੀਚੁ ਨੀਚਾਇ[10] ॥
ਸੰਤ ਦੋਖੀ ਕਾ ਥਾਉ ਕੋ ਨਾਹਿ ॥
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥ ੨॥

ਸੰਤਾਂ ਦੇ ਨਿੰਦਕ ਦਾ ਮੂੰਹ ਫਿਟਕਾਰਿਆ ਜਾਂਦਾ ਹੈ, ਉਸ ਦਾ ਮੂੰਹ ਉਲਟਾ ਹੋ ਜਾਂਦਾ ਹੈ ਤੇ ਉਹ ਕਦੀ ਕਿਸੇ ਦੀ ਤਾਰੀਫ਼ ਨਹੀਂ ਕਰਦਾ ਉਹ ਕਾਂ ਜਿਸ ਦੀ ਅਵਾਜ਼ ਕੋਈ ਪਸੰਦ ਨਹੀਂ ਕਰਦਾ, ਉਸਦੀ ਤਰ੍ਹਾਂ ਬਕਵਾਸ ਕਰਦਾ ਰਹਿੰਦਾ ਹੈ। ਉਹ ਸਪ ਦੀ ਜੂਨ ਵਿਚ ਜਾਂਦਾ ਹੈ। ਉਹ ਨਿੰਦਕ ਕੀੜਿਆਂ ਤੇ ਪਤੰਗਿਆਂ ਦੀਆਂ ਟੇਹੜੀਆਂ ਜੂਨਾਂ ਭੂਤ ਪਰੇਤ ਵਿਚ ਪੈਂਦਾ ਹੈ। ਸੰਤ ਦੀ ਨਿੰਦਾ ਕਰਨ ਵਾਲਾ ਲਾਲਚ

---

1 ਨਿੰਦਕ। 2 ਭੌਂ ਜਾਂਦਾ ਹੈ, ਫਿਟਕਾਰਿਆ ਜਾਂਦਾ ਹੈ। 3 ਕਾਂ। 4 ਲਊਂ ਲਊਂ। 5 ਟੇੜੀ ਜੂਨੀ। 6 ਕਿਰਮ, ਕੀੜਾ। 7 ਲਾਲਚ। 8 ਧੋਖਾ ਦੇਣਾ। 9 ਸ਼ਾਨ। 10 ਨੀਚਿਆਂ ਤੋਂ ਨੀਚਾ।



Digitized by Panjab Digital Library | www.panjabdigilib.org

ਦੀ ਅਗ ਵਿਚ ਜਲਦਾ ਰਹਿੰਦਾ ਹੈ। ਉਹ ਸਭ ਨੂੰ ਧੋਖਾ ਦੇਂਦਾ ਹੈ। ਉਸ ਨਿੰਦਕ ਦਾ ਤੇਜ ਤੇ ਸ਼ਾਨ ਸਭ ਜਾਂਦੀ ਰਹਿੰਦੀ ਹੈ। ਉਹ ਮਹਾਂ ਕਮੀਨਾ ਬਣ ਜਾਂਦਾ ਹੈ। ਇਸ ਨਿੰਦਕ ਦਾ ਕੋਈ ਥਾਂ ਟਿਕਾਣਾ ਨਹੀਂ ਰਹਿੰਦਾ, ਉਸਨੂੰ ਕੋਈ ਆਸਰਾ ਨਹੀਂ ਦਿੰਦਾ। ਗੁਰੂ ਜੀ ਆਖਦੇ ਹਨ ਜੇਕਰ ਸੰਤ ਚਾਹਨ ਤਾਂ ਉਹ ਇਸ ਨਿੰਦਕ ਨੂੰ ਤਾਰ ਕੇ ਇਜ਼ਤ ਦੇ ਸਕਦੇ ਹਨ।

ਸੰਤ ਕਾ ਨਿੰਦਕੁ ਮਹਾ ਅਤਤਾਈ[1] ॥
ਸੰਤ ਕਾ ਨਿੰਦਕੁ ਖਿਨੁ[2] ਟਿਕਨੁ[3] ਨ ਪਾਈ ॥
ਸੰਤ ਕਾ ਨਿੰਦਕੁ ਮਹਾ ਹਤਿਆਰਾ[4] ॥
ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥
ਸੰਤ ਕਾ ਨਿੰਦਕੁ ਰਾਜ ਤੇ ਹੀਨੁ[5] ॥
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ[6] ॥
ਸੰਤ ਕੇ ਨਿੰਦਕ ਕਉ ਸਰਬ ਰੋਗ ॥
ਸੰਤ ਕੇ ਨਿੰਦਕ ਕਉ ਸਦਾ ਬਿਜੋਗ[7] ॥
ਸੰਤ ਕੀ ਨਿੰਦਾ ਦੋਖ ਮਹਿ ਦੋਖੁ[8] ॥
ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ[9] ॥੩॥

ਸੰਤਾਂ ਦੀ ਨਿੰਦਾ ਕਰਨ ਵਾਲਾ ਹਰ ਵੇਲੇ ਬੁਰੇ ਕੰਮ ਤੇ ਜ਼ੁਲਮ ਕਰਨ ਦੀ ਅਤ ਚੁਕੀ ਰਖਦਾ ਹੈ। ਤੇ ਇਕ ਸੈਕਿੰਡ ਵਾਸਤੇ ਉਸ ਨੂੰ

---

1 ਜਿਸ ਨੇ ਅਤ ਚਾਈ ਹੋਵੇ, ਜ਼ਾਲਮ। 2 ਸੈਕਿੰਡ। 3 ਆਰਾਮ। 4 ਜ਼ਾਲਮ। 5 ਖਾਲੀ, ਗਿਰ ਜਾਣਾ। 6 ਕੰਗਾਲ, ਦੁਖੀ। 7 ਵਿਛੋੜਾ 8 ਸਭ ਤੋਂ ਮਾੜਾ ਕੰਮ। 9 ਮੁਕਤੀ।



Digitized by Panjab Digital Library | www.panjabdigilib.org

ਦਿਲੀ ਆਰਾਮ ਨਹੀਂ ਮਿਲਦਾ। ਉਹ ਵਡਾ ਜ਼ਾਲਿਮ ਬਣ ਜਾਂਦਾ ਹੈ। ਤੇ ਰਬ ਵਲੋਂ ਫਿਟਕਾਰਿਆ ਜਾਂਦਾ ਹੈ। ਸੰਤ ਦੀ ਨਿੰਦਾ ਕਰਨ ਵਾਲੇ ਤੋਂ ਦੁਨੀਆਂ ਦੇ ਸੁਖ ਸਾਰੇ ਖੁਸ ਜਾਂਦੇ ਹਨ ਤੇ ਉਹ ਹਰ ਵਕਤ ਦੁਖੀ ਰਹਿੰਦਾ ਹੈ ਤੇ ਉਹ ਮਹਾਂ ਕੰਗਾਲ ਹੋ ਜਾਂਦਾ ਹੈ। ਸੰਤ ਦੀ ਨਿੰਦਾ ਕਰਨ ਵਾਲੇ ਨੂੰ ਸਬ ਬੀਮਾਰੀਆਂ ਲਗ ਜਾਂਦੀਆਂ ਹਨ ਤੇ ਉਹ ਪ੍ਰਭੂ ਤੋਂ ਸਦਾ ਵਿਛੜਿਆ ਰਹਿੰਦਾ ਹੈ। ਸੰਤਾਂ ਦੀ ਨਿੰਦਾ ਕਰਨੀ ਮੰਦੇ ਕੰਮਾਂ ਵਿਚੋਂ ਸਭ ਤੋਂ ਜ਼ਿਆਦਾ ਬੁਰਾ ਕੰਮ ਹੈ। ਗੁਰੂ ਜੀ ਆਖਦੇ ਹਨ, ਜੇਕਰ ਸੰਤਾਂ ਨੂੰ ਮਨਜ਼ੂਰ ਹੋਵੇ ਤੇ ਉਹ ਚਾਹਨ ਤਾਂ ਉਹ ਐਸੇ ਪਾਪੀ ਨਿੰਦਕ ਦੀ ਭੀ ਮੁਕਤੀ ਕਰ ਸਕਦੇ ਹਨ।

ਸੰਤ ਕਾ ਦੋਖੀ ਸਦਾ ਅਪਵਿਤੁ[1] ॥
ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥
ਸੰਤ ਕੇ ਦੋਖੀ ਕਉ ਡਾਨੁ[2] ਲਾਗੈ ॥
ਸੰਤ ਕੇ ਦੋਖੀ ਕਉ ਸਭ ਤਿਆਗੈ[3] ॥
ਸੰਤ ਕਾ ਦੋਖੀ ਮਹਾ ਅਹੰਕਾਰੀ[4] ॥
ਸੰਤ ਕਾ ਦੋਖੀ ਸਦਾ ਬਿਕਾਰੀ[5] ॥
ਸੰਤ ਕਾ ਦੋਖੀ ਜਨਮੈ ਮਰੈ ॥
ਸੰਤ ਕੀ ਦੂਖਨਾ[6] ਸੁਖ ਤੇ ਟਰੈ[7] ॥
ਸੰਤ ਕੇ ਦੋਖੀ ਕਉ ਨਾਹੀ ਠਾਉ[8] ॥
ਨਾਨਕ ਸੰਤ ਭਾਵੈ ਤਾ ਲਏ ਮਿਲਾਇ ੪॥ ॥

---

1 ਅਪਵਿਤ੍ਰ, ਮੈਲਾ। 2 ਡੰਡ। 3 ਛੋੜ ਦੇਣਾ। 4 ਮਗ਼ਰੂਰ। 5 ਐਬੀ। 6 ਨਿੰਦਾ। 7 ਦਰਜੇ ਤੋਂ ਥਲੇ ਹੋ ਜਾਂਦੀ ਹੈ। 8 ਥਾਉ, ਟਿਕਾਣਾ।



Digitized by Panjab Digital Library | www.panjabdigilib.org

ਸੰਤਾਂ ਦੀ ਨਿੰਦਾ ਕਰਨ ਵਾਲੇ ਦਾ ਦਿਲ ਮੈਲਾ ਹੋ ਜਾਂਦਾ ਹੈ ਤੇ ਉਹ ਹਮੇਸ਼ਾਂ ਲਈ ਅਪਵਿਤ੍ਰ ਹੋ ਜਾਂਦਾ ਹੈ। ਉਹ ਕਦੀ ਕਿਸੇ ਦਾ ਸਜਨ ਨਹੀਂ ਬਣਦਾ। ਸੰਤਾਂ ਦੀ ਨਿੰਦਾ ਕਰਨ ਵਾਲੇ ਨੂੰ ਬੁਰੇ ਕਰਮ ਕਰਨ ਦੀ ਸਜ਼ਾ ਮਿਲਦੀ ਹੈ ਤੇ ਧਰਮ ਰਾਜ ਉਸ ਨੂੰ ਡੰਡੇ ਮਾਰਦਾ ਹੈ, ਤੇ ਉਸ ਨਿੰਦਕ ਦਾ ਕੋਈ ਮਦਦ ਗਾਰ ਨਹੀਂ ਹੁੰਦਾ, ਉਸ ਦਾ ਸਾਥ ਸਭ ਛਡ ਦੇਂਦੇ ਹਨ। ਸੰਤ ਦੀ ਨਿੰਦਾ ਕਰਨ ਵਾਲਾ ਬੜਾ ਆਕੜ ਖਾਂ ਹੁੰਦਾ ਹੈ ਤੇ ਉਹ ਹਮੇਸ਼ਾਂ ਬੁਰੇ ਕੰਮਾਂ ਵਿਚ ਫਸਿਆ ਰਹਿੰਦਾ ਹੈ। ਸੰਤ ਦਾ ਨਿੰਦਕ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਸੰਤਾਂ ਦੀ ਨਿੰਦਾ ਕਰਨ ਵਾਲਾ ਕਦੀ ਸੁਖ ਨਹੀਂ ਪਾਂਦਾ। ਸੰਤ ਦੀ ਨਿੰਦਾ ਕਰਨ ਵਾਲੇ ਨੂੰ ਕੋਈ ਠੌਰ ਤੇ ਠਿਕਾਨਾਂ ਨਹੀਂ ਦੇਂਦਾ। ਗੁਰੂ ਜੀ ਆਖਦੇ ਹਨ ਜੇਕਰ ਸੰਤ ਚਾਹਨ ਤਾਂ ਉਸ ਨਿੰਦਕ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ ਤੇ ਉਹ ਇਤਨਾਂ ਗੁਨਾਹਗਾਰ ਹੋਣ ਦੇ ਬਾਵਜੂਦ ਭੀ ਤੂੰ ਤਰ ਜਾਂਦਾ ਹੈ।

ਸੰਤ ਕਾ ਦੋਖੀ ਅਧ ਬੀਚ[1] ਤੇ ਟੂਟੈ ॥
ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥
ਸੰਤ ਕੇ ਦੋਖੀ ਕਉ ਉਦਿਆਨ[2] ਭ੍ਰਮਾਈਐ[3] ॥
ਸੰਤ ਕਾ ਦੋਖੀ ਉਝੜਿ[4] ਪਾਈਐ ॥
ਸੰਤ ਕਾ ਦੋਖੀ ਅੰਤਰ[5] ਤੇ ਥੋਥਾ[6] ॥
ਜਿਉ ਸਾਸ ਬਿਨਾ ਮਿਰਤਕ[7] ਕੀ ਲੋਥਾ ॥

---

1 ਦਰਮਿਆਨ। 2 ਉਜਾੜ। 3 ਭੌਂਦਾ। 4 ਕੁਰਾਹ 5 ਅੰਦਰੋਂ। 6 ਖਾਲੀ। 7 ਮੁਰਦੇ।



Digitized by Panjab Digital Library | www.panjabdigilib.org

ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥
ਆਪਨ ਬੀਜਿ ਆਪੇ ਹੀ ਖਾਹਿ ॥
ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ [1] ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ [2] ॥੫॥

ਸੰਤਾਂ ਦੀ ਨਿੰਦਾ ਕਰਨ ਵਾਲੇ ਦਾ ਕੋਈ ਕੰਮ ਵੀ ਸਿਰੇ ਨਹੀਂ ਚੜ੍ਹਦਾ, ਉਸ ਦੇ ਸਾਰੇ ਕੰਮ ਅਧੂਰੇ ਰਹਿ ਜਾਂਦੇ ਹਨ। ਸੰਤਾਂ ਦੀ ਨਿੰਦਾ ਕਰਨ ਵਾਲਾ ਚੌਰਾਸੀ ਦੀ ਉਜਾੜ ਵਿਚ ਭੌਂਦਾ ਰਹਿੰਦਾ ਹੈ, ਕਿਉਂ ਜੋ ਅਸਲੀ ਕੰਮ ਜਿਸ ਕੰਮ ਵਾਸਤੇ ਉਹ ਪੈਦਾ ਹੋਇਆ ਹੈ (ਰਾਮ ਨਾਮ ਦਾ ਭਜਨ) ਉਹ ਛੋੜਕੇ ਉਹ ਕੁਰਾਹੇ ਤੇ ਪਏ ਗਿਆ ਹੈ। ਜਿਸ ਤਰ੍ਹਾਂ ਮੁਰਦੇ ਦੀ ਲੋਥ ਸੁਆਸਾਂ ਤੋਂ ਬਿਨਾਂ ਕਿਸੇ ਕੰਮ ਦੀ ਨਹੀਂ ਹੁੰਦੀ ਉਸੇ ਤਰਾਂ ਸੰਤਾਂ ਦੀ ਨਿੰਦਾ ਕਰਨ ਵਾਲਾ ਅੰਦਰੋਂ ਖਾਲੀ ਹੁੰਦਾ ਹੈ ਤੇ ਇਸ ਦੁਨੀਆਂ ਵਿਚ ਬੋਝ ਹੀ ਹੁੰਦਾ ਹੈ। ਸੰਤਾਂ ਦੇ ਨਿੰਦਕ ਦੀ ਕੋਈ ਜੜ ਨਹੀਂ ਹੁੰਦੀ ਜਿਸ ਵਕਤ ਹੀ ਜ਼ੋਰ ਦੀ ਹਵਾ ਚਲਦੀ ਹੈ ਉਹ ਗਿਰ ਜਾਂਦਾ ਹੈ। ਉਹ ਜਿਸ ਤਰ੍ਹਾਂ ਦੇ ਕੰਮ ਕਰਦਾ ਹੈ ਉਸੇ ਤਰ੍ਹਾਂ ਦਾ ਉਸ ਨੂੰ ਫਲ ਮਿਲਦਾ ਹੈ। ਸੰਤ ਦੇ ਨਿੰਦਕ ਨੂੰ ਹੋਰ ਕੋਈ ਭੀ ਨਹੀਂ ਬਚਾ ਸਕਦਾ। ਗੁਰੂ ਜੀ ਆਖਦੇ ਹਨ, ਕਿ ਜੇਕਰ ਸੰਤ ਚਾਹੁਣ ਤਾਂ ਉਹ ਇਸ ਨਿੰਦਕ ਨੂੰ ਤਾਰ ਸਕਦੇ ਹਨ।

ਸੰਤ ਕਾ ਦੋਖੀ ਇਉ ਬਿਲਲਾਇ [3] ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥

---

1 ਬਚਾਉਣ ਵਾਲਾ। 2 ਬਚਾ ਜਾਂ ਤਾਰ ਲਵੇ। 3 ਵਿਲਕਦਾ।



Digitized by Panjab Digital Library | www.panjabdigilib.org

ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥
ਜਿਉ ਪਾਵਕੁ[1] ਈਧਨਿ[2] ਨਹੀ ਧ੍ਰਾਪੈ[3] ॥
ਸੰਤ ਕਾ ਦੋਖੀ ਛੁਟੈ[4] ਇਕੇਲਾ ॥
ਜਿਉ ਬੂਆੜੁ[5] ਤਿਲੁ ਖੇਤ ਮਾਹਿ ਦੁਹੇਲਾ[6] ॥
ਸੰਤ ਕਾ ਦੋਖੀ ਧਰਮ ਤੇ ਰਹਤ ॥
ਸੰਤ ਕਾ ਦੋਖੀ ਸਦ ਮਿਥਿਆ[7] ਕਹਤ ॥
ਕਿਰਤੁ[8] ਨਿੰਦਕ ਕਾ ਧੁਰਿ[9] ਹੀ ਪਇਆ ॥
ਨਾਨਕ ਜੋ ਤਿਸੁ[10] ਭਾਵੈ ਸੋਈ ਥਿਆ ॥੬॥

ਸੰਤ ਦੀ ਨਿੰਦਾ ਕਰਨ ਵਾਲਾ, ਜਿਸ ਤਰ੍ਹਾਂ ਮਛਲੀ ਪਾਣੀ ਦੇ ਬਗੈਰ ਤੜਫਦੀ ਹੈ, ਉਸੇ ਤਰ੍ਹਾਂ ਉਹ ਇਸ ਸੰਸਾਰ ਵਿਚ ਵਿਲਕਦਾ ਰਹਿੰਦਾ ਹੈ। ਸੰਤਾਂ ਦਾ ਨਿੰਦਕ ਭੁਖਾ ਨਹੀਂ ਰਜਦਾ ਜਿਸ ਤਰ੍ਹਾਂ ਅਗ ਬਾਲਨ (ਲਕੜੀ) ਨਾਲ ਨਹੀਂ ਰਜਦੀ, ਉਹ ਈਰਖਾ ਦੀ ਅਗ ਨਾਲ ਹਰ ਵਕਤ ਸੜਦਾ ਰਹਿੰਦਾ ਹੈ। ਜਿਸ ਤਰ੍ਹਾਂ ਜਲਿਆ ਹੋਇਆ ਤਿਲ ਦਾ ਬੂਟਾ ਖੇਤ ਵਿਚ ਅਕਲਾ ਰਹਿ ਕੇ ਦੁਖੀ ਹੁੰਦਾ ਹੈ, ਇਸੇ ਤਰ੍ਹਾਂ ਨਿੰਦਕ ਅਕਲਾ ਹੀ ਦੁਨੀਆਂ ਵਿਚ ਰਹਿੰਦਾ ਹੈ ਕੋਈ ਉਸ ਨੂੰ ਸਾਥ ਜਾਂ ਆਸਰਾ ਨਹੀਂ ਦੇਂਦਾ ਉਹ ਅਧਰਮੀ ਹੈ, ਉਹ ਹਮੇਸ਼ਾਂ ਝੂਠ ਬੋਲਦਾ ਹੈ। ਨਿੰਦਕ ਪਹਿਲੇ ਦਿਨ ਤੋਂ ਹੀ ਬਦਕਿਸਮਤ ਹੈ,

---

1 ਅਗ। 2 ਇਨਧਨ, ਬਾਲਨ, ਲਕੜੀ। 3 ਰਜਦੀ। 0 ਛੁਟ ਜਾਂਦਾ ਹੈ, ਰਹਿ ਜਾਂਦਾ ਹੈ। 5 ਬਲਿਆ ਹੋਇਆ। 6 ਦੁਖੀ। 7 ਝੂਠ। 8 ਕੀਤੇ ਹੋਏ ਕੰਮ ਦਾ ਫਲ। 9 ਮੁਢੋਂ, ਪਹਿਲਾਂ ਤੋਂ 10 ਉਸ ਪ੍ਰਭੂ।



Digitized by Panjab Digital Library | www.panjabdigilib.org

ਉਹਨੂੰ ਆਪਣੇ ਕੀਤੇ ਦਾ ਫਲ ਮਿਲ ਰਿਹਾ ਹੈ। ਗੁਰੂ ਜੀ ਆਖਦੇ ਹਨ ਇਸ ਵਿਚ ਨਿੰਦਕ ਦਾ ਕੀ ਦੋਸ਼ ਹੈ। ਜੋ ਕੁਛ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ ਪ੍ਰਭੂ ਉਸੇ ਤਰ੍ਹਾਂ ਕਰਾਂਦਾ ਹੈ।

ਸੰਤ ਕਾ ਦੋਖੀ ਬਿਗੜ[1] ਰੂਪੁ[2] ਹੋਇ ਜਾਇ ॥
ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥
ਸੰਤ ਕਾ ਦੋਖੀ ਸਦਾ ਸਹਕਾਈਐ[3] ॥
ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥
ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥
ਸੰਤ ਕਾ ਦੋਖੀ ਉਠਿ[4] ਚਲੈ ਨਿਰਾਸਾ[5] ॥
ਸੰਤ ਕੈ ਦੋਖਿ ਨ ਤ੍ਰਿਸਟੈ[6] ਕੋਇ ॥
ਜੈਸਾ ਭਾਵੈ ਤੈਸਾ ਕੋਈ ਹੋਇ ॥
ਪਾਇਆ[7] ਕਿਰਤੁ ਨ ਮੇਟੈ ਕੋਇ ॥
ਨਾਨਕ ਜਾਨੈ ਸਚਾ ਸੋਇ ॥ ੭ ॥

ਸੰਤ ਦੀ ਨਿੰਦਾ ਕਰਨ ਵਾਲੇ ਦਾ ਮੂੰਹ ਭ੍ਰਿਸ਼ਟਿਆ ਜਾਂਦਾ ਹੈ। ਪ੍ਰਭੂ ਦੀ ਦਰਗਾਹ ਵਿਚ ਉਸ ਨੂੰ ਬੁਰੇ ਕੰਮਾਂ ਕੀਤਿਆਂ ਦੀ ਸਜ਼ਾ ਮਿਲਦੀ ਹੈ। ਉਹ ਹਮੇਸ਼ਾਂ ਤਰਲੇ ਲੈਂਦਾ ਰਹਿੰਦਾ ਹੈ। ਨਾ ਹੀ ਉਹ ਮਰਦਾ ਹੈ ਤੇ ਨਾ ਹੀ ਉਹ ਜੀਂਦਾ ਹੈ। ਉਸ ਦੀ ਸੰਸਾਰ ਵਿਚ ਕੋਈ ਇਛਾ ਪੂਰੀ ਨਹੀਂ ਹੁੰਦੀ ਤੇ ਉਹ ਬੇਉਮੈਦ ਹੀ ਇਸ ਦੁਨੀਆਂ

1 ਵਿਗੜਿਆ ਹੋਇਆ, ਭ੍ਰਿਸ਼ਟਿਆ। 2 ਸ਼ਕਲ। 3 ਸਹਕਦਾ, ਤਰਲ਼ੇ ਲੈਂਦਾ ਹੈ। 4 ਮਰ। 5 ਨਾਉਮੈਦ। 6 ਰਜਦਾ, ਛੁਟਕਾਰਾ। 7 ਪਿਛਲੇ ਕੰਮਾਂ ਦਾ ਕੀਤਾ ਹੋਇਆ ਫਲ।



Digitized by Panjab Digital Library | www.panjabdigilib.org

ਤੋਂ ਚਲ ਬਸਦਾ ਹੈ। ਜਿਸ ਤਰ੍ਹਾਂ ਕਿਸੇ ਦੀ ਭਾਵਨ (ਨੀਯਤ) ਹੁੰਦੀ ਹੈ, ਉਸੇ ਤਰ੍ਹਾਂ ਦਾ ਉਸਦਾ ਸੁਭਾਉ ਬਣ ਜਾਂਦਾ ਹੈ। ਇਸ ਸੰਤ ਦੀ ਨਿੰਦਾ ਕਰਨ ਵਾਲੇ ਦਾ ਕਦੀ ਛੁਟਕਾਰਾ ਨਹੀਂ ਹੁੰਦਾ। ਜੋ ਪ੍ਰਭੂ ਨੇ ਪਿਛਲੇ ਕਰਮਾਂ ਦੇ ਕੀਤੇ ਦੇ ਮੁਤਾਬਿਕ ਜੀਵ ਦੇ ਲੇਖਾਂ ਵਿਚ ਲਿਖ ਦਿਤਾ ਹੈ, ਉਸ ਨੂੰ ਕੋਈ ਹਟਾ ਨਹੀਂ ਸਕਦਾ। ਸ੍ਰੀ ਗੁਰੂ ਜੀ ਆਖਦੇ ਹਨ ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ ਉਸੇ ਤਰ੍ਹਾਂ ਹੁੰਦਾ ਹੈ।

ਸਭ ਘਟ [1] ਤਿਸ ਕੇ ਓਹੁ ਕਰਨੈਹਾਰੁ ॥
ਸਦਾ ਸਦਾ ਤਿਸ ਕਉ ਨਮਸਕਾਰੁ ॥

ਇਹ ਸਾਰੇ ਸਰੀਰ ਉਸ ਦੇ ਬਨਾਏ ਹੋਏ ਹਨ ਤੇ ਉਹ ਪ੍ਰਭੂ ਸਭ ਦੇ ਬਨਾਣ ਵਾਲਾ ਹੈ ਉਸ ਦੇ ਅਗੇ ਹਮੇਸ਼ਾਂ ਸਿਰ ਝੁਕਾਉ।

ਪ੍ਰਭ ਕੀ ਉਸਤਤਿ [2] ਕਰਹੁ ਦਿਨੁ ਰਾਤਿ ॥
ਤਿਸਹਿ ਧਿਆਵਹੁ [3] ਸਾਸਿ [4] ਗਿਰਾਸ ॥

ਹੇ ਜੀਵ ਪ੍ਰਭੂ ਦਾ ਦਿਨ ਰਾਤ ਜਸ ਗਾਉਂ। ਉਸ ਦਾ ਨਾਂ ਹਰ ਦਮ ਜਪੋ ਤੇ ਰੋਟੀ ਖਾਂਦੇ ਭੀ ਉਸ ਦਾ ਸ਼ੁਕਰ ਕਰੋ।

ਸਭੁ ਕਛੁ ਵਰਤੈ ਤਿਸ ਕਾ ਕੀਆ ॥
ਜੈਸਾ ਕਰੇ ਤੈਸਾ ਕੋ ਥੀਆ ॥

ਸਾਰੇ ਕੰਮ ਜਿਸ ਤਰ੍ਹਾਂ ਦੁਨੀਆਂ ਵਿਚ ਹੋ ਰਹੇ ਹਨ, ਜਿਸ ਤਰ੍ਹਾਂ ਜਿਸ ਨੂੰ ਬਨਾਇਆ ਹੈ ਉਹ ਉਸ ਸੁਭਾ ਦਾ ਬਨ ਗਿਆ ਹੈ।

---

1 ਸਰੀਰ। 2 ਤਾਰੀਫ, ਜਸ। 3 ਜਪੋ। 4 ਸਾਹ ਲੈਂਦਿਆਂ। 5 ਗਿਰਾਹੀ ਖਾਂਦਿਆਂ।


Digitized by Panjab Digital Library | www.panjabdigilib.org

ਅਪਨਾ ਖੇਲੁ ਆਪਿ ਕਰਨੈਹਾਰੁ ॥
ਦੂਸਰ ਕਉਨੁ ਕਹੈ ਬੀਚਾਰੁ ॥

ਇਹ ਦੁਨੀਆਂ ਉਸਦਾ ਰਚਿਆ ਹੋਇਆ ਆਪਦਾ ਖੇਲ ਹੈ। ਜੀਵ ਬਿਚਾਰਾ ਉਸ ਪ੍ਰਭੂ ਦੇ ਕੰਮ ਦਾ ਕੀ ਐਬ ਕਢ ਸਕਦਾ ਹੈ।

ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥
ਬਡਭਾਗੀ ਨਾਨਕ ਜਨ ਸੇਇ [1] ॥ ੮ ॥੧੩॥

ਪ੍ਰਭੂ ਜਿਸ ਤੇ ਮੇਹਰ ਕਰੇ ਉਸ ਨੂੰ ਆਪਦਾ ਨਾਮ ਬਖਸ਼ਦਾ ਹੈ। ਗੁਰੂ ਜੀ ਆਖਦੇ ਹਨ ਉਹ ਮਨੁਖ ਵਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਉਹ ਆਪਦਾ ਨਾਮ ਬਖਸ਼ ਦੇਂਦਾ ਹੈ। ਉਨ੍ਹਾ ਨੂੰ ਮੁਕਤੀ ਮਿਲ ਜਾਂਦੀ ਹੈ।

---

[1] ਉਹ ਮਨੁਖ।



Digitized by Panjab Digital Library | www.panjabdigilib.org

## ਸਲੋਕੁ

ਤਜਹੁ [1] ਸਿਆਨਪ [2] ਸੁਰਿ [3] ਜਨਹੁ ਸਿਮਰਹੁ ਹਰਿ ਹਰਿ ਰਾਇ।
ਏਕ ਆਸ [4] ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ [5] ਭਉ [6] ਜਾਇ

ਹੇ ਭਲੇ ਪੁਰਸ਼ੋ ! ਸਭ ਚਲਾਕੀਆਂ ਤੇ ਅਕਲ ਦਾ ਮਾਣ ਛੋੜ ਦਿਹੋ, ਤੇ ਸਚੇ ਪ੍ਰਭੂ ਦਾ ਸਿਮਰਨ ਕਰੋ। ਗੁਰੂ ਜੀ ਆਖਦੇ ਹਨ ਹੋਰ ਸਭ ਖ਼ਾਇਸ਼ਾਂ ਛਡ ਕੇ ਸਿਰਫ਼ ਇਕ ਪ੍ਰਭੂ ਦੇ ਮਿਲਨ ਦੀ ਇਛਾਂ ਦਿਲ ਵਿਚ ਰਖੋ, ਫਿਰ ਤੁਸਾਡੇ ਸਾਰੇ ਦੁਖ ਵਹਮ ਤੇ ਡਰ ਹਟ ਜਾਂਨਗੇ।

### ਅਸਟਪਦੀ

ਮਾਨੁਖ ਕੀ ਟੇਕ [7] ਬ੍ਰਿਥੀ [8] ਸਭ ਜਾਨੁ [9] ॥
ਦੇਵਨ ਕਉ ਏਕੈ ਭਗਵਾਨੁ ॥

---

1 ਛੋੜ ਦੇਵੋ। 2 ਚਤਰਾਈ, ਚਾਲਾਕੀ। 3 ਭਲੇ ਪੁਰਸ਼ੋ 4 ਖ੍ਹਾਇਸ਼। 5 ਵਹਿਮ। 6 ਡਰ। 7 ਆਸਰਾ। 8 ਬੇਫ਼ਾਇਦਾ, ਨਾਲਾਭਦਾਇਕ। 9 ਸਮਝ।



Digitized by Panjab Digital Library | www.panjabdigilib.org

ਹੇ ਮਨ ! ਤੂੰ ਕਿਸੇ ਜੀਵ ਦਾ ਆਸਰਾ ਬਿਲਕੁਲ ਝੂਠਾ ਸਮਝ। ਇਕੋ ਵਾਹਿਗੁਰੂ ਹੀ ਸਭ ਜੀਆਂ ਨੂੰ ਦੇਂਦਾ ਹੈ ।

ਜਿਸ ਕੈ ਦੀਐ ਰਹੈ ਅਘਾਇ 1 ॥
ਬਹੁਰਿ 2 ਨ ਤ੍ਰਿਸਨਾ 3 ਲਾਗੈ ਆਇ ॥

ਉਸ ਪ੍ਰਭੂ ਦੇ ਦਿਤਿਆਂ ਹੀ ਮਨੁਖ ਰਜ ਸਕਦਾ ਹੈ । ਮੁੜ ਲਾਲਚ ਉਸ ਜੀਵ ਜਿਸ ਨੇ ਪ੍ਰਭੂ ਦਾ ਲੜ ਪਕੜਿਆ ਹੈ ਉਸ ਦੇ ਲਾਗੇ ਨਹੀਂ ਆ ਸਕਦਾ ।

ਮਾਰੈ ਰਾਖੈ ਏਕੋ ਆਪਿ ॥
ਮਾਨੁਖ ਕੈ ਕਿਛੁ ਨਾਹੀ ਹਾਥਿ ॥

ਪ੍ਰਭੂ ਆਪ ਹੀ ਜੀਵਾਂ ਨੂੰ ਮਾਰਦਾ ਹੈ ਤੇ ਆਪ ਹੀ ਰਖਦਾ ਹੈ । ਬੰਦੇ ਦੇ ਵਸ ਵਿਚ ਕੁਛ ਭੀ ਨਹੀਂ ।

ਤਿਸ ਕਾ ਹੁਕਮੁ ਬੂਝਿ 4 ਸੁਖੁ ਹੋਇ ॥
ਤਿਸ ਕਾ ਨਾਮੁ ਰਖੁ ਕੰਠਿ 5 ਪਰੋਇ ॥

ਉਸ ਪ੍ਰਭੂ ਦਾ ਹੁਕਮ ਮਨਨ ਤੇ ਸਮਝਣ ਨਾਲ ਸੁਖ ਹੁੰਦਾ ਹੈ ਤੇ ਉਸ ਦਾ ਨਾਉਂ ਹਰ ਵੇਲੇ ਯਾਦ ਕਰੋ, ਗਲੇ ਨਾਲ ਲਗਾਈ ਰਖੋ ।

ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥
ਨਾਨਕ ਬਿਘਨੁ 5 ਨ ਲਾਗੈ ਕੋਇ ॥ ੧ ॥

ਉਸ ਅਕਾਲ ਪੁਰਖ ਵਾਹਿਗੁਰੂ ਨੂੰ ਸਦਾ ਯਾਦ ਕਰ ਗੁਰੂ ਜੀ ਆਖਦੇ ਹਨ ਉਸ ਦੇ ਯਾਦ ਕਰਨ ਨਾਲ ਤੇਰੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਆਏਗੀ ।

---

1 ਰਜਦਾ । 2 ਮੁੜ । 3 ਲਾਲਚ । 4 ਸਮਝ । 5 ਗਲਾ । 6 ਵਿਘਨ, ਰੁਕਾਵਟ ।



Digitized by Panjab Digital Library | www.panjabdigilib.org

ਉਸਤਤਿ [1] ਮਨ ਮਹਿ ਕਰਿ ਨਿਰੰਕਾਰ ॥
ਕਰਿ ਮਨ ਮੇਰੇ ਸਤਿ [2] ਬਿਉਹਾਰ [6] ॥

ਹੇ ਜੀਵ ਦਿਲੋਂ ਉਸ ਪ੍ਰਭੂ ਦੀਆਂ ਵਡਿਆਈਆਂ ਵੀਚਾਰ ਉਸਦੀਆਂ ਵਡਿਆਈਆਂ ਦਾ ਵੀਚਾਰ ਕਰਨਾ ਹੀ ਅਸਲੀ ਸਚਾ ਵਿਆਰ ਹੈ ਇਸੇ ਸਚੇ ਵਾਪਾਰ ਨੂੰ ਹੀ ਕਰਨਾ ਚਾਹੀਦਾ ਹੈ।

ਨਿਰਮਲ [4] ਰਸਨਾ [5] ਅੰਮ੍ਰਿਤੁ ਪੀਉ ॥
ਸਦਾ ਸੁਹੇਲਾ [6] ਕਰਿ ਲੇਹਿ ਜੀਉ ॥

ਜੀਭ ਨਾਲ ਅੰਮ੍ਰਿਤ ਸਮਾਨ ਪ੍ਰਭੂ ਨਾਮ ਦਾ ਮਿਠਾ ਰਸ ਪਿਉ। ਇਸ ਤਰ੍ਹਾਂ ਨਾਮ ਜਪ ਕੇ ਹਮੇਸ਼ਾਂ ਲਈ ਆਪਣੀ ਜਿੰਦੜੀ ਨੂੰ ਸੁਖਲਾ ਕਰ ਲਉ।

ਨੈਨਹੁ [7] ਪੇਖੁ [8] ਠਾਕੁਰ ਕਾ ਰੰਗੁ [9] ॥
ਸਾਧ ਸੰਗਿ ਬਿਨਸੈ ਸਭ ਸੰਗੁ [10] ॥

ਅਖਾਂ ਨਾਲ ਪ੍ਰਭੂ ਦਾ ਜਗਤ ਤਮਾਸ਼ਾ ਦੇਖੋ। ਭਲਿਆਂ ਦੀ ਸੰਗਤ ਕਰਨ ਨਾਲ ਹੋਰ ਦੁਨਯਾਵੀ ਮੋਹ ਦੂਰ ਹੋ ਜਾਂਦੇ ਹਨ।

ਚਰਨ ਚਲਉ ਮਾਰਗਿ [11] ਗੋਬਿੰਦ ॥
ਮਿਟਹਿ ਪਾਪ ਜਪੀਐ ਹਰਿ ਬਿੰਦ [10] ॥

ਪੈਰਾਂ ਨਾਲ ਪ੍ਰਭੂ ਦੇ ਰਸਤੇ ਤੇ ਤੁਰੋ। ਗੁਰਦਵਾਰੇ ਜਾਉ ਥੋੜੇ ਜੇਹੇ ਚਿਰ ਵਾਸਤੇ ਭੀ ਪ੍ਰਭੂ ਨੂੰ ਦਿਲ ਨਾਲ ਜਪਿਆ ਜਾਵੇ ਤਾਂ ਜੀਵ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ।

---

1 ਵਡਿਆਈ। 2 ਸਚਾ। 3 ਵਿਹਾਰ। 4 ਮਿਠਾ। 5 ਜੀਭ। 6 ਸੁਖਲਾ। 7 ਅਖਾਂ। 8 ਵੇਖੋ। 9 ਤਮਾਸ਼ੇ। 10 ਸਾਥ, ਮੋਹ। 11 ਰਸਤਾ। 12 ਥੋੜਾ ਜੇਹਾ।



Digitized by Panjab Digital Library | www.panjabdigilib.org

ਕਰ[1] ਹਰਿ ਕਰਮ[2] ਸ੍ਰਵਨਿ[3] ਹਰਿ ਕਥਾ॥
ਹਰਿ ਦਰਗਹ ਨਾਨਕ ਊਜਲ[4] ਮਥਾ[5] ॥ ੨ ॥

ਹਥ ਨਾਲ ਅਜੇਹ ਚੰਗੇ ਕੰਮ ਕਰ ਜਿਸ ਕਰਕੇ ਤੈਨੂੰ ਪ੍ਰਭੂ ਮਿਲੇ। ਤੇ ਕੰਨਾਂ ਨਾਲ ਪ੍ਰਭੂ ਦੀ ਮੈਹਮਾਂ ਸੁਣ। ਸ੍ਰੀ ਗੁਰੂ ਜੀ ਆਖਦੇ ਹਨ ਕਿ ਇਸ ਤਰਾਂ ਕਰਨ ਨਾਲ ਤੂੰ ਉਸ ਦੀ ਦਰਗਾਹ ਵਿਚ ਸੁਰਖ਼ਰੂ ਹੋ ਜਾਏਂਗਾ।

ਬਡਭਾਗੀ[9] ਤੇ ਜਨ[7] ਜਗ ਮਾਹਿ ॥
ਸਦਾ ਸਦਾ ਹਰਿ ਕੇ ਗੁਨ ਗਾਹਿ ॥

ਜੋ ਮਨੁਖ ਹਮੇਸ਼ਾਂ ਹਰੀ ਦੇ ਗੁਣ ਗਾਂਦੇ ਰਹਿੰਦੇ ਹਨ, ਉਹ ਬੜੇ ਖ਼ੁਸ਼ਕਿਸਮਤ ਹਨ।

ਰਾਮ ਨਾਮ ਜੋ ਕਰਹਿ ਬੀਚਾਰ ॥
ਸੇ ਧੰਨਵੰਤ ਗਨੀ ਸੰਸਾਰ ॥

ਜੋ ਮਨੁਖ ਰਾਮ ਦੇ ਨਾਉਂ ਨੂੰ ਵੀਚਾਰਦੇ ਰਹਿੰਦੇ ਹਨ ਉਹ ਜੀਵ ਅਸਲੀ ਤੌਰ ਤੇ ਧਨਵਾਨ ਗਿਣੇ ਜਾਂਦੇ ਹਨ।

ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ[8] ॥
ਸਦਾ ਸਦਾ ਜਾਨਹੁ ਤੇ ਸੁਖੀ ॥

ਜੋ ਮਨੁਖ ਦਿਲੋ ਜਾਨ ਤੇ ਮੂੰਹੋਂ ਨਾਲ ਪਭੂ ਦੇ ਸਚੇ ਤੇ ਉਚੇ ਨਾਉਂ ਨੂੰ ਉਚਾਰਦੇ ਰਹਿੰਦੇ ਹਨ ਉਹ ਭਲੇ ਪੁਰਸ਼ ਹਮੇਸ਼ਾਂ ਹੀ ਸੁਖੀ ਜਾਨੋਂ।

---

1 ਹਥ। 2 ਚੰਗੇ ਕੰਮ। 3 ਕੰਨ। 4 ਰੋਸ਼ਨ। 5 ਪੇਸ਼ਾਨੀ। 6 ਖੁਸ਼ਕਿਸਮਤ,। 7 ਉਹ। 8 ਉਚਾ।



Digitized by Panjab Digital Library | www.panjabdigilib.org

ਏਕੋ ਏਕੁ ਏਕੁ ਪਛਾਨੈ ॥
ਇਤ[1] ਉਤ[2] ਕੀ ਓਹੁ ਸੋਝੀ ਜਾਨੈ ॥

ਜੋ ਜੀਵ ਦਿਲ ਨੂੰ ਇਕਾਗਰ ਕਰਕੇ ਸਿਰਫ਼ ਇਕੋ ਪ੍ਰਭੂ ਨੂੰ ਹੀ ਜਾਨਣ ਦੀ ਕੋਸ਼ਸ਼ ਕਰਦਾ ਹੈ। ਉਸ ਨੂੰ ਇਸ ਜਹਾਨ ਤੇ ਪਰਲੋਕ ਦੀ ਸਾਰੀ ਸਮਝ ਆ ਜਾਂਦੀ ਹੈ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ ੩ ॥

ਜਿਸ ਜੀਵ ਦਾ ਮਨ ਨਾਮ ਦੇ ਪਿਆਰ ਦੇ ਵਿਚ ਘਿਉ ਖਿਚੜੀ ਦੀ ਤਰਾਂ ਮਿਲ ਜਾਏ। ਗੁਰੂ ਜੀ ਆਖਦੇ ਹਨ ਉਸ ਜੀਵ ਨੇ ਮਾਇਆ ਤੋਂ ਰਹਿਤ ਪ੍ਰਭੂ ਨੂੰ ਪਹਿਚਾਨ ਲਿਆ ਜਾਨੋ।

ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥
ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥

ਗੁਰੂ ਦੀ ਕਿਰਪਾ ਨਾਲ ਜਿਸ ਮਨੁਖ ਨੂੰ ਆਪਣੇ ਆਪ ਦੀ ਸੋਝੀ ਹੋ ਜਾਂਦੀ ਹੈ ਤੇ ਉਸ ਨੂੰ ਇਸ ਗਲ ਦਾ ਪਤਾ ਲਗ ਜਾਂਦਾ ਹੈ ਕਿ ਇਸ ਦੁਨੀਆਂ ਵਿਚ ਅਸਲੀ ਉਹ ਕਿਸ ਕੰਮ ਲਈ ਆਇਆ ਹੈ, ਇਹ ਸਮਝੋ ਜੋ ਉਸ ਦੀ ਦੁਨਯਾਵੀ ਖਾਇਸ਼ਾਂ ਦੀ ਸਾਰੀ ਭੁਖ ਦੂਰ ਹੋ ਗਈ।

ਸਾਧ ਸੰਗਿ ਹਰਿ ਹਰਿ ਜਸੁ ਕਹਤ ॥
ਸਰਬ ਰੋਗ ਤੇ ਓਹੁ ਹਰਿਜਨ ਰਹਤ ॥

ਜੋ ਰਬ ਦਾ ਪਿਆਰਾ ਸਾਧ ਸੰਗਤ ਵਿਚ ਜਾਕੇ ਪ੍ਰਭੂ ਦਾ ਜਸ ਕਰਦਾ ਹੈ, ਉਸ ਗੁਰਮੁਖ ਦੀਆਂ ਸਬ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ।

---

1 ਇਸ ਜਿਹਨ। 2 ਪਰਲੋਕ।



Digitized by Panjab Digital Library | www.panjabdigilib.org

ਅਨਦਿਨੁ [1] ਕੀਰਤਨੁ ਕੇਵਲ [2] ਬਖ੍ਯਾਨੁ [3] ॥
ਗ੍ਰਿਹਸਤ ਮਹਿ ਸੋਈ ਨਿਰਬਾਨੁ [4] ॥

ਜੋ ਗੁਰਮੁਖ ਦਿਨ ਰਾਤ ਸਿਰਫ਼ ਪ੍ਰਭੂ ਦਾ ਜਸ ਹੀ ਕਰਦਾ ਰਹਿੰਦਾ ਹੈ, ਉਹ ਹੀ ਗ੍ਰਿਹਸਤ ਵਿਚ ਰਹਿਕੇ ਮੁਕਤੀ ਪਾ ਲੈਂਦਾ ਹੈ।

ਏਕ ਊਪਰਿ ਜਿਸੁ ਜਨ ਕੀ ਆਸਾ ॥
ਤਿਸ ਕੀ ਕਟੀਐ ਜਮ ਕੀ ਫਾਸਾ ॥

ਜੋ ਗੁਰਮੁਖ ਇਕ ਪ੍ਰਭੂ ਤੇ ਆਸ ਰਖਦਾ ਹੈ। ਉਸ ਨੂੰ ਮਤ ਦੇ ਫੰਦੇ ਦਾ ਡਰ ਹਟ ਜਾਂਦਾ ਹੈ, ਉਹ ਮੌਤ ਕੋਲੋਂ ਨਹੀਂ ਡਰਦਾ।

ਪਾਰ ਬ੍ਰਹਮ ਕੀ ਜਿਸੁ ਮਨਿ ਭੂਖ [5] ॥
ਨਾਨਕ ਤਿਸਹਿ ਨ ਲਾਗੈ ਦੂਖ ॥ ੪ ॥

ਜਿਸ ਗੁਰਮੁਖ ਦੇ ਦਿਲ ਵਿਚ ਪ੍ਰਭੂ ਦੇ ਮਿਲਨ ਦੀ ਸਚੀ ਤਾਂਘ ਹੈ। ਸ੍ਰੀ ਗੁਰੂ ਜੀ ਆਖਦੇ ਹਨ ਉਸ ਨੂੰ ਕੋਈ ਦੁਖ ਤਕਲੀਫ ਨਹੀਂ ਹੁੰਦੀ।

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥
ਸੋ ਸੰਤੁ ਸੁਹੇਲਾ [6] ਨਹੀ ਡੁਲਾਵੈ ॥

ਜਿਸ ਮਨੁਖ ਨੂੰ ਵਾਹਿਗੁਰੂ ਮਨ ਵਿਚ ਹਰ ਵਕਤ ਯਾਦ ਰਹਿੰਦਾ ਹੈ, ਉਹ ਸੰਤ ਹੈ, ਸੁਖੀ ਰਹਿੰਦਾ ਹੈ ਤੇ ਉਸ ਨੂੰ ਪ੍ਰਭੂ ਤੇ ਪੂਰਾ ਯਕੀਨ ਹੁੰਦਾ ਹੈ ਤੇ ਉਹ ਕਦੀ ਨਹੀਂ ਡੋਲਦਾ।

---

1 ਦਿਨ ਰਾਤ। 2 ਸਿਰਫ। 3 ਵਿਚਾਰਦਾ, ਬਿਆਨ। 4 ਬੰਧਨਾਂ ਤੋਂ ਰਹਿਤ। 5 ਤਾਂਘ। 6 ਸੁਖੀ।



Digitized by Panjab Digital Library | www.panjabdigilib.org

ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥
ਸੋ ਸੇਵਕੁ ਕਹੁ ਕਿਸ ਤੇ ਡਰੈ ॥

ਜਿਸ ਸੇਵਕ ਤੇ ਪ੍ਰਭੂ ਆਪ ਮੇਹਰ ਕਰਦਾ ਹੈ, ਦਸੋ ਉਹ ਸੇਵਕ ਕਿਸ ਤੋਂ ਡਰ ਸਕਦਾ ਹੈ ?

ਜੈਸਾ ਸਾ ਤੈਸਾ ਦ੍ਰਿਸਟਾਇਆ[1] ॥
ਅਪੁਨੇ ਕਾਰਜ ਮਹਿ ਆਪਿ ਸਮਾਇਆ ॥

ਐਸੇ ਸੇਵਕ ਨੂੰ ਪ੍ਰਭੂ ਅਸਲੀ ਰੂਪ ਵਿਚ ਨਜ਼ਰ ਆ ਜਾਂਦਾ ਹੈ। ਉਸ ਨੂੰ ਇਹ ਨਜ਼ਰ ਆਂਨ ਲਗ ਪੈਂਦਾ ਹੈ ਕਿ ਆਪਣੀ ਸਾਜੀ ਹੋਈ ਦੁਨੀਆਂ ਵਿਚ ਆਪ ਹੀ ਸਭ ਕੁਛ ਕਰ ਕਰਾ ਰਿਹਾ ਹੈ।

ਸੋਧਤ[2] ਸੋਧਤ ਸੋਧਤ ਸੀਝਿਆ[3] ॥
ਗੁਰ ਪ੍ਰਸਾਦਿ ਤਤੁ[4] ਸਭੁ ਬੂਝਿਆ ॥

ਨਿਤ ਵਿਚਾਰ ਕਰਦਿਆਂ ੨ ਆਖ਼ਰ ਜੀਵ ਉਸ ਨੂੰ ਤਲਾਸ਼ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਗੁਰੂ ਦੀ ਕ੍ਰਿਪਾ ਨਾਲ ਇਸ ਜੀਵ ਨੂੰ ਗਿਆਨ ਹੋ ਜਾਂਦਾ ਹੈ ਤੇ ਉਹ ਕਾਮਯਾਬ ਹੋ ਜਾਂਦਾ ਹੈ।

ਜਬ ਦੇਖਉ ਤਬ ਸਭੁ ਕਿਛੁ ਮੂਲੁ ॥
ਨਾਨਕ ਸੋ ਸੂਖਮੁ[5] ਸੋਈ ਅਸਥੂਲੁ[6] ॥ ੫ ॥

ਏਹੋ ਜੇਹਾ ਸਿਖ ਜਿਸ ਤੇ ਪ੍ਰਭੂ ਦੀ ਕ੍ਰਿਪਾ ਹੋ ਗਈ ਹੈ ਉਸ ਨੂੰ

---

1 ਦਿਸਿਆ। 2 ਤਲਾਸ਼। 3 ਕਾਮਯਾਬੀ ਹੋ ਗਈ।
4 ਅਸਲੀਅਤ। 5 ਬਰੀਕ। 6 ਵਡੀ।



Digitized by Panjab Digital Library | www.panjabdigilib.org

ਹਰ ਤਰਫ਼ ਪ੍ਰਭੂ ਨਜ਼ਰ ਆਂਦਾ ਹੈ। ਗੁਰੂ ਜੀ ਆਖਦੇ ਹਨ ਉਸ ਨੂੰ ਛੋਟੀ ਤੋਂ ਛੋਟੀ ਤੇ ਵਡੀ ਤੋਂ ਵਡੀ ਹਰ ਚੀਜ਼ ਵਿਚ ਪ੍ਰਭੂ ਨਜ਼ਰ ਆਂਦਾ ਹੈ।

ਨਹ ਕਿਛੁ ਜਨਮੈ ਨਹ ਕਿਛੁ ਮਰੈ ॥
ਆਪਨ ਚਲਿਤੁ 1 ਆਪ ਹੀ ਕਰੈ ॥

ਨਾ ਹੀ ਕੋਈ ਜਮਦਾ ਹੈ ਤੇ ਨਾ ਹੀ ਕੋਈ ਮਰਦਾ ਹੈ। ਇਹ ਜਮਨ ਮਰਨ ਤਾਂ ਪ੍ਰਭੂ ਦਾ ਇਕ ਖੇਲ ਹੈ। ਸੰਤਾਂ ਨੂੰ ਹੀ ਇਹ ਸਮਝ ਆਂਦੀ ਹੈ।

ਆਵਨੁ ਜਾਵਨੁ 2 ਦ੍ਰਿਸਟਿ 3 ਅਨਦ੍ਰਿਸਟਿ 4 ॥
ਆਗਿਆਕਾਰੀ 5 ਧਾਰੀ ਸਭ ਸ੍ਰਿਸਟਿ ॥

ਜਮਨਾ ਤੇ ਮਰਨਾ ਦਿਸਦਾ ਤੇ ਨ ਦਿਸਦਾ ਸੰਸਾਰ ਇਹ ਦੋਵੇਂ ਅਤੇ ਦੁਨੀਆ ਨੂੰ ਪ੍ਰਭੂ ਨੇ ਆਪਣੇ ਹੁਕਮ ਦੇ ਅਨੁਸਾਰ ਚਲਾ ਦਿਤਾ ਹੈ।

ਆਪੇ ਆਪਿ ਸਗਲ 6 ਮਹਿ ਆਪਿ ॥
ਅਨਿਕ 7 ਜੁਗਤਿ 8 ਰਚਿ ਥਾਪਿ 9 ਉਥਾਪਿ 10 ॥

ਪ੍ਰਭੂ ਆਪ ਹੀ ਸਾਰੀ ਦੁਨੀਆਂ ਦੇ ਦਿਲਾਂ ਵਿਚ ਵਸਦਾ ਹੈ। ਬੇਅੰਤ ਤਰੀਕਿਆਂ ਨਾਲ ਉਹ ਦੁਨੀਆਂ ਨੂੰ ਪੈਦਾ ਤੇ ਨਾਸ਼ ਕਰਦਾ ਹੈ

ਅਬਿਨਾਸੀ ਨਾਹੀ ਕਿਛੁ ਖੰਡ 11 ॥
ਧਾਰਣ ਧਾਰਿ ਰਹਿਓ ਬ੍ਰਹਮੰਡ ॥

---

1 ਤਮਾਸ਼ਾ । 2 ਜਨਮ ਮਰਨ । 3 ਦਿਸਦਾ ਜਗਤ 4 ਨਾ ਦਿਸਦੀ ਦੁਨੀਆਂ 5 ਹੁਕਮ ਮਨਣ ਵਾਲਾ। 6 ਸਾਰੇ 7 ਬੇਅੰਤ 8 ਤਰੀਕੇ । 9 ਬਨਾ। 10 ਨਾਸ। 11 ਨਾਸ।



Digitized by Panjab Digital Library | www.panjabdigilib.org

ਪ੍ਰਭੁ ਅਬਿਨਾਸ਼ੀ ਹੈ ਤੇ ਉਸਦਾ ਕੁਛ ਨਾਸ਼ ਨਾਹੀਂ ਹੁੰਦਾ। ਸੰਸਾਰ ਦੀ ਰਚਨਾ ਆਪ ਹੀ ਰਚ ਰਿਹਾ ਹੈ।

ਅਲਖ[1] ਅਭੇਵ[2] ਪੁਰਖ ਪਰਤਾਪ ॥
ਆਪਿ ਜਪਾਏ ਤ ਨਾਨਕ ਜਾਪ ॥੬॥

ਉਸ ਪ੍ਰਭੂ ਦਾ ਨਾ ਹੀ ਪਰਤਾਪ ਪਾਇਆ ਜਾ ਸਕਦਾ ਹੈ ਤੇ ਨਾ ਹੀ ਉਸ ਦਾ ਭੇਦ ਪਾਇਆ ਜਾ ਸਕਦਾ ਹੈ। ਗੁਰੂ ਜੀ ਆਖਦੇ ਹਨ ਕਿ ਪ੍ਰਭੂ ਆਪ ਹੀ ਜ਼ਪਾਨ ਦੀ ਤਾਕਤ ਬਖਸ਼ੇ ਤਾਂ ਹੀ ਜੀਵ ਉਸ ਪ੍ਰਭੂ ਦੇ ਨਾਮ ਨੂੰ ਜਪ ਸਕਦਾ ਹੈ।

ਜਿਨ ਪ੍ਰਭੁ ਜਾਤਾ[3] ਸੁ ਸੋਭਾਵੰਤ[4] ॥
ਸਗਲ ਸੰਸਾਰੁ ਉਧਰੈ ਤਿਨ ਮੰਤ[6] ॥

ਜਿਨ੍ਹਾਂ ਜੀਵਾਂ ਨੇ ਉਸ ਪ੍ਰਭੂ ਨੂੰ ਜਾਨ ਲਿਆ ਹੈ, ਉਹ ਤਾਰੀਫ਼ ਦ ਕਾਬਲ ਹਨ। ਸਾਰਾ ਸੰਸਾਰ ਉਨ੍ਹਾਂ ਦਾ ਉਪਦੇਸ਼ ਸੁਣ ਕੇ ਤਰ ਜਾਂਦਾ ਹੈ।

ਪ੍ਰਭ ਕੇ ਸੇਵਕ ਸਗਲ ਉਧਾਰਨ[7] ॥
ਪ੍ਰਭ ਕੇ ਸੇਵਕ ਦੂਖ[8] ਬਿਸਾਰਨ[9] ॥

ਪ੍ਰਭੂ ਦੇ ਭਗਤ ਸਭ ਜਗ ਨੂੰ ਤਾਰਨ ਜੋਗ ਹਨ ਤੇ ਪ੍ਰਭੂ ਦੇ ਸੇਵਾ ਕਰਨ ਵਾਲੇ ਦੂਖ ਤੇ ਰੋਗ ਨਾਸ ਕਰਨ ਦੀ ਤਾਕਤ ਰਖਦੇ ਹਨ।

---

1 ਜੋ ਬਿਆਨ ਨਾ ਹੋ ਸਕੇ। 2 ਜਿਸ ਦਾ ਭੇਦ ਨਾ ਪਾਇਆ ਜਾਏ। 3 ਜਾਣ ਲਿਆ ਹੈ। 4 ਤਰੀਫ ਦੇ ਕਾਬਲ। 5 ਤਰ ਜਾਣਾ। 6 ਮੰਤ੍ਰ, ਉਪਦੇਸ਼। 7 ਬਚਾਂਦੇ, ਤਾਰਦੇ। 8 ਰੋਗ। 9 ਨਾਸ ਕਰਨ ਵਾਲੇ।



Digitized by Panjab Digital Library | www.panjabdigilib.org

ਆਪੇ ਮੇਲਿ ਲਏ ਕਿਰਪਾਲ ॥
ਗੁਰ ਕਾ ਸਬਦੁ ਜਪਿ ਭਏ ਨਿਹਾਲ ॥

ਕਿਰਪਾ ਕਰਨ ਵਾਲਾ ਪ੍ਰਭੂ ਆਪਣੇ ਦਾਸਾਂ ਨੂੰ ਆਪੇ ਆਪ ਦੇ ਨਾਲ ਮੇਲ ਲੈਂਦਾ ਹੈ। ਸਚੇ ਪ੍ਰਭੂ ਦੀ ਬਾਣੀ ਸੁਣ ਕੇ ਜੀਵ ਫੁਲ ਵਾਂਗ ਖਿੜਕੇ ਖੁਸ਼ ਹੋ ਜਾਂਦੇ ਹਨ।

ਉਨ ਕੀ ਸੇਵਾ ਸੋਈ ਲਾਗੈ ॥
ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥

ਜਿਨ੍ਹਾਂ ਖੁਸ਼ ਕਿਸਮਤ ਜੀਵਾਂ ਤੇ ਪ੍ਰਭੂ ਆਪ ਮੇਹਰ ਕਰਦਾ ਹੈ, ਉਹੀ ਤੇਰੇ ਸਚੇ ਸੇਵਕਾਂ ਦੀ ਸੇਵਾ ਕਰ ਸਕਦੇ ਹਨ।

ਨਾਮੁ ਜਪਤ ਪਾਵਹਿ ਬਿਸ੍ਰਾਮੁ [1] ॥
ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ॥੭॥

ਪ੍ਰਭੂ ਦਾ ਨਾਮ ਜਪਣ ਨਾਲ ਜੀਵਾਂ ਨੂੰ ਮੁਕਤੀ ਮਿਲ ਜਾਂਦੀ ਹੈ ਸ੍ਰੀ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਜਿਨ੍ਹਾਂ ਤੇ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ ਤੇ ਉਹ ਪ੍ਰਭੂ ਦਾ ਜਸ ਕਰਦੇ ਹਨ, ਉਨ੍ਹਾਂ ਨੂੰ ਬੜੇ ਉਚੇ ਭਾਗਾਂ ਵਾਲੇ ਸਮਝੋ।

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥
ਸਦਾ ਸਦਾ ਬਸੈ ਹਰਿ ਸੰਗਿ ॥

ਪ੍ਰਭੂ ਦਾ ਸੇਵਕ ਜੋ ਕੁਛ ਕਰਦਾ ਹੈ ਪ੍ਰਭੂ ਦੇ ਹੁਕਮ ਵਿਚ ਰਹਿ ਕੇ ਕਰਦਾ ਹੈ। ਉਹ ਸੇਵਕ ਪ੍ਰਭੂ ਨੂੰ ਹਰ ਥਾਂ ਹਾਜ਼ਿਰ ਹਜ਼ੂਰ ਜਾਂਣਦਾ ਹੈ।

---

1 ਮੁਕਤੀ, ਆਰਾਮ।



Digitized by Panjab Digital Library | www.panjabdigilib.org

ਸਹਜ ਸੁਭਾਇ[1] ਹੋਵੈ ਸੋ ਹੋਇ ॥
ਕਰਣੈ ਹਾਰੁ[2] ਪਛਾਣੈ ਸੋਇ ॥

ਪ੍ਰਭੂ ਦਾ ਸੇਵਕ ਜੋ ਕੁਛ ਹੀ ਉਸ ਨਾਲ ਬੀਤਦਾ ਹੈ ਉਸ ਨੂੰ ਪ੍ਰਭੂ ਦਾ ਭਾਣਾ ਜਾਣਦਾ ਹੈ ਤੇ ਉਹ ਬੇਚੈਣ ਨਹੀਂ ਹੁੰਦਾ ਕਿਉਂ ਜੋ ਇਸ ਨੂੰ ਯਕੀਨ ਹੈ ਕਿ ਜੋ ਕੁਛ ਹੋ ਰਿਹਾ ਹੈ ਉਹ ਪ੍ਰਭੂ ਕਰ ਰਿਹਾ ਹੈ।

ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥
ਜੈਸਾ ਸਾ ਤੈਸਾ ਦ੍ਰਿਸਟਾਨਾ[3] ॥

ਵਾਹਿਗੁਰੂ ਦੇ ਸੇਵਕਾਂ ਨੂੰ ਜੋ ਕੁਛ ਕਰਤਾਰ ਕਰਦਾ ਹੈ ਉਸ ਨੂੰ ਮਿਠਾ ਕਰਕੇ ਮੰਨਦੇ ਹਨ। ਪ੍ਰਭੂ ਉਨ੍ਹਾਂ ਸੇਵਕਾਂ ਨੂੰ ਜੇਹੋ ਜਿਹਾ ਉਹ ਪ੍ਰਭੂ ਹੈ ਉਸ ਤਰ੍ਹਾਂ ਦਾ ਨਜ਼ਰ ਆਂਦਾ ਹੈ।

ਜਿਸ ਤੇ ਉਪਜੇ[4] ਤਿਸ ਮਾਹਿ ਸਮਾਏ ॥
ਓਇ ਸੁਖ ਨਿਧਾਨ[5] ਉਨਹੂ ਬਨਿ ਆਏ[6] ॥

ਉਹ ਪ੍ਰਭੂ ਦੇ ਸੇਵਕ ਜਾਣਦੇ ਹਨ ਕਿ ਉਹ ਜਿਸ ਪ੍ਰਭੂ ਤੋਂ ਪੈਦਾ ਹੋਏ ਹਨ, ਉਹ ਉਸੇ ਵਿਚ ਮਗਨ ਰਹਿੰਦ ਹਨ। ਉਨ੍ਹਾਂ ਨੂੰ ਸਬਰ ਤੇ ਸ਼ਾਂਤੀ ਦਾ ਖਜ਼ਾਨਾ ਮਿਲਿਆ ਹੈ। ਜੇਹੜਾ ਉਨ੍ਹਾਂ ਨੂੰ ਹੀ ਸੂਟ ਕਰਦਾ ਹੈ।

ਆਪਸ ਕਉ ਆਪਿ ਦੀਨੋ ਮਾਨੁ ॥
ਨਾਨਕ ਪ੍ਰਭ ਜਨੁ[7] ਏਕੋ ਜਾਨੁ ॥ ੮ ॥ ੧੪ ॥

ਗੁਰੂ ਜੀ ਕਹਿੰਦੇ ਹਨ ਕਿ ਵਾਹਿਗੁਰੂ ਤੇ ਉਸ ਦੇ ਸੇਵਕ ਵਿਚ ਕੋਈ ਫਰਕ ਨ ਸਮਝੋ, ਕਿਉਂ ਜੋ ਪ੍ਰਭੂ ਆਪਣੇ ਸੇਵਕਾਂ ਨੂੰ ਮਾਨ ਦੇਕੇ ਆਪਣੇ ਆਪ ਨੂੰ ਮਾਨ ਦੇਂਦਾ ਹੈ।

---

1 ਸੁਭਾਵਕ, ਰਬੀ। 2 ਕਰਤਾਰ। 3 ਦਿਖਾਈ ਦੇਂਦਾ ਹੈ। 4 ਜਮੇ। 5 ਖਜ਼ਾਨਾਂ। 6 ਫਬਦਾ ਜਾਂ ਸੂਟ ਕਰਦਾ ਹੈ। 7 ਸੇਵਕ।



Digitized by Panjab Digital Library | www.panjabdigilib.org

## ਸਲੋਕੁ ॥

ਸਰਬ[1] ਕਲਾ[2] ਭਰਪੂਰ[3] ਪ੍ਰਭ ਬਿਰਥਾ[4] ਜਾਨਨਹਾਰ ॥
ਜਾਕੈਸਿਮਰਨਿ[5] ਉਧਰੀਐ[6] ਨਾਨਕ ਤਿਸੁ ਬਲਿਹਾਰ[7] ॥

ਪ੍ਰਭੂ ਵਿਚ ਸਭ ਤਾਕਤਾਂ ਹਨ, ਉਹ ਸਭ ਹਾਲ ਜਾਂਨਦਾ ਹੈ ਤੇ ਉਸ ਨੂੰ ਸਭ ਦਾ ਧਿਆਨ ਹੈ। ਗੁਰੂ ਜੀ ਆਖਦੇ ਹਨ, ਜਿਸ ਐਸੇ ਪ੍ਰਭੂ ਦੇ ਜਪਨ ਨਾਲ ਤਰ ਜਾਈਦਾ ਹੈ ਉਸ ਤੇ ਕੁਰਬਾਨ ਜਾਣਾ ਚਾਹੀਦਾ ਹੈ।

### ਅਸਟਪਦੀ

ਟੂਟੀ ਗਾਢਨ ਹਾਰ ਗੋਪਾਲ ॥
ਸਰਬ ਜੀਆ ਆਪੇ ਪ੍ਰਤਿਪਾਲ[8] ॥

---

1 ਸਾਰੀਆਂ। 2 ਸ਼ਕਤੀਆਂ, ਤਾਕਤਾਂ। 3 ਭਰਿਆ ਹੋਇਆ ਹੈ। 4 ਬਿਰਤਾਂ, ਹਾਲ। 5 ਜਪਨ। 6 ਪਾਰ ਉਤਰਨਾਂ। 7 ਸਦਕੇ, ਕੁਰਬਾਨ। 8 ਪਾਲਨਾਂ ਕਰਨ ਵਾਲਾ।



Digitized by Panjab Digital Library | www.panjabdigilib.org

ਟੁਟੇ ਹੋਏ ਗੁਰੂ ਤੇ ਸਿਖ ਦੇ ਪਿਆਰ ਨੂੰ ਪ੍ਰਭੂ ਆਪ ਹੀ ਗਢਨ ਵਾਲਾ ਹੈ। ਸਾਰਿਆਂ ਜੀਵਾਂ ਨੂੰ ਉਹ ਆਪ ਹੀ ਪਾਲਦਾ ਹੈ।

ਸਗਲ ਕੀ ਚਿੰਤਾ[1] ਜਿਸੁ ਮਨ ਮਾਹਿ ॥
ਤਿਸ ਤੇ ਬਿਰਥਾ[2] ਕੋਈ ਨਾਹਿ ॥

ਜਿਸ ਪ੍ਰਭੂ ਦੇ ਦਿਲ ਵਿਚ ਸਭ ਦੀ ਰੋਜ਼ੀ ਦਾ ਫਿਕਰ ਹੈ, ਉਸ ਪ੍ਰਭੂ ਤੋਂ ਕਿਸੇ ਨੂੰ ਨਾਉਮੇਦ ਨਹੀਂ ਹੋਣਾ ਚਾਹੀਦਾ।

ਰੇ ਮਨ ਮੇਰ ਸਦਾ ਹਰਿ ਜਾਪਿ ॥
ਅਬਿਨਾਸੀ ਪ੍ਰਭੁ ਆਪੇ ਆਪਿ ॥

ਹੇ ਮਨਾਂ ! ਹਮੇਸ਼ਾਂ ਉਸ ਪ੍ਰਭੂ ਦਾ ਸਿਮਰਨ ਕਰ। ਉਹ ਨਾਸ਼ ਹੋਣ ਤੋਂ ਰਹਿਤ ਹੈ ਤੇ ਉਸ ਦੇ ਬਰਾਬਰ ਹੋਰ ਕੋਈ ਨਹੀਂ।

ਆਪਨ ਕੀਆ ਕਛੂ ਨ ਹੋਇ ॥
ਜੇ ਸਉ[3] ਪ੍ਰਾਨੀ[4] ਲੋਚੈ[5] ਕੋਇ ॥

ਜੀਵ ਖਾਹ ਸੈਂਕੜੇ ਖ਼ਾਇਸ਼ਾਂ ਪਿਆ ਕਰੇ ਤਾਂ ਭੀ ਉਹ ਆਪ ਕੁਛ ਭੀ ਕਰਨ ਯੋਗ ਨਹੀਂ। ਕਰਤਾ ਧਰਤਾ ਪ੍ਰਭੂ ਹੈ।

ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥
ਗਤਿ[6] ਨਾਨਕ ਜਪਿ ਏਕ ਹਰਿ ਨਾਮ ॥ ੧ ॥

ਹੇ ਜੀਵ ! ਤੇਰਾ ਕੋਈ ਕੰਮ ਭੀ ਉਸ ਪ੍ਰਭੂ ਦੀ ਮਰਜ਼ੀ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ। ਸ੍ਰੀ ਗੁਰੂ ਜੀ ਆਖਦੇ ਹਨ ਹੇ ਜੀਵ ਤੂੰ ਹੋਰ ਆਸਾਂ ਉਮੈਦਾਂ ਤੇ ਕੋਸ਼ਸ਼ਾਂ ਛੋੜਕੇ ਕੇਵਲ ਇਕ ਪ੍ਰਭੂ ਦਾ ਨਾਮ ਲਏ ਤਾਂ ਹੀ ਤੇਰੀ ਮੁਕਤੀ ਹੋਵੇਗੀ।

---

1 ਫਿਕਰ। 2 ਖਾਲੀ, ਨਾ-ਉਮੈਦ। 3 ਸੌ। 4 ਜੀਵ 5 ਖ਼ਾਇਸ਼ ਕਰੇ। 6 ਮੁਕਤੀ।



Digitized by Panjab Digital Library | www.panjabdigilib.org

ਰੂਪਵੰਤੁ[1] ਹੋਇ ਨਾਹੀ ਮੋਹੈ[2] ॥
ਪ੍ਰਭ ਕੀ ਜੋਤਿ ਸਗਲ[3] ਘਟ[4] ਸੋਹੈ[5] ॥

ਅਗਰ ਪ੍ਰਭੂ ਨੇ ਕਿਸੇ ਨੂੰ ਸੁੰਦਰਤਾ ਬਖ਼ਸ਼ੀ ਹੈ ਤਾਂ ਉਸ ਨੂੰ ਇਸ ਦਾ ਮਾਨ ਨਹੀਂ ਕਰਨਾ ਚਾਹੀਦਾ। ਇਹ ਪ੍ਰਭੂ ਦੀ ਹੀ ਜੋਤ ਹੈ ਜੋ ਸਭ ਸਰੀਰਾਂ ਨੂੰ ਸੁੰਦਰ ਬਣਾ ਰਹੀ ਹੈ।

ਧੰਨਵੰਤਾ ਹੋਇ ਕਿਆ ਕੋ ਗਰਬੈ[6] ॥
ਜਾ[7] ਸਭੁ ਕਿਛੁ ਤਿਸ ਕਾ ਦੀਆ ਦਰਬੈ[8] ॥

ਦੌਲਤਮੰਦ ਹੋ ਕੇ ਕੋਈ ਕਿਸ ਗਲ ਦਾ ਮਾਨ ਜਾ ਹੰਕਾਰ ਕਰੇ, ਜਦ ਸਭ ਕੁਛ ਦਿਤਾ ਹੋਇਆ ਉਸ ਪ੍ਰਭੂ ਦਾ ਹੈ ਤੇ ਇਹ ਧੰਨ ਭੀ ਉਸ ਦਾ ਹੀ ਦਿਤਾ ਹੋਇਆ ਹੈ। ਜੀਵ ਨੂੰ ਅਮਾਨਤ ਦਾ ਮਾਨ ਨਹੀਂ ਕਰਨਾਂ ਚਾਹੀਦਾ।

ਅਤਿ[9] ਸੂਰਾ[10] ਜੇ ਕੋਊ ਕਹਾਵੈ ।
ਪ੍ਰਭ ਕੀ ਕਲਾ[11] ਬਿਨਾ ਕਹ ਧਾਵੈ[12] ॥

ਜੇ ਕੋਈ ਜੀਵ ਆਪਣੇ ਆਪ ਨੂੰ ਬੜਾ ਤਾਕਤਵਰ ਕਹਿਲਾਂਦਾ ਹੈ ਤਾਂ ਥੋੜਾ ਜਿਹਾ ਇਹ ਸੋਚੇ ਵਾਹਿਗੁਰੂ ਦੀ ਸ਼ਕਤੀ ਤੋਂ ਬਿਨਾਂ ਉਹ ਕਿਸ ਤਰਾਂ ਇਕ ਕਦਮ ਭੀ ਨਹੀਂ ਚਲ ਸਕਦਾ, ਉਹ ਸੂਰਬੀਰ ਕਹਿੰਦਾ ਹੋਇਆ।

ਜੇ ਕੋ ਹੋਇ ਬਹੈ ਦਾਤਾਰੁ ॥
ਤਿਸੁ ਦੇਨਹਾਰੁ ਜਾਨੈ ਗਾਵਾਰੁ[13] ॥

---

[1] ਖੂਬਸੂਰਤ ਸੁੰਦਰ । [2] ਮਾਨ ਕਰਨਾ । [3] ਸਭ । [4] ਜਿਸਮ । [5] ਸੁੰਦਰ । [6] ਗਰੂਰ । [7] ਜਦੋਂ । [8] ਧੰਨ । [9] ਬੜਾ । [10] ਬਹਾਦਰ । [11] ਸ਼ਕਤੀ । [12] ਦੌੜ । [13] ਬੇਵਕੂਫ ।



Digitized by Panjab Digital Library | www.panjabdigilib.org

ਜੇਕਰ ਕੋਈ ਆਖੇ ਕਿ ਮੈਂ ਬੜਾ ਦਾਨ ਦੇਣ ਵਾਲਾ ਹਾਂ ਉਸ ਦਾਂਨ ਦੇਣ ਵਾਲ ਨੂੰ ਬੇਵਕੂਫ ਸਮਝੋ, ਕਿਉਂ ਜੋ ਅਸਲੀ ਦਾਂਨ ਦੇਣ ਵਾਲਾ ਤਾਂ ਪ੍ਰਭੂ ਹੈ। ਅਸੀਂ ਤਾਂ ਉਸ ਦੀ ਦਿਤੀ ਹੋਈ ਅਮਾਨਤ ਹੀ ਅਗੇ ਵੰਡ ਰਹੇ ਹਾਂ।

ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ॥
ਨਾਨਕ ਸੋ ਜਨੁ ਸਦਾ ਅਰੋਗੁ [1] ॥੨॥

ਜਿਸ ਜੀਵ ਦੀ ਹੰਕਾਰ ਦੀ ਬੀਮਾਰੀ ਪ੍ਰਭੂ ਦੀ ਕ੍ਰਿਪਾ ਨਾਲ ਹਟ ਗਈ ਹੈ, ਜਿਸ ਦਾ ਹੰਕਾਰ ਟੁਟ ਗਿਆ ਹੈ, ਸ੍ਰੀ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਦੁਨਯਾਵੀ ਬੀਮਾਰੀਆਂ ਸਾਰੀਆਂ ਤੋਂ ਨਵਾਂ ਨਿਰੋਇਆ ਹੈ।

ਜਿਉ ਮੰਦਰ [2] ਕਉ ਥਾਮੈ ਥੰਮਨੁ [3] ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ [4] ।

ਜਿਸ ਤਰਾਂ ਇਕ ਸਤੂਨ ਇਕ ਮਕਾਨ ਦੀ ਸਾਰੀ ਛਤ ਦਾ ਬੋਝ ਚੁਕੀ ਰਖਦਾ ਹੈ, ਉਸੇ ਤਰਾਂ ਗੁਰੂ ਦਾ ਵਾਕ ਮਨ ਦਾ ਸਹਾਰਾ ਹੈ।

ਜਿਉ ਪਾਖਾਨੁ [5] ਨਾਵ [6] ਚੜਿ ਤਰੈ ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ [7] ॥

ਜਿਸ ਤਰਾਂ ਪਥਰ ਬੇੜੀ ਤੇ ਚੜ੍ਹ ਕੇ ਦਰਯਾ ਤੋਂ ਪਾਰ ਹੋ ਜਾਂਦਾ ਹੈ ਇਸੇ ਤਰਾਂ ਜੀਵ ਗੁਰੂ ਦੇ ਚਰਨੀ ਲਗ ਕੇ ਇਸ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦਾ ਹੈ।

---

1 ਤੰਦਰੁਸਤ। 2 ਮਕਾਨ। 3 ਸਤੂਨ, ਸਹਾਰਾ, ਥਮਾਂ।
4 ਸਹਾਰਾ। 5 ਪਥਰ। 6 ਬੇੜੀ। 7 ਤਰਦਾਨਾਂ।



Digitized by Panjab Digital Library | www.panjabdigilib.org

ਜਿਉ ਅੰਧਕਾਰ ਦੀਪਕ ਪਰਗਾਸੁ ॥
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ [1] ॥

ਜਿਸ ਤਰਾਂ ਅੰਧੇਰੇ ਵਿਚ ਦੀਵਾ ਰੋਸ਼ਨੀ ਕਰਦਾ ਹੈ। ਇਸੇ ਤਰ੍ਹਾਂ ਗੁਰੂ ਦਿਲ ਦੀ ਅੰਧੇਰੀ ਕੋਠੜੀ ਵਿਚ ਉਜਾਲਾ ਕਰਦਾ ਹੈ, ਤੇ ਗੁਰੂ ਦੇ ਦਰਸ਼ਨ ਕਰਕੇ ਦਿਲ ਨੂੰ ਬੜੀ ਖ਼ੁਸ਼ੀ ਹੁੰਦੀ ਹੈ।

ਜਿਉ ਮਹਾ [2] ਉਦਿਆਨ [3] ਮਹਿ ਮਰਗੁ [4] ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥

ਜਿਸ ਤਰਾਂ ਘੋਰ ਜੰਗਲ ਵਿਚ ਰਸਤੇ ਤੇ ਪਾਏ ਗਏ ਜੀਵ ਆਪਨੀ ਮਨਜ਼ਲ ਤੇ ਪੁਜ ਜਾਂਦਾ ਹੈ ਇਸੇ ਤਰਾਂ ਸੰਤਾਂ ਨਾਲ ਮਿਲਨ ਨਾਲ ਪ੍ਰਭੂ ਪਰਗਟ ਹੋ ਜਾਂਦਾ ਹੈ।

ਤਿਨ ਸੰਤਨ ਕੀ ਬਾਛਉ [5] ਧੂਰਿ ॥
ਨਾਨਕ ਕੀ ਹਰਿ ਲੋਚਾ [6] ਪੂਰਿ ॥ ੩ ॥

ਉਨ੍ਹਾਂ ਸੰਤਾਂ ਦੀ ਚਰਨ ਧੂੜ ਮੈਂ ਮੰਗਦਾ ਹਾਂ ਜਿਸ ਕਰਕੇ ਪ੍ਰਭੂ ਮਿਲ ਜਾਂਦਾ ਹੈ ਹੇ ਪ੍ਰਭੂ ਗੁਰੂ ਜੀ ਦੀ ਇਹ ਖਾਹਿਸ਼ ਪੂਰੀ ਕਰ॥

ਮਨ ਮੂਰਖ ਕਾਹੇ ਬਿਲਲਾਈਐ [7] ॥
ਪੁਰਬ ਲਿਖੇ ਕਾ ਲਿਖਿਆ ਪਾਈਐ ॥

ਹੇ ਬੇਵਕੂਫ਼ ਮਨ ! ਤਕਲੀਫ਼ ਆਣ ਤੇ ਕਿਉਂ ਰੋਨਾਂ ਹੈਂ। ਪਿਛਲੇ ਕੰਮ ਜੋ ਕੀਤੇ ਹਨ ਉਨ੍ਹਾਂ ਮੁਤਾਬਿਕ ਲਿਖੀ ਹੋਈ ਕਿਸਮਤ ਦੇ ਅਨੁਸਾਰ ਸੁਖ ਤੇ ਦੁਖ ਮਿਲਦੇ ਹਨ।

---

[1] ਆਨੰਦ। [2] ਘੋਰ। [3] ਉਜਾੜ। [4] ਰਸਤੇ
[5] ਚਾਹੁੰਦਾ ਹਾਂ। [6] ਇਛਾ। [7] ਵਿਲਕਨਾਂ, ਰੋਨਾਂ।



Digitized by Panjab Digital Library | www.panjabdigilib.org

ਦੂਖ ਸੂਖ ਪ੍ਰਭ ਦੇਵਨਹਾਰੁ ॥
ਅਵਰ ਤਿਆਗਿ [1] ਤੂ ਤਿਸਹਿ ਚਿਤਾਰੁ [2] ॥

ਦੁਖ ਤੇ ਸੁਖ ਪ੍ਰਭੂ ਆਪ ਹੀ ਦੇਂਦਾ ਹੈ। ਹੇ ਜੀਵ ! ਤੂੰ ਹੋਰ ਆਸਰੇ ਛੋੜ ਕੇ ਪ੍ਰਭੂ ਨੂੰ ਚੇਤੇ ਕਰ ਜੋ ਤੇਰਾ ਅਸਲੀ ਬੇਲੀ ਹੈ।

ਜੋ ਕਛੁ ਕਰੈ ਸੋਈ ਸੁਖੁ ਮਾਨੁ ॥
ਭੂਲਾ ਕਾਹੇ ਫਿਰਹਿ ਅਜਾਨ [3] ॥

ਹੇ ਅਨਜਾਣ ਦਿਲ ! ਤੂੰ ਕਿਉਂ ਭੁਲਿਆ ਫਿਰਨਾ ਹੈਂ ਜੋ ਕੁਛ ਹੀ ਪਭੂ ਕਰ ਰਹਿਆ ਹੈਂ ਉਸ ਨੂੰ ਖੁਸ਼ ਹੋਕੇ ਸਿਰ ਮਥੇ ਤੇ ਕਬੂਲ ਕਰ।

ਕਉਨ ਬਸਤੁ [4] ਆਈ ਤੇਰੈ ਸੰਗ ॥
ਲਪਟਿ ਰਹਿਓ ਰਸਿ ਲੋਭੀ ਪਤੰਗ ॥

ਕੇਹੜੀ ਚੀਜ਼ ਤੇਰੇ ਨਾਲ ਜਦੋਂ ਤੂੰ ਇਸ ਸੰਸਾਰ ਵਿਚ ਆਇਆ ਸਾਂਏ ਤਾਂ ਆਈ ਸੀ ? ਜਦ ਕੁਛ ਭੀ ਤੂੰ ਨਾਲ ਲੈਕੇ ਨਹੀਂ ਆਇਆ ਸੀ ਤਾਂ ਤੂੰ ਕਿਉਂ ਪਤੰਗੇ ਦੀ ਤਰ੍ਹਾਂ ਲਾਲਚ ਕਰਕੇ ਇਨ੍ਹਾਂ ਦੁਨਯਾਵੀ ਰਸਾਂ ਵਿਚ ਵਸ ਗਿਆ ਹੈ। ਪਤੰਗੇ ਦੀ ਤਰ੍ਹਾਂ ਤੂੰ ਬਗੈਰ ਫਾਇਦੇ ਦੇ ਸੜ ਮਰੇਂਗਾ।

ਰਾਮ ਨਾਮ ਜਪਿ ਹਿਰਦੈ ਮਾਹਿ ॥
ਨਾਨਕ ਪਤਿ ਸੇਤੀ ਘਰਿ ਜਾਇ ॥ ੪ ॥

ਸ੍ਰੀ ਗੁਰੂ ਜੀ ਆਖਦੇ ਹਨ ਹੇ ਜੀਵ ! ਤੂੰ ਰਾਮ ਦੇ ਨਾਉਂ ਦਾ ਜਾਪ ਦਿਲ ਨਾਲ ਕਰ। ਇਸ ਤਰ੍ਹਾਂ ਕਰਨ ਨਾਲ ਤੂੰ ਆਪਣੇ ਅਸਲੀ ਘਰ ਪਰਲੋਕ ਵਿਚ ਇਜ਼ਤ ਨਾਲ ਪਹੁੰਚ ਜਾਏਗਾ।

---

1 ਛੋੜ। 2 ਚੇਤੇ ਕਰ। 3 ਨਾ ਜਾਨੂੰ। 4 ਵਸਤੂ, ਚੀਜ਼।



Digitized by Panjab Digital Library | www.panjabdigilib.org

ਜਿਸੁ ਵਖਰ [1] ਕਉ ਲੈਨਿ ਤੂ ਆਇਆ ॥
ਰਾਮ ਨਾਮੁ ਸੰਤਨ ਘਰਿ ਪਾਇਆ ॥

ਹੇ ਜੀਵ ! ਜੋ ਸੌਦਾ ਤੂੰ ਇਸ ਸੰਸਾਰ ਵਿਚ ਖਰੀਦਨ ਲਈ ਪੈਦਾ ਹੋਇਆ ਹੈ ਉਹ ਰਾਮ ਦੇ ਨਾਮ ਦਾ ਸੌਦਾ ਸੰਤਾਂ ਦੀ ਸੰਗਤ ਵਿਚ ਮਿਲਦਾ ਹੈ।

ਤਜਿ [2] ਅਭਿਮਾਨੁ ਲੇਹੁ ਮਨ ਮੋਲਿ [3] ॥
ਰਾਮ ਨਾਮੁ ਹਿਰਦੇ ਮਹਿ ਤੋਲਿ ॥

ਅਹੰਕਾਰ ਨੂੰ ਛੋੜਦੇ ਤੇ ਮਨ ਦੇਕੇ ਉਸ ਦੇ ਬਦਲੇ ਰਾਮ ਦਾ ਨਾਮ ਖਰੀਦ ਲੈ। ਪ੍ਰਭੂ ਦੇ ਨਾਮ ਦੀ ਦਿਲ ਵਿਚ ਜਾਚ ਪੜਤਾਲ ਕਰ।

ਲਾਦਿ ਖੇਪ [4] ਸੰਤਹ ਸੰਗਿ ਚਾਲੁ ॥
ਅਵਰ ਤਿਆਗਿ [5] ਬਿਖਿਆ [6] ਜੰਜਾਲ ॥

ਸੰਤਾਂ ਦਾ ਸੰਗ ਕਰਕੇ ਰਾਮ ਨਾਮ ਦਾ ਸੌਦਾ ਪਰਲੋਕ ਵਿਚ ਤਿਜਾਰਤ ਕਰਨ ਵਾਸਤੇ ਖਰੀਦ ਲਏ ਹੋਰ ਸਭ ਮਾਇਆ ਦੇ ਧੰਦੇ ਹਨ ਉਨ੍ਹਾਂ ਨੂੰ ਛੋੜ ਦੇ ਤਾਂ ਹੀ ਤੂੰ ਮੁਕਤ ਹੋ ਸਕਦਾ ਹੈਂ।

ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥

ਜੇਕਰ ਤੂੰ ਰਾਮ ਦਾ ਨਾਮ ਸੰਤਾਂ ਦੀ ਸੰਗਤ ਵਿਚ ਲਏਂਗਾ ਤਾਂ ਤੈਨੂੰ ਹਰ ਕੋਈ ਸ਼ਾਬਾਸ਼ ਦੇਵੇਗਾ ਇਸ ਤਰਾਂ ਕਰਨ ਨਾਲ ਉਸ ਹਰੀ ਦੀ ਦਰਗਾਹ ਵਿਚ ਤੇਰੇ ਮੂੰਹ ਤੇ ਨੂਰ ਹੀ ਨੂਰ ਹੋਵੇਗਾ।

---

[1] ਖਜ਼ਾਨਾ, ਸੌਦਾ। [2] ਛੋੜ। [3] ਮੁਲ, ਵਟਾਂਦਰੇ। [4] ਸੌਦਾ [5] ਛੋੜਦੇ। [9] ਮਾਇਆ।



Digitized by Panjab Digital Library | www.panjabdigilib.org

ਇਹੁ ਵਾਪਾਰੁ ਵਿਰਲਾ ਵਾਪਾਰੈ ॥
ਨਾਨਕ ਤਾ ਕੈ ਸਦ ਬਲਿਹਾਰੈ ॥ ੫ ॥

ਇਸ ਰਾਮ ਦੇ ਨਾਮ ਦਾ ਵਪਾਰ ਕੋਈ ਵਿਰਲਾ ਵਪਾਰੀ ਹੀ ਕਰਦਾ ਹੈ। ਗੁਰੂ ਜੀ ਆਖਦੇ ਹਨ ਐਸੇ ਵਪਾਰੀਆਂ ਤੇ ਅਸੀਂ ਹਮੇਸ਼ਾਂ ਕੁਰਬਾਨ ਜਾਂਦੇ ਹਾਂ।

ਚਰਨ ਸਾਧ ਕੇ ਧੋਇ ਧੋਇ ਪੀਉ ॥
ਅਰਪਿ[1] ਸਾਧ ਕਉ ਅਪਨਾ ਜੀਉ ॥

ਹੇ ਜੀਵ ! ਤੂੰ ਸੰਤਾਂ ਦੇ ਚਰਨਾਂ ਨੂੰ ਧੋ ੨ ਕੇ ਪੀ। ਆਪਨਾ ਮਨ ਸਾਧੂਆਂ ਨੂੰ ਭੇਟ ਕਰ ਦੇ।

ਸਾਧ ਕੀ ਧੂਰਿ ਕਰਹੁ ਇਸਨਾਨੁ ॥
ਸਾਧ ਊਪਰਿ ਜਾਈਐ ਕੁਰਬਾਨੁ ॥

ਸਾਧੂਆਂ ਦੀ ਚਰਨ ਧੂੜ ਲੈ ਕੇ ਤੇ ਉਸ ਵਿਚ ਇਸ਼ਨਾਨ ਕਰ, ਉਸ ਧੂੜੀ ਨੂੰ ਸਿਰ ਮਥੇ ਤੇ ਲਗਾ। ਤੇ ਸਾਧੂਆਂ ਤੇ ਸਦਕੇ ਹੋ ਜਾ।

ਸਾਧ ਸੇਵਾ ਵਡਭਾਗੀ ਪਾਈਐ ॥
ਸਾਧ ਸੰਗਿ ਹਰਿ ਕੀਰਤਨੁ ਗਾਈਐ ॥

ਗੁਰਮੁਖਾਂ ਦੀ ਸੇਵਾ ਵਡੇ ਭਾਗਾਂ ਵਾਲਿਆਂ ਨੂੰ ਮਿਲਦੀ ਹੈ। ਉਨ੍ਹਾਂ ਦੀ ਸੰਗਤ ਵਿਚ ਹੀ ਹਰੀ ਕੀਰਤਨ ਗਾਇਆ ਜਾ ਸਕਦਾ ਹੈ।

ਅਨਿਕ ਬਿਘਨ[2] ਤੇ ਸਾਧੂ ਰਾਖੈ[3] ॥
ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥

---

[1] ਭੇਟਾ ਕਰੋ। [2] ਮੁਸੀਬਤ। [3] ਬਚਾਂਦਾ।



Digitized by Panjab Digital Library | www.panjabdigilib.org

ਗੁਰਮੁਖ ਬੇਅੰਤ ਮੁਸੀਬਤਾਂ ਤੋਂ ਜੋ ਜੀਵ ਦੇ ਰਸਤੇ ਵਿਚ ਆਂਦੀਆਂ ਹਨ ਬਚਾਂਦਾ ਹੈ ਤੇ ਉਹ ਪ੍ਰਭੂ ਦਾ ਜਸ ਕਰਕੇ ਅੰਮ੍ਰਤ ਦਾ ਮਿਠਾ ਤੇ ਸਵਾਦੀ ਰਸ ਪੀਂਦਾ ਹੈ।

ਓਟ[1] ਗਹੀ[2] ਸੰਤਹ ਦਰਿ[3] ਆਇਆ ॥
ਸਰਬ ਸੂਖ ਨਾਨਕ ਤਿਹ ਪਾਇਆ ॥ ੬ ॥

ਜਿਸ ਜੀਵ ਨੇ ਸੰਤਾਂ ਦਾ ਆਸਰਾ ਪਕੜਿਆ ਹੈ ਤੇ ਸੰਤਾਂ ਦੇ ਦਰ ਤੇ ਆਕੇ ਡਿਗ ਪਿਆ ਹੈ, ਗੁਰੂ ਜੀ ਆਖਦੇ ਹਨ ਉਸਨੂੰ ਸਾਰ ਸੁਖ ਮਿਲਦੇ ਹਨ ਤੇ ਉਹ ਤਰ ਜਾਂਦਾ ਹੈ।

ਮਿਰਤਕ[4] ਕਉ ਜੀਵਾਲਨਹਾਰ ॥
ਭੂਖੇ ਕਉ ਦੇਵਤ ਅਧਾਰ[5] ॥

ਪ੍ਰਭੂ ਮੁਰਦੇ ਨੂੰ ਜੀਵਾਵਨ ਦੀ ਤਾਕਤ ਰਖਦਾ ਹੈ। ਭੁਖੇ ਨੂੰ ਭੀ ਖਾਣਾ ਦੇਂਦਾ ਹੈ।

ਸਰਬ ਨਿਧਾਨ[6] ਜਾ ਕੀ ਦ੍ਰਿਸਟੀ[7] ਮਾਹਿ ॥
ਪੁਰਬ[8] ਲਿਖੇ ਕਾ ਲਹਣਾ[9] ਪਾਹਿ ॥

ਪ੍ਰਭੂ ਦੀ ਨਜ਼ਰ ਵਿਚ ਸਾਰੇ ਜਗ ਦੀ ਦੌਲਤ ਹੈ। ਜੋ ਕੁਛ ਕਿਸਮਤ ਵਿਚ ਲਿਖਿਆ ਹੈ ਉਹੀ ਫਲ ਮਿਲਦਾ ਹੈ।

ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥
ਤਿਸ ਬਿਨੁ ਦੂਸਰ ਹੋਆ ਨ ਹੋਗੁ ॥

---

1 ਆਸਰਾ। 2 ਪਕੜੀ। 3 ਦਰਵਾਜ਼ੇ 4 ਮੁਰਦੇ। 5 ਆਸਰਾ, ਖਾਨਾ। 6 ਖਜ਼ਾਨਾਂ। 7 ਨਜ਼ਰ। 8 ਪਿਛਲੇ ਜਨਮਾਂ ਦਾ। 9 ਫਲ।



Digitized by Panjab Digital Library | www.panjabdigilib.org

ਸਭ ਕੁਛ ਉਸ ਪ੍ਰਭੂ ਦਾ ਹੀ ਹੈ ਤੇ ਉਹ ਸਭ ਕੁਛ ਕਰਨ ਦੀ ਤਾਕਤ ਰਖਦਾ ਹੈ। ਉਸ ਤੋਂ ਬਿਨਾਂ ਨ ਹੀ ਕੋਈ ਹੈ ਨ ਹੀ ਅਗੇ ਹੋਵੇਗਾ ।

ਜਪਿ ਜਨ ਸਦਾ ਸਦਾ ਦਿਨੁ ਰੈਣੀ[1] ॥
ਸਭ ਤੇ ਊਚ ਨਿਰਮਲ ਇਹ ਕਰਣੀ ॥

ਹੇ ਜੀਵ ਦਿਨ ਰਾਤ ਪ੍ਰਭੂ ਦਾ ਨਾਮ ਚੇਤੇ ਕਰ। ਸਭ ਕਰਨੀਆਂ ਵਿਚੋਂ ਇਹ ਉਚੀ ਤੇ ਨਿਰਮਲ ਕਰਨੀ ਹੈ

ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥
ਨਾਨਕ ਸੋ ਜਨੁ ਨਿਰਮਲ[2] ਥੀਆ ॥ ੭ ॥

ਪ੍ਰਭੂ ਨੇ ਜਿਸ ਜੀਵ ਤੇ ਮੇਹਰ ਕਰਕੇ ਆਪ ਦਾ ਨਾਮ ਬਖ਼ਸ਼ ਦਿਤਾ ਹੈ। ਸ੍ਰੀ ਗੁਰੂ ਜੀ ਆਖਦੇ ਹਨ ਉਹ ਜੀਵ ਪਵਿਤਰ ਹੋ ਜਾਂਦਾ ਹੈ ਤੇ ਇਸ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ । ਜਿਸ ਤੇ ਵਾਹਿਗੁਰੂ ਆਪ ਕ੍ਰਿਪਾ ਕਰਕੇ ਨਾਮ ਜਪਾਏ, ਉਸ ਨੂੰ ਮੁਕਤੀ ਮਿਲ ਜਾਂਦੀ ਹੈ ।

ਜਾ ਕੈ ਮਨਿ ਗੁਰ ਕੀ ਪਰਤੀਤਿ[3] ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ[4] ॥

ਜਿਸ ਜੀਵ ਦੇ ਦਿਲ ਵਿਚ ਸਤਿਗੁਰੂ ਤੇ ਪੂਰਾ ਯਕੀਨ ਬਝ ਜਾਂਦਾ ਹੈ। ਉਸ ਦੇ ਚਿਤ ਵਿਚ ਪ੍ਰਭੂ ਟਿਕ ਜਾਂਦਾ ਹੈ ।

---

[1] ਰਾਤ। [2] ਪਵਿਤ੍ਰ [3] ਸ਼ਰਧਾ, ਯਕੀਨ। [4] ਚਿਤ ਜਾਂ ਯਾਦ ਵਿਚ ।



Digitized by Panjab Digital Library | www.panjabdigilib.org

ਭਗਤੁ ਭਗਤੁ ਸੁਨੀਐ ਤਿਹੁ ਲੋਇ [1] ॥
ਜਾ ਕੈ ਹਿਰਦੈ ਏਕੋ ਹੋਇ ॥

ਜਿਸ ਦੇ ਦਿਲ ਵਿਚ ਪ੍ਰਭੂ ਵਸ ਜਾਵੇ। ਉਹ ਸਾਰੇ ਜਗਤ ਵਿਚ ਭਗਤ ਮਸ਼ਹੂਰ ਹੋ ਜਾਂਦਾ ਹੈ।

ਸਚੁ ਕਰਣੀ [2] ਸਚੁ ਤਾ ਕੀ ਰਹਤ [3] ॥
ਸਚੁ ਹਿਰਦੈ ਸਤਿ ਮੁਖਿ ਕਹਤ ॥

ਉਸ ਪ੍ਰਭੂ ਭਗਤ ਦਾ ਚਾਲ ਚਲਣ ਤੇ ਅਸੂਲ ਸਚ ਦੇ ਉਤੇ ਕਾਇਮ ਹਨ। ਉਸ ਦੇ ਦਿਲ ਵਿਚ ਭੀ ਸਚ ਹੈ ਤੇ ਉਹ ਮੂੰਹੋਂ ਭੀ ਸਚ ਬੋਲਦਾ ਹੈ।

ਸਾਚੀ ਦ੍ਰਿਸਟਿ [4] ਸਾਚਾ ਆਕਾਰੁ [5] ॥
ਸਚੁ ਵਰਤੈ ਸਾਚਾ ਪਾਸਾਰੁ [6] ॥

ਉਸ ਪ੍ਰਭੂ ਦੇ ਭਗਤ ਦੀ ਸਚੀ ਨਜ਼ਰ ਹੈ ਤੇ ਉਹ ਕਿਸੇ ਨੂੰ ਬੁਰੀ ਨਿਗਾਹ ਨਾਲ ਨਹੀਂ ਦੇਖਦਾ ਤੇ ਉਹ ਸਾਰੀ ਦੁਨੀਆਂ ਨੂੰ ਭੀ ਆਪਣੀ ਤਰ੍ਹਾਂ ਸਚਾ ਸਮਝਦਾ ਹੈ, ਉਹ ਸਭ ਵਿਚ ਸਚ ਵਰਤਾਂਦਾ ਹੈ ਤੇ ਹਰ ਥਾਂ ਸਚ ਹੀ ਫੈਲਾਂਦਾ ਹੈ।

ਪਾਰ ਬ੍ਰਹਮੁ ਜਿਨਿ ਸਚੁ ਕਰਿ ਜਾਤਾ ॥
ਨਾਨਕ ਸੋ ਜਨੁ ਸਚਿ ਸਮਾਤਾ ॥

ਜਿਨ੍ਹਾਂ ਜੀਵਾਂ ਨੇ ਪ੍ਰਭੂ ਨੂੰ ਸਚੇ ਦਿਲ ਨਾਲ ਪੂਰਾ ਮੰਨਿਆ ਹੈ ਤੇ ਯਕੀਨ ਰਖਿਆ ਹੈ। ਗੁਰੂ ਜੀ ਆਖਦੇ ਹਨ, ਉਹ ਸਚੇ ਪ੍ਰਭੂ ਵਿਚ ਸਮਾ ਜਾਂਦੇ ਹਨ।

---

1 ਤਿੰਨਾਂ ਲੋਕਾਂ ਜਾਂ ਸਾਰੇ ਜਗਤ ਵਿਚ। 2 ਅਮਲੀ ਜ਼ਿੰਦਗੀ। 3 ਅਸੂਲ। 4 ਨਜ਼ਰ। 5 ਦਿਖਦਾ ਜਗਤ। 4 ਫੈਲਾਨਾਂ।



Digitized by Panjab Digital Library | www.panjabdigilib.org

## ਸਲੋਕੁ ॥

ਰੂਪੁ [1] ਨ ਰੇਖ [2] ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ [3] ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ [4] ॥

ਪ੍ਰਭੂ ਦੀ ਨ ਹੀ ਕੋਈ ਸ਼ਕਲ ਹੈ, ਨ ਨਿਸ਼ਾਨ ਹੈ ਨ ਰੰਗ ਹੈ, ਪ੍ਰਭੂ ਦੁਨੀਆਂ ਤੇ ਤਿਨਾਂ ਗੁਨਾਂ ਤੋਂ ( ਰਾਜਸ, ਤਾਮਸ, ਸਾਤਵ, ) ਰਹਿਤ ਹੈ। ਸ੍ਰੀ ਗੁਰੂ ਜੀ ਆਖਦੇ ਹਨ, ਉਸੇ ਜੀਵ ਨੂੰ ਆਪਨੇ ਆਪ ਨੂੰ ਸਮਝਾਂਵਦਾ ਹੈ ਜਿਸ ਤੇ ਉਹ ਖ਼ੁਸ਼ ਹੋ ਜਾਂਦਾ ਹੈ।

### ਅਸਟਪਦੀ -

ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥
ਮਾਨੁਖ ਕੀ ਤੂ ਪ੍ਰੀਤਿ ਤਿਆਗੁ [5] ॥

ਹੇ ਬੰਦੇ ! ਅਪਨੇ ਦਿਲ ਵਿਚ ਨਾਸ ਹੋਣ ਤੋਂ ਰਹਿਤ ਪ੍ਰਭੂ ਨੂੰ ਯਾਦ ਕਰ ਤੇ ਇਨਸਾਨ ਦਾ ਪਿਆਰ ਦਿਲੋਂ ਹਟਾ ਦੇ ਕਿਉਂ ਜੋ ਪ੍ਰਭੂ ਸਚਾ ਹੈ ਤੇ ਇਨਸਾਨ ਦੀ ਮਹਬਤ ਝੂਠੀ ਹੈ।

---

1 ਸ਼ਕਲ। 2 ਚਿੰਨ, ਨਿਸ਼ਾਨ। 3 ਵਖਰਾ। 4 ਖ਼ੁਸ਼। 5 ਛੋੜ।



Digitized by Panjab Digital Library | www.panjabdigilib.org

ਤਿਸ ਤੇ ਪਰੈ ਨਾਹੀ ਕਿਛੁ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥

ਸਭ ਜੀਵਾਂ ਦੇ ਦਿਲਾਂ ਵਿਚ ਇਕੋ ਪ੍ਰਭੂ ਵਿਆਪਕ ਹੈ ਉਸ ਤੋਂ ਖ਼ਾਲੀ ਕੋਈ ਨਹੀਂ ।

ਆਪੇ ਬੀਨਾ[1] ਆਪੇ ਦਾਨਾ[2] ॥
ਗਹਿਰ[3] ਗੰਭੀਰੁ[4] ਗਹੀਰੁ[5] ਸੁਜਾਨਾ[6] ॥

ਪ੍ਰਭੂ ਬੜਾ ਉਚਾ, ਡੂੰਘਾ ਤੇ ਸਿਆਨਾ ਹੈ, ਆਪੇ ਹੀ ਉਹ ਜੀਵਾਂ ਦੇ ਦਿਲਾਂ ਦੀ ਖਾਹਿਸ਼ਾਂ ਜਾਂਣਦਾ ਤੇ ਬੁਝਦਾ ਹੈ ।

ਪਾਰ ਬ੍ਰਹਮ[7] ਪਰਮੇਸੁਰ[8] ਗੋਬਿੰਦ[9] ॥
ਕ੍ਰਿਪਾ ਨਿਧਾਨ[10] ਦਇਆਲ[11] ਬਖਸੰਦ[12] ॥
ਸਾਧ ਤੇਰੇ ਕੀ ਚਰਨੀ ਪਾਉ ॥
ਨਾਨਕ ਕੈ ਮਨਿ ਇਹੁ ਅਨਰਾਉ[13] ॥ ੧ ॥

ਹੇ ਪਿਆਰੇ ਪ੍ਰਭੂ ਜੀ ! ਸਭ ਦੇ ਮਾਲਕ ਪ੍ਰਿਥਵੀ ਦੇ ਪਾਲਕ ਕਿਰਪਾਲੂ, ਦਿਆਲੂ ਤੇ ਬਖਸ਼ਨਹਾਰ ਪ੍ਰਭੂ ਜੀ ! ਗੁਰੂ ਜੀ ਆਖਦੇ ਹਨ ਕਿ ਮੇਰੀ ਇਹ ਹੀ ਤਾਂਘ ਹੈ ਕਿ ਮੈਂ ਤੇਰੇ ਸਾਧਾਂ ਦੇ ਚਰਨੀ ਪਵਾਂ ।

---

[1] ਵੇਖਨ ਵਾਲਾ । [2] ਜਾਨਣ ਵਾਲਾ । [3] ਗਹਿਰਾ, ਡੂੰਘਾ । [4] ਵਡਾ । [5] ਸਿਆਨਾ । [6] ਬੜਾ । [7] ਪ੍ਰਭੂ । [8] ਪ੍ਰਭੂ । [9] ਵਡੇ ਮਾਲਕ । [10] ਪਰਿਥਵੀ ਦੇ ਮਾਲਕ । [11] ਦਇਆ ਕਰਨ ਵਾਲੇ । [12] ਬਖਸ਼ਨਹਾਰ । [13] ਤਾਂਘ, ਖਿੜ ।



Digitized by Panjab Digital Library | www.panjabdigilib.org

ਮਨਸਾ[1] ਪੂਰਨ[2] ਸਰਨਾ[3] ਜੋਗ ॥
ਜੋ ਕਰਿ[4] ਪਾਇਆ ਸੋਈ ਹੋਗੁ[5] ॥

ਪ੍ਰਭੂ ਜੀਵਾਂ ਦੀ ਖਾਇਸ਼ਾਂ ਪੂਰੀਆਂ ਕਰਦਾ ਹੈ ਤੇ ਜੋ ਉਸ ਦੀ ਸ਼ਰਨ ਲੈਂਦੇ ਹਨ ਉਨ੍ਹਾਂ ਦੀ ਸਹੈਤਾ ਕਰਦਾ ਹੈ। ਜੋ ਕੁਛ ਪ੍ਰਭੂ ਨੇ ਜੀਵ ਦੀ ਹਥ (ਕਿਸਮਤ) ਵਿਚ ਲਿਖ ਦਿਤਾ ਹੈ ਉਹੀ ਹੋਵੇਗਾ।

ਹਰਨ[6] ਭਰਨ[7] ਜਾ ਕਾ ਨੇਤ੍ਰ ਫੋਰੁ[8] ॥
ਤਿਸ ਕਾ ਮੰਤ੍ਰ[9] ਨ ਜਾਨੈ ਹੋਰੁ ॥

ਜੋ ਅਖ ਫੁਰਕਨ ਦੀ ਦੇਰ (ਇਕ ਸੈਕਿੰਡ) ਵਿਚ ਦੁਨੀਆਂ ਨੂੰ ਪੈਦਾ ਕਰ ਜਾਂ ਮਾਰ ਸਕਦਾ ਹੈ। ਉਸ ਦੇ ਭੇਦ ਨੂੰ ਕੋਈ ਨਹੀਂ ਜਾਨ ਸਕਦਾ। ਜੋਤਸ਼ੀ ਜੋ ਦਸਦੇ ਹਨ ਇਹ ਸਭ ਝੂਠ ਹੈ।

ਅਨਦ ਰੂਪ ਮੰਗਲ ਸਦ ਜਾ ਕੈ ॥
ਸਰਬ ਥੋਕ[10] ਸੁਨੀਅਹਿ ਘਰਿ ਤਾ ਕੈ ॥

ਪ੍ਰਭੂ ਸਦਾ ਖੁਸ਼ ਰਹਿੰਦਾ ਤੇ ਉਸ ਦੇ ਘਰ ਹਮੇਸ਼ਾਂ ਖੁਸ਼ੀਆਂ ਰਹਿੰਦੀਆਂ ਹਨ। ਸੁਣਿਆ ਜਾਂਦਾ ਹੈ ਜੋ ਉਸਦੇ ਘਰ ਜਗਤ ਦੇ ਸਾਰੇ ਪਦਾਰਥ ਮੌਜੂਦ ਹਨ।

ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥
ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥

---

[1] ਖਾਇਸ਼, ਵਾਸ਼ਨਾ। [2] ਪੂਰੀ ਕਰਨ ਵਾਲਾ। [3] ਸ਼ਰਨ ਆਏ ਦੀ ਸਹਾਇਤਾ ਕਰਨ ਜੋਗ। [4] ਹਥ। [5] ਹੋਵੇਗਾ। [6] ਨਾਸ ਕਰਨਾ। [7] ਪਾਲਨਾ। [8] ਅਖ ਦਾ ਫੁਰਨਾ। [6] ਭੇਦ। [10] ਪਦਾਰਥ।



Digitized by Panjab Digital Library | www.panjabdigilib.org

ਪ੍ਰਭੂ ਰਾਜਿਆਂ ਵਿਚ ਰਾਜਾ ਹੈ, ਜੋਗੀਆਂ ਵਿਚ ਜੋਗੀ ਹੈ, ਤਪ ਕਰਨ ਵਾਲਿਆਂ ਵਿਚ ਤਪ ਕਰਨ ਵਾਲਾ ਬਣ ਜਾਂਦਾ ਹੈ ਤੇ ਗ੍ਰਹਸਤੀਆਂ ਵਿਚ ਗ੍ਰਹਸਤੀ ਹੈ।

ਧਿਆਇ [1] ਧਿਆਇ ਭਗਤਹ ਸੁਖੁ ਪਾਇਆ ॥
ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥੨॥

ਭਗਤ ਉਸ ਪ੍ਰਭੂ ਨੂੰ ਸਿਮਰ ੨ ਕੇ ਸੁਖ ਪਾਂਦੇ ਹਨ। ਗੁਰੂ ਜੀ ਆਖਦੇ ਹਨ ਉਸ ਵਾਹਿਗੁਰੂ ਦਾ ਕਿਸੇ ਜੀਵ ਨੇ ਅੰਤ ਨਹੀਂ ਪਾਇਆ।

ਜਾ ਕੀ ਲੀਲਾ [2] ਕੀ ਮਿਤਿ [3] ਨਾਹਿ ॥
ਸਗਲ ਦੇਵ [4] ਹਾਰੇ ਅਵਗਾਹਿ [5] ॥

ਪ੍ਰਭੂ ਦੇ ਜਗਤ ਰੂਪੀ ਖੇਲ ਦਾ ਕੋਈ ਅੰਦਾਜ਼ਾ ਨਹੀਂ ਲਗ ਸਕਦਾ ਸਾਰੇ ਦੇਵਤੇ ਉਸ ਪ੍ਰਭੂ ਨੂੰ ਢੂੰਢ ੨ ਕੇ ਥਕ ਗਏ ਹਨ।

ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
ਸਗਲ ਪਰੋਈ ਅਪੁਨੈ ਸੂਤਿ ॥

ਜਿਸ ਤਰ੍ਹਾਂ ਪੁਤਰ ਬਾਪ ਦੇ ਜਨਮ ਦੇ ਮੁਤਲਿਕ ਕੁਛ ਨਹੀਂ ਜਾਣਦਾ ਤਿਵੇਂ ਜੀਵ ਜਗਤ ਪਿਤਾ ਪ੍ਰਭੂ ਦੇ ਭੇਦ ਨਹੀਂ ਜਾਣਦਾ। ਸਾਰੀ ਦੁਨੀਆਂ ਪ੍ਰਭੂ ਨੇ ਆਪਣੇ ਹੁਕਮ ਦੇ ਧਾਗੇ ਵਿਚ ਪਰੋ ਰਖੀ ਹੈ।

ਸੁਮਤਿ [6] ਗਿਆਨੁ [7] ਧਿਆਨੁ [8] ਜਿਨ ਦੇਇ ॥
ਜਨ ਦਾਸ ਨਾਮੁ ਧਿਆਵਹਿ ਸੇਇ ॥

---

[1] ਸਿਮਰਨਾ, ਯਾਦ ਕਰਨਾ। [2] ਜਗਤ ਖੇਲ। [3] ਅੰਦਾਜ਼ਾ। [4] ਦੇਵਤੇ। [5] ਢੂੰਢਣਾ। [6] ਚੰਗੀ ਮਤ। [7] ਉਚੀ ਮਤ। [8] ਪ੍ਰਭੂ ਚਰਨਾਂ ਵਿਚ ਸੁਰਤ ਜੋੜਨਾ।



Digitized by Panjab Digital Library | www.panjabdigilib.org

ਜਿਨ੍ਹਾਂ ਜੀਵਾਂ ਨੂੰ ਪ੍ਰਭੂ ਚੰਗੀ ਮਤ, ਉਚੀ ਸਮਝ, ਪ੍ਰਭੂ ਚਰਨਾਂ ਵਿਚ ਸੁਰਤ ਜੋੜਨ ਦੀ ਦਾਤ ਬਖਸ਼ਦਾ ਹੈ, ਉਹੀ ਗੁਰਮੁਖ ਪਰਭੂ ਦੇ ਨਾਉਂ ਨੂੰ ਸਿਮਰ ਸਕਦੇ ਹਨ।

ਤਿਹੁ[1] ਗੁਣ ਮਹਿ ਜਾ ਕਉ ਭਰਮਾਏ[2] ॥
ਜਨਮਿ ਮਰੈ ਫਿਰਿ ਆਵੈ ਜਾਏ ॥

ਪਰਭੂ ਜਿਨ੍ਹਾਂ ਜੀਵਾਂ ਨੂੰ ਦੁਨੀਆਂ ਤੇ ਤਿਨਾਂ ਗੁਨਾਂ (ਸਤੋ, ਰਜੋ, ਤਮੋ) ਗੁਨਾਂ ਵਿਚ ਪਾ ਦੇਂਦਾ ਹੈ, ਉਹ ਫਿਰ ੨ ਜੰਮਦੇ ਤੇ ਮਰਦੇ ਰਹਿੰਦੇ ਹਨ।

ਊਚ ਨੀਚ ਤਿਸ ਕੇ ਅਸਥਾਨ ॥
ਜੈਸਾ ਜਨਾਵੈ ਤੈਸਾ ਨਾਨਕ ਜਾਨ ॥ ੩ ॥

ਉਚੇ ਤੇ ਨੀਵੇਂ ਜੀਵ, ਪਰਮਾਤਮਾਂ ਦੇ ਨਾਂ ਵਿਚ ਮਸਤ ਤੇ ਦੁਨਯਾਵੀ ਤਿਨ ਗੁਨਾਂ ਵਿਚ ਡੁਬੇ ਹੋਏ ਜੀਵ ਸਭ ਉਸ ਪ੍ਰਭੂ ਦੇ ਬਨਾਏ ਹੋਏ ਹੀ ਜੀਵ ਹਨ। ਗੁਰੂ ਜੀ ਆਖਦੇ ਹਨ ਪਰਭੂ ਜੇਹੋ ਜੇਹੀ ਅਕਲ ਦੇਂਦਾ ਹੈ ਉਸੇ ਤਰ੍ਹਾਂ ਦੀ ਸਮਝ ਨਾਲ ਜੀਵ ਪਰਭੂ ਨੂੰ ਜਾਣਨ ਲਗ ਪੈਂਦਾ ਹੈ।

ਨਾਨਾ[3] ਰੂਪ ਨਾਨਾ ਜਾ ਕੇ ਰੰਗ ॥
ਨਾਨਾ ਭੇਖ[4] ਕਰਹਿ ਇਕ ਰੰਗ ॥

ਹੇ ਦਾਤਾਰ ਜੀਉ! ਤੇਰੇ ਬੇਅੰਤ ਰੂਪ ਤੇ ਬੇਅੰਤ ਰੰਗ ਹਨ, ਤੂੰ ਬੇਅੰਤ ਭੇਸ ਬਨਾਂਦਾ ਹੈਂ ਤੇ ਫਿਰ ਭੀ ਇਕੋ ਤਰ੍ਹਾਂ ਦਾ ਹੈਂ।

---

[1] ਮਾਇਆ ਦੇ ਤਿੰਨ ਗੁਨ। [2] ਭਟਕਾਂਦਾ ਹੈ। [3] ਅਨੇਕ। [4] ਭੇਸ।



Digitized by Panjab Digital Library | www.panjabdigilib.org

ਨਾਨਾ ਬਿਧ[1] ਕੀਨੋ ਬਿਸਥਾਰੁ[2] ॥

ਪ੍ਰਭੁ ਅਬਿਨਾਸੀ ਏਕੰਕਾਰੁ ॥

ਪ੍ਰਭੂ ਨੇ ਅਨੇਕਾਂ ਤਰੀਕਿਆਂ ਨਾਲ ਦੁਨੀਆਂ ਦਾ ਪਸਾਰਾ ਕੀਤਾ ਹੈ। ਉਹ ਪਰਭੂ ਨਾਸ ਹੋਣ ਤੋਂ ਰਹਿਤ ਹੈ ਤੇ ਸਭ ਥਾਈਂ ਇਕ ਆਪ ਹੀ ਆਪ ਹੈ।

ਨਾਨਾ ਚਲਤਿ[3] ਕਰੇ ਖਿਨ[4] ਮਾਹਿ ॥

ਪੂਰਿ ਰਹਿਓ ਪੂਰਨੁ ਸਭ ਠਾਇ ॥

ਪਰਭੂ ਇਕ ਸੈਕਿੰਡ ਵਿਚ ਬੇਅੰਤ ਤਰ੍ਹਾਂ ਦੇ ਤਮਾਸ਼ੇ ਕਰਦਾ ਹੈ। ਉਹ ਪੂਰਨ ਪਰਭੂ ਸਭ ਜਗਾਂ ਤੇ ਮੌਜੂਦ ਹੈ।

ਨਾਨਾ ਬਿਧਿ ਕਰਿ ਬਨਤ ਬਨਾਈ ॥

ਅਪਨੀ ਕੀਮਤਿ ਆਪੇ ਪਾਈ ॥

ਪਰਭੂ ਨੇ ਆਪਣੀ ਦੁਨੀਆਂ ਨੂੰ ਬੇਅੰਤ ਤਰੀਕਿਆਂ ਨਾਲ ਰਚਿਆ ਹੈ। ਉਹ ਆਪਦੀ ਬਨਾਈ ਹੋਈ ਦੁਨੀਆ ਦਾ ਮੁਲ ਆਪ ਹੀ ਪਾ ਸਕਦਾ ਹੈ।

ਸਭ ਘਟ[5] ਤਿਸ ਕੇ ਸਭ ਤਿਸ ਕੇ ਠਾਉ[6] ॥

ਜਪਿ ਜਪਿ ਜੀਵੈ ਨਾਨਕ ਹਰਿ ਨਾਉ॥ ੪ ॥

ਇਹ ਸਾਰੇ ਸਰੀਰ ਪਰਭੂ ਦੇ ਬਨਾਏ ਹੋਏ ਹਨ ਤੇ ਇਹ ਸਾਰੇ ਅਸਥਾਨ ਉਸਦੇ ਬਨਾਏ ਹੋਏ ਹਨ। ਗੁਰੂ ਜੀ ਆਖਦੇ ਹਨ ਗੁਰਮੁਖ ਪਰਭੂ ਦਾ ਨਾਮ ਲੈਕੇ ਹੀ ਜੀਂਦੇ ਹਨ।

---

1 ਤਰੀਕੇ। 5 ਪਸਾਰਾ। 3 ਤਮਾਸ਼ੇ। 4 ਘੜੀ। 5 ਸਰੀਰ।
6 ਅਸਥਾਨ, ਰਹਿਨ ਦੀ ਜਗਾ।



Digitized by Panjab Digital Library | www.panjabdigilib.org

ਨਾਮ ਕੇ ਧਾਰੇ[1] ਸਗਲੇ ਜੰਤ ॥
ਨਾਮ ਕੇ ਧਾਰੇ ਖੰਡ[2] ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੈ ਧਾਰੇ ਪੁਰੀਆ[3] ਸਭ ਭਵਨ[4] ॥
ਨਾਮ ਕੈ ਸੰਗਿ ਉਧਰੇ[5] ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ[6] ਪਦ ਮਹਿ ਸੋ ਜਨ ਗਤਿ ਪਾਇ॥੫॥

ਪ੍ਰਭੂ ਦੇ ਨਾਮ ਦੇ ਆਸਰੇ ਸਾਰੇ ਜੀਆ ਜੰਤ ਉਤਪਤ ਹੋਏ ਹਨ। ਇਹ ਸਾਰੇ ਜ਼ਮੀਨ ਦੇ ਹਿਸੇ ਪ੍ਰਭੂ ਨਾਮ ਦੇ ਆਸਰੇ ਬਨੇ ਹੋਏ ਹਨ। ਸਿਮ੍ਰਿਤੀਆਂ, ਵੇਦ ਤੇ ਪੁਰਾਨ ਪਰਭੂ ਦੇ ਨਾਮ ਦੇ ਆਸਰੇ ਤੇ ਹਨ, ਤੇ ਪਰਭੂ ਦੇ ਨਾਮ ਦੇ ਆਸਰੇ ਹੀ ਵਾਹਿਗੁਰੂ ਦਾ ਨਾਮ ਸੁਣਦੇ ਹਨ। ਉਨ੍ਹਾਂ ਨੂੰ ਗਿਆਨ ਹੁੰਦਾ ਹੈ ਤੇ ਉਹ ਪਰਭੂ ਨਾਲ ਸੁਰਤ ਜੋੜਦੇ ਹਨ ਪਰਭੂ ਦੇ ਆਸਰੇ ਦੇ ਨਾਲ ਹੀ ਅਸਮਾਨ ਤੇ ਪਤਾਲ ਖੜੇ ਹਨ, ਪ੍ਰਭੂ ਦੇ ਨਾਮ ਦੇ ਆਸਰੇ ਹੀ ਜੋ ਦੁਨੀਆਂ ਵਿਚ ਸ਼ਕਲਾਂ ਨਜ਼ਰ ਆ ਰਹੀਆਂ ਹਨ ਇਹ ਬਨੀਆਂ ਹਨ। ਪ੍ਰਭੂ ਨਾਮ ਦੇ ਸਹਾਰੇ ਹੀ ਸਾਰੇ ਸ਼ਹਿਰ ਤੇ ਲੋਕ ਆਬਾਦ ਹਨ। ਪ੍ਰਭੂ ਦਾ ਨਾਮ ਕੰਨਾਂ ਨਾਲ ਸੁਣ ਕੇ ਦੁਨੀਆਂ

---

[1] ਆਸਰੇ। [2] ਜ਼ਮੀਨ ਦੇ ਹਿਸੇ। [3] ਸ਼ਹਿਰ। [4] ਲੋਕ। [5] ਤਰ ਜਾਂਦੇ ਹਨ। [6] ਚੌਥਾ ਦਰਜਾ, ਮੁਕਤੀ।



Digitized by Panjab Digital Library | www.panjabdigilib.org

ਤਰ ਜਾਂਦੀ ਹੈ। ਪ੍ਰਭੂ ਜਿਸ ਤੇ ਹੀ ਮੇਹਰ ਕਰਦਾ ਹੈ ਤੇ ਆਪਣਾ ਨਾਮ ਜਪਣ ਵਿਚ ਲਗਾ ਦੇਂਦਾ ਹੈ। ਗੁਰੂ ਜੀ ਆਖਦੇ ਹਨ ਉਹ ਭਾਗਾਂ ਵਾਲਾ ਜੀਵ ਮੁਕਤੀ ਪਾ ਲੈਂਦਾ ਹੈ।

ਰੂਪੁ ਸਤਿ[1] ਜਾ ਕਾ ਸਤਿ ਅਸਥਾਨੁ ॥
ਪੁਰਖੁ[2] ਸਤਿ ਕੇਵਲ ਪਰਧਾਨੁ[3] ॥

ਪ੍ਰਭੂ ਦਾ ਰੂਪ ਸਦਾ ਇਕ ਜੈਸਾ ਰਹਿਣ ਵਾਲਾ ਹੈ ਤੇ ਉਸਦਾ ਟਿਕਾਨਾ ਭੀ ਸਚਾ ਹੈ। ਉਸਦੀ ਹਸਤੀ ਭੀ ਸਚੀ ਹੈ ਤੇ ਸਿਰਫ ਪ੍ਰਭੂ ਹੀ ਸਭ ਤੋਂ ਉਚਾ ਹੈ।

ਕਰਤੂਤਿ[4] ਸਤਿ ਸਤਿ ਜਾ ਕੀ ਬਾਣੀ ॥
ਸਤਿ ਪੁਰਖ ਸਭ ਮਾਹਿ ਸਮਾਣੀ ॥

ਉਸ ਪ੍ਰਭੂ ਦੇ ਕੰਮ ਸਚੇ ਹਨ ਤੇ ਉਸਦੀ ਬਾਣੀ ਭੀ ਸਚੀ ਹੈ। ਉਸ ਪ੍ਰਭੂ ਦੀ ਜ਼ਾਤ ਭੀ ਸਚੀ ਹੈ, ਤੇ ਉਹ ਸਚਾ ਪ੍ਰਭੂ ਸਭ ਵਿਚ ਸਮਾ ਰਿਹਾ ਹੈ।

ਸਤਿ ਕਰਮੁ[5] ਜਾ ਕੀ ਰਚਨਾ ਸਤਿ ॥
ਮੂਲੁ ਸਤਿ ਸਤਿ ਉਤਪਤਿ ॥

ਉਸ ਪ੍ਰਭੂ ਦੀ ਬਖਸ਼ਿਸ਼ ਭੀ ਸਚੀ ਹੈ, ਤੇ ਉਸ ਦੀ ਰਚੀ ਹੋਈ ਦੁਨੀਆਂ ਭੀ ਸਚੀ ਹੈ। ਉਹ ਪ੍ਰਭੂ ਆਪ ਭੀ ਸਚਾ ਅਸਥਿਰ ਹੈ ਤੇ ਉਸ ਦੀ ਪੈਦਾਇਸ਼ ਭੀ ਸਚੀ ਹੈ।

---

[1] ਸਚਾ, ਸਦਾ ਇਕ ਜੈਸਾ ਰਹਿਨ ਵਾਲਾ ਅਟਲ। [2] ਹਸਤੀ [3] ਸਭ ਤੋਂ ਵਡਾ, ਪਰੈਜ਼ੀਡੈਂਟ। [4] ਕੰਮ। [5] ਬਖਸ਼ਿਸ਼।



Digitized by Panjab Digital Library | www.panjabdigilib.org

ਸਤਿ ਕਰਣੀ[1] ਨਿਰਮਲ[2] ਨਿਰਮਲੀ ॥
ਜਿਸਹਿ ਬੁਝਾਏ ਤਿਸਹਿ ਸਭ ਭਲੀ ॥

ਉਸ ਪ੍ਰਭੂ ਦੀ ਰਜ਼ਾ ਭੀ ਮਹਾਂ ਪਵਿੱਤਰ ਹੈ । ਜਿਸ ਨੂੰ ਹੀ ਆਪਣੀ ਰਜ਼ਾ ਦੀ ਸਮਝ ਬਖਸ਼ਦਾ ਹੈ ਉਸ ਨੂੰ ਪਰਭੂ ਦੇ ਸਾਰੇ ਕੰਮ ਕੀਤੇ ਹੋਏ ਭਲੇ ਲਗਦੇ ਹਨ ।

ਸਤਿ ਨਾਮੁ ਪ੍ਰਭ ਕਾ ਸੁਖ ਦਾਈ ॥
ਬਿਸ੍ਵਾਸ[3] ਸਤਿ ਨਾਨਕ ਗੁਰ ਤੇ ਪਾਈ ॥ ੬ ॥

ਉਸ ਪ੍ਰਭੂ ਦਾ ਨਾਮ ਸਚਾ ਹੈ ਤੇ ਜੋ ਜੀਵ ਇਸ ਸਚੇ ਨਾਮ ਨੂੰ ਜਪਦੇ ਹਨ, ਉਨ੍ਹਾਂ ਨੂੰ ਸੁਖ ਹੁੰਦਾ ਹੈ । ਗੁਰੂ ਜੀ ਕਹਿੰਦੇ ਹਨ ਇਹ ਅਟਲ ਯਕੀਨ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ ।

ਸਤਿ ਬਚਨ[4] ਸਾਧੂ ਉਪਦੇਸੁ ॥
ਸਤਿ ਤੇ[5] ਜਨ[6] ਜਾ ਕੈ ਰਿਦੈ ਪ੍ਰਵੇਸ ॥

ਸਾਧੂਆਂ ਦੇ ਉਪਦੇਸ਼ ਉਸ ਪ੍ਰਭੂ ਦੇ ਸਚੇ ਉਪਦੇਸ਼ ਹਨ, ਜਿਨ੍ਹਾਂ ਜੀਵਾਂ ਦੇ ਹਿਰਦੇ ਵਿਚ ਉਨ੍ਹਾਂ ਸਾਧੂਆਂ ਦੇ ਉਪਦੇਸ਼ਾਂ ਦਾ ਪਰਵੇਸ਼ ਹੋ ਜਾਂਦਾ ਹੈ ਉਹ ਜੀਵ ਭੀ ਸਚੇ ਹੋ ਜਾਂਦੇ ਹਨ ਤੇ ਇਸ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ ।

ਸਤਿ ਨਿਰਤਿ[7] ਬੂਝੈ ਜੇ ਕੋਇ ॥
ਨਾਮ ਜਪਤ ਤਾਕੀ ਗਤ ਹੋਇ ॥

---

[1] ਰਜ਼ਾ ਮਰਜ਼ੀ । [2] ਪਵਿਤ੍ਰ । [3] ਵਿਸ਼ਵਾਸ਼, ਯਕੀਨ । [4] ਬੋਲ । [5] ਉਹ । [6] ਜੀਵ । [7] ਪਿਆਰ ।



Digitized by Panjab Digital Library | www.panjabdigilib.org

ਜੇ ਕੋਈ ਜੀਵ ਸਚੇ ਪ੍ਰਭੂ ਨਾਲ ਸਚਾ ਪਿਅਰ ਪਾ ਲਵੇ । ਤਾਂ ਨਾਮ ਜਪਕੇ ਉਸ ਜੀਵ ਦੀ ਮੁਕਤੀ ਹੋ ਜਾਂਦੀ ਹੈ।

ਆਪਿ ਸਤਿ ਕੀਆ ਸਭੁ ਸਤਿ ॥
ਆਪੇ ਜਾਨੈ ਅਪਨੀ ਮਿਤਿ [1] ਗਤਿ [2] ॥

ਪ੍ਰਭੂ ਆਪ ਭੀ ਸਚਾ ਹੈ ਤੇ ਜੋ ਕੁਛ ਉਸ ਨੇ ਬਨਾਇਆ ਹੈ ਉਹ ਸਭ ਕੁਛ ਮੁਕਮਲ ਬਨਾਇਆ ਹੈ । ਪ੍ਰਭੂ ਆਪਣਾ ਅੰਦਾਜ਼ਾ ਤੇ ਆਪਨੀ ਹਾਲਤ ਦਾ ਪਤਾ ਉਹ ਆਪ ਹੀ ਲਗਾ ਸਕਦਾ ਹੈ ।

ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥
ਅਵਰ ਨ ਬੂਝਿ ਕਰਤ ਬੀਚਾਰੁ ॥

ਜਿਸ ਪਰਭੂ ਨੇ ਇਹ ਦੁਨੀਆਂ ਬਨਾਈ ਹੈ, ਉਹ ਆਪ ਹੀ ਇਸ ਦਾ ਮਾਲਕ ਹੈ, ਹੇ ਜੀਵ । ਤੂੰ ਕਿਸੇ ਹੋਰ ਨੂੰ ਇਸ ਦੁਨੀਆਂ ਦੇ ਬਨਾਣ ਵਾਲਾ ਖਿਆਲ ਨ ਕਰ। ਉਸੇ ਪਰਭੂ ਤੇ ਯਕੀਨ ਰਖ, ਬਾਕੀ ਸਭ ਉਸਦੇ ਮੰਗਤੇ ਹਨ ।

ਕਰਤੇ ਕੀ ਮਿਤਿ ਨ ਜਾਨੈ ਕੀਆ ॥
ਨਾਨਕ ਜੋ ਤਿਸੁ ਭਾਵੈ ਸੋ ਵਰਤੀਆ [3] ॥ ੭ ॥

ਉਹ ਪਰਭੂ ਦਾ ਪੈਦਾ ਕੀਤਾ ਹੋਇਆ ਬੰਦਾ, ਉਸ ਪੈਦਾ ਕਰਨ ਵਾਲੇ ਪਰਭੂ ਦੇ ਭੇਦ ਨਹੀਂ ਜਾਣ ਸਕਦਾ । ਗੁਰੂ ਜੀ ਆਖਦੇ ਹਨ, ਜੋ ਕੁਛ ਉਸ ਪਰਭੂ ਨੂੰ ਚੰਗਾ ਲਗਦਾ ਹੈ, ਉਹੀ ਹੁੰਦਾ ਹੈ ।

---

[1] ਮਿਨਤੀ । [2] ਹਾਲਤ । [3] ਹੁੰਦਾ ਹੈ ।



Digitized by Panjab Digital Library | www.panjabdigilib.org

ਬਿਸਮਨ[1] ਬਿਸਮ ਭਏ ਬਿਸਮਾਦ ॥
ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥

ਜਿਸ ੨ ਮਨੁਖ ਨੇ ਪਰਭੂ ਨੂੰ ਅਸਲੀ ਤੌਰ ਤੇ ਸਮਝਿਆ ਹੈ ਉਸੇ ੨ ਨੂੰ ਪਰਭੂ ਨਾਮ ਦੀ ਲਜ਼ਤ ਆਈ ਹੈ। ਉਸ ਪਰਭੂ ਦੇ ਨਾਮ ਨੂੰ ਜਪਕੇ ਤੇ ਪਾ ਕੇ ਜੀਵ ਹੈਰਾਨ ਪਰੇਸ਼ਾਨ ਹੋ ਗਏ ਹਨ।

ਪ੍ਰਭ ਕੈ ਰੰਗਿ ਰਾਚਿ[2] ਜਨ ਰਹੈ ॥
ਗੁਰ ਕੈ ਬਚਨ ਪਦਾਰਥ ਲਹੈ ॥

ਪਰਭੂ ਦੇ ਦਾਸ ਪਰਭੂ ਦੇ ਪਿਆਰ ਵਿਚ ਮਸਤ ਰਹਿੰਦੇ ਹਨ, ਉਹ ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਹਨਾਂ ਨੂੰ ਪਰਭੂ ਨਾਮ ਜੇਹੀ ਚੀਜ਼ ਮਿਲ ਜਾਂਦੀ ਹੈ।

ਓਇ ਦਾਤੇ ਦੁਖ ਕਾਟਨ ਹਾਰ ॥
ਜਾਕੈ ਸੰਗਿ ਤਰੈ ਸੰਸਾਰ ॥

ਉਹ ਗੁਰਮੁਖ ਪਰਭੂ ਦਾ ਨਾਮ ਵਰਤਾਂਦੇ ਹਨ ਤੇ ਦੁਨੀਆਂ ਦਾ ਦੁਖ ਕਟਦੇ ਹਨ। ਉਹਨਾਂ ਦੀ ਸੰਗਤ ਵਿਚ ਸਾਰੀ ਦੁਨੀਆਂ ਤਰ ਜਾਂਦੀ ਹੈ।

ਜਨਕਾ ਸੇਵਕੁ ਸੋ ਵਡਭਾਗੀ ॥
ਜਨ ਕੈ ਸੰਗਿ ਏਕ ਲਿਵ ਲਾਗੀ ॥

ਇਹੋ ਜਿਹੇ ਗੁਰਮੁਖਾਂ ਦੀ ਜੋ ਟਹਿਲ ਸੇਵਾ ਕਰਦੇ ਹਨ ਉਹ ਵਡੇ ਭਾਗਾਂ ਵਾਲੇ ਹਨ। ਉਹਨਾਂ ਗੁਰਮੁਖਾਂ ਦੀ ਸੁਸਾਇਟੀ ਵਿਚ ਸਿਰਫ ਇਕ ਵਾਹਿਗੁਰੂ ਨਾਲ ਮੁਹਬਤ ਤੇ ਪਿਆਰ ਪੈ ਜਾਂਦਾ ਹੈ।

---

[1] ਅਸਚਰਜ। [2] ਮਸਤ।



Digitized by Panjab Digital Library | www.panjabdigilib.org

ਗੁਨ ਗੋਬਿੰਦ ਕੀਰਤਨੁ ਜਨੁ ਗਾਵੈ ॥
ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥ ੮ ॥ ੧੬ ॥

ਗੁਰੂ ਦਾ ਸੇਵਕ ਕੇਵਲ ਪਰਭੂ ਦੇ ਹੀ ਗੁਨ ਗਾਂਦਾ ਤੇ ਉਸ ਪਰਭੂ ਦਾ ਕੀਰਤਨ ਕਰਦਾ ਹੈ । ਗੁਰੂ ਜੀ ਆਖਦੇ ਹਨ ਕਿ ਉਹ ਗੁਰਮੁਖ ਗੁਰਾਂ ਦੀ ਕਿਰਪਾ ਨਾਲ ਪਰਭੂ ਦੇ ਨਾਮ ਦਾ ਫਲ ਪਾਂਦੇ ਹਨ।



Digitized by Panjab Digital Library | www.panjabdigilib.org

# ਸਲੋਕੁ ॥

ਆਦਿ[1] ਸਚੁ ਜੁਗਾਦਿ[2] ਸਚੁ ॥
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥

ਪ੍ਰਭੂ ਦੁਨੀਆਂ ਦੀ ਉਤਪਤੀ ਤੋਂ ਪਹਿਲਾਂ ਭੀ ਸਚਾ ਸੀ, ਦੁਨੀਆਂ ਦੀ ਉਤਪਤੀ ਹੋਣ ਤੇ ਸਚਾ ਸੀ, ਹੁਣ ਭੀ ਸਚਾ ਹੈ ਤੇ ਗੁਰੂ ਜੀ ਕਹਿੰਦੇ ਹਨ ਕਿ ਅਗੇ ਭੀ ਸਚਾ ਹੋਵੇਗਾ ।

## ਅਸਟਪਦੀ

ਚਰਨ ਸਤਿ ਸਤਿ ਪਰਸਨ[3] ਹਾਰ ॥
ਪੂਜਾ ਸਤਿ ਸਤਿ ਸੇਵਦਾਰ[4] ॥

ਪ੍ਰਭੂ ਦੇ ਚਰਨ ਭੀ ਸਚੇ ਹਨ ਤੇ ਉਨ੍ਹਾਂ ਨੂੰ ਛੋਹਨ ਵਾਲਾ ਗੁਰਮੁਖ ਭੀ ਸਚਾ ਹੈ। ਉਸ ਪਰਭੂ ਦੀ ਪੂਜਾ ਭੀ ਸਚੀ ਹੈ, ਉਸ ਪ੍ਰਭੂ ਦੀ ਸੇਵਾ ਕਰਨ ਵਾਲਾ ਭੀ ਸਚਾ ਹੈ ।

---

[1] ਸ਼ੁਰੂ । [2] ਦੁਨੀਆਂ ਦੀ ਉਤਪਤੀ ਹੋਨ ਤੇ । [3] ਛੂਨ ਵਾਲਾ । [4] ਸੇਵਾ ਕਰਨ ਵਾਲਾ ।



Digitized by Panjab Digital Library | www.panjabdigilib.org

ਦਰਸਨੁ ਸਤਿ ਸਤਿ ਪੇਖਨਹਾਰ[1] ॥
ਨਾਮੁ ਸਤਿ ਧਿਆਵਨਹਾਰ[2] ॥

ਪ੍ਰਭੂ ਦੇ ਦਰਸ਼ਨ ਸਚੇ ਹਨ ਤੇ ਉਹ ਗੁਰਮੁਖ ਜੋ ਪ੍ਰਭੂ ਦੇ ਦਰਸ਼ਨ ਕਰਦੇ ਹਨ, ਉਹ ਭੀ ਸਚੇ ਹੋ ਜਾਂਦੇ ਹਨ। ਉਸ ਪ੍ਰਭੂ ਦਾ ਨਾਮ ਸਚਾ ਹੈ, ਉਸੇ ਸਚੇ ਪ੍ਰਭੂ ਦੇ ਸਚੇ ਨਾਮ ਦਾ ਜਪਨ ਵਾਲਾ ਭੀ ਸਚਾ ਹੋ ਜਾਂਦਾ ਹੈ।

ਆਪਿ ਸਤਿ ਸਤਿ ਸਭ ਧਾਰੀ ॥
ਆਪੇ ਗੁਣ ਆਪੇ ਗੁਣਕਾਰੀ[3] ॥

ਪ੍ਰਭੂ ਆਪ ਭੀ ਸਚਾ ਹੈ ਤੇ ਉਸ ਦੀ ਬਨਾਈ ਹੋਈ ਦੁਨੀਆਂ ਭੀ ਸਚੀ ਹੈ। ਪ੍ਰਭੂ ਆਪ ਹੀ ਗੁਨਾਂ ਦਾ ਖ਼ਜ਼ਾਨਾਂ ਹੈ ਤੇ ਆਪ ਹੀ ਗੁਨਾਂ ਦੇ ਪੈਦਾ ਕਰਨ ਵਾਲਾ ਹੈ।

ਸਬਦੁ ਸਤਿ ਸਤਿ ਪ੍ਰਭੁ ਬਕਤਾ[4] ॥
ਸੁਰਤਿ[5] ਸਤਿ ਸਤਿ ਜਸੁ ਸੁਨਤਾ ॥

ਪ੍ਰਭੂ ਦਾ ਸ਼ਬਦ ਭੀ ਸਚਾ ਹੈ, ਉਸਦੇ ਸਚੇ ਸਬਦ ਗਾਂਨ ਵਾਲਾ ਭੀ ਸਚਾ ਹੈ। ਪ੍ਰਭੂ ਦੇ ਵਿਚ ਧਿਆਨ ਲਗਾਨ ਵਾਲਾ ਸਚਾ ਹੈ ਤੇ ਉਸ ਪ੍ਰਭੂ ਦਾ ਜੋ ਜਸ ਸੁਨਦਾ ਹੈ ਉਹ ਭੀ ਸਚਾ ਹੋ ਜਾਂਦਾ ਹੈ।

ਬੁਝਨਹਾਰ ਕਉ ਸਤਿ ਸਭ ਹੋਇ ॥
ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥

---

[1] ਵੇਖਨ ਵਾਲਾ। [2] ਜਪਨ ਵਾਲਾ। [3] ਗੁਣਾਂ ਦੇ ਪੈਦਾ ਕਰਨ ਵਾਲਾ। [4] ਗਾਉਨ ਵਾਲਾ। [5] ਧਿਆਨ ਲਗਾਨ ਵਾਲਾ।



Digitized by Panjab Digital Library | www.panjabdigilib.org

ਸਮਝਨ ਵਾਲੇ ਨੂੰ ਪ੍ਰਭੂ ਦਾ ਬਨਾਇਆ ਹੋਇਆ ਸਭ ਕੁਛ ਸਚਾ ਮਾਲੂਮ ਦੇਂਦਾ ਹੈ। ਗੁਰੂ ਜੀ ਆਖਦੇ ਹਨ। ਉਹ ਪ੍ਰਭੂ ਆਪ ਭੀ ਸਚਾ ਹੈ ਤੇ ਉਸ ਦੀ ਹਰ ਚੀਜ਼ ਬਨੀ ਹੋਈ ਸਚੀ ਹੈ।

ਸਤਿ ਸਰੂਪ[1] ਰਿਦੈ[2] ਜਿਨਿ ਮਾਨਿਆ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥

ਜਿਸ ਜੀਵ ਨੇ ਆਪਣੇ ਹਿਰਦੇ ਨੂੰ ਸਾਫ਼ ਕਰਕੇ ਉਸ ਸਚੇ ਵਾਹਿਗੁਰੂ ਦੀ ਮੂਰਤ ਨੂੰ ਦਿਲ ਵਿਚ ਟਿਕਾ ਲਿਆ ਹੈ। ਉਸ ਨੇ ਸਭ ਕਮਾਂ ਦੇ ਕਰਨ ਵਾਲੇ ਤੇ ਜੀਵਾਂ ਤੋਂ ਕਰਾਨ ਵਾਲੇ ਨੂੰ ਪੂਰੀ ਤਰਾਂ ਜਾਂਨ ਲਿਆ ਹੈ।

ਜਾ ਕੈ ਰਿਦੈ ਬਿਸ੍ਵਾਸੁ[3] ਪ੍ਰਭ ਆਇਆ॥
ਤਤੁ[4] ਗਿਆਨੁ ਤਿਸੁ ਮਨਿ ਪ੍ਰਗਟਾਇਆ॥
ਭੈ ਤੇ ਨਿਰਭਉ ਹੋਇ ਬਸਾਨਾ॥
ਜਿਸ ਤੇ ਉਪਜਿਆ ਤਿਸ ਮਾਹਿ ਸਮਾਨਾ॥
ਬਸਤੁ[5] ਮਾਹਿ ਲੇ ਬਸਤੁ ਗਡਾਈ[6]॥
ਤਾ ਕਉ ਭਿੰਨ[7] ਨ ਕਹਨਾ ਜਾਈ॥

ਜਿਸ ਜੀਵ ਦੇ ਦਿਲ ਵਿਚ ਪ੍ਰਭੂ ਦਾ ਯਕੀਨ ਬਝ ਗਿਆ ਹੈ ਕਿ ਉਹੀ ਸਭ ਕੁਛ ਕਰਤਾ ਧਰਤਾ ਹੈ ਤੇ ਬਾਕੀ ਕੋਈ ਕਿਸੇ ਦਾ ਭਲਾ ਜਾ ਬੁਰਾ ਨਹੀਂ ਕਰ ਸਕਦਾ, ਉਸ ਜੀਵ ਦੇ ਦਿਲ ਵਿਚ ਅਸਲੀ ਗਿਆਨ ਦੀ ਰੋਸ਼ਨੀ ਹੋ ਜਾਂਦੀ ਹੈ। ਉਸ ਨੂੰ ਪਰਭੂ ਦਾ ਗਿਆਨ ਹੋ ਜਾਂਦਾ ਹੈ।

---

1 ਸਚੀ ਮੂਰਤ। 2 ਦਿਲ। 3 ਯਕੀਨ। 4 ਸਚ ਅਸਲੀਅਤ। 5 ਵਸਤੂ ਚੀਜ਼। 6 ਮਿਲਾਈ। 7 ਜੁਦਾ।



Digitized by Panjab Digital Library | www.panjabdigilib.org

ਉਹ ਗਿਆਨ ਵਾਲਾ ਪੁਰਸ਼ ਦੁਨਿਆਵੀ ਸਭ ਡਰਾਂ ਤੋਂ ਬੇਡਰ ਹੋ ਜਾਂਦਾ ਹੈ। ਉਸ ਨੂੰ ਜਦ ਇਸ ਗਲ ਦਾ ਯਕੀਨ ਹੋ ਜਾਂਦਾ ਹੈ ਕਿ ਜਿਸ ਤੋਂ ਪੈਦਾ ਹੋਇਆ ਹਾਂ ਉਸੇ ਵਿਚ ਸਮਾ ਜਾਣਾ ਹੈ ਤਾਂ ਉਹ ਬੇਧੜਕ ਹੋ ਜਾਂਦਾ ਹੈ। ਜਿਸ ਤਰਾਂ ਇਕ ਤਰਾਂ ਦੀ ਚੀਜ਼ ਵਿਚ। ਉਸੇ ਤਰਾਂ ਦੀ ਚੀਜ਼ ਮਿਲਾ ਦਿਤੀ ਜਾਵੇ ਤਾਂ ਉਨਾਂ ਨੂੰ ਜੁਦਾ ਜੁਦਾ ਨਹੀਂ ਕਿਹਾ ਜਾ ਸਕਦਾ।

ਬੂਝੈ ਬੂਝਨਹਾਰੁ ਬਿਬੇਕ[1] ॥
ਨਾਰਾਇਨ ਮਿਲੇ ਨਾਨਕ ਏਕ ॥ ੨ ॥

ਕੋਈ ਪਹਿਚਾਨਣ ਵਾਲਾ ਹੀ ਇਸ ਗਲ ਨੂੰ ਅਸਲੀ ਤੌਰ ਤੇ ਸਮਝ ਸਕਦਾ ਹੈ। ਗੁਰੂ ਜੀ ਆਖਦੇ ਹਨ, ਜਦ ਜੀਵ ਪ੍ਰਭੂ ਨੂੰ ਪਾ ਲੈਂਦਾ ਹੈ ਤਾਂ ਉਸ ਵਿਚ ਮਿਲ ਕੇ ਉਸ ਦਾ ਹੀ ਸਰੂਪ ਬਣ ਜਾਂਦਾ ਹੈ।

ਠਾਕੁਰ ਕਾ ਸੇਵਕੁ ਆਗਿਆਕਾਰੀ[2] ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ[3] ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ[4] ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ[5] ॥
ਠਾਕੁਰ ਕਉ ਸੇਵਕੁ ਜਾਨੈ ਸੰਗਿ[6] ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ[7] ॥

---

[1] ਵਿਚਾਰ, ਪਹਿਚਾਨ। [2] ਪਰਭੂ ਦਾ ਹੁਕਮ ਮਨਣ ਵਾਲਾ [3] ਪੂਜਾ ਕਰਨ ਵਾਲਾ। [4] ਸਿਦਕ, ਯਕੀਨ। [5] ਚਾਲ ਚਲਨ, ਜਿੰਦਗੀ ਦਾ ਤਰੀਕਾ। [6] ਸਾਥ। [7] ਮੌਜ।



Digitized by Panjab Digital Library | www.panjabdigilib.org

ਸੇਵਕ ਕਉ ਪ੍ਰਭੁ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥
ਸੋ ਸੇਵਕੁ ਜਿਸੁ ਦਇਆ[1] ਪ੍ਰਭੁ ਧਾਰੈ ॥
ਨਾਨਕ ਸੋ ਸੇਵਕੁ ਸਾਸਿ ਸਾਸਿ[2] ਸਮਾਰੈ[3] ॥੩॥

ਪਰਭੂ ਦਾ ਸੇਵਕ ਪਰਭੂ ਦੇ ਹੁਕਮ ਵਿਚ ਚਲਦਾ ਹੈ ਤੇ ਉਹ ਹਮੇਸ਼ਾਂ ਪਰਭੂ ਦੀ ਸੇਵਾ (ਪੂਜਾ) ਵਿਚ ਮਸਤ ਰਹਿੰਦਾ ਹੈ । ਪਰਭੂ ਦੇ ਸੇਵਕ ਦੇ ਮਨ ਵਿਚ ਪਰਭੂ ਦੀ ਹਸਤੀ ਦਾ ਪੂਰਾ ੨ ਯਕੀਨ ਹੁੰਦਾ ਹੈ ਤੇ ਉਸ ਦਾ ਚਾਲ ਚਲਨ ਬਿਲਕੁਲ ਸਾਫ ਹੁੰਦਾ ਹੈ। ਸੇਵਕ ਆਪਣੇ ਪਰਭੂ ਨੂੰ ਹਰ ਵੇਲੇ ਆਪਣੇ ਅੰਗ ਸੰਗ ਸਮਝਦਾ ਹੈ। ਉਹ ਉਸ ਦੀ ਯਾਦ ਵਿਚ ਮਸਤ ਰਹਿੰਦਾ ਹੈ। ਪਰਭੂ ਭੀ ਆਪਣੇ ਸੇਵਕ ਦੀ ਹਰ ਵਕਤ ਸਹਾਇਤਾ ਕਰਦਾ ਹੈ, ਤੇ ਪਰਭੂ ਉਸ ਦੀ ਇਜ਼ਤ ਰਖਦਾ ਹੈ। ਪਰਭੂ ਜਿਸ ਜੀਵ ਤੇ ਆਪਣੀ ਮੇਹਰ ਕਰਦਾ ਹੈ ਉਹੀ ਉਸ ਦਾ ਸੇਵਕ ਬਣ ਸਕਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਦਾ ਸੇਵਕ ਪਰਭੂ ਨੂੰ ਹਰ ਵਕਤ ਯਾਦ ਕਰਦਾ ਹੈ।

ਅਪੁਨੇ ਜਨ ਕਾ ਪਰਦਾ[4] ਢਾਕੈ ॥
ਅਪਨੇ ਸੇਵਕ ਕੀ ਸਰਪਰ[5] ਰਾਖੈ ॥

ਪਰਭੂ ਆਪਣੇ ਸੇਵਕ ਦੇ ਔਗੁਣਾਂ ਤੇ ਪਰਦਾ ਪਾਂਦਾ ਹੈ ਤੇ ਆਪਣੇ ਸੇਵਕ ਦੀ ਜ਼ਰੂਰੀ ਤੌਰ ਤੇ ਇਜ਼ਤ ਬਚਾ ਲੈਂਦਾ ਹੈ।

---

[1] ਮੇਹਰ। [2] ਦਮ ਬਦੰਮ। [3] ਯਾਦਕਰਦਾ ਹੈ। [4] ਇਜ਼ਤ ਰਖਨਾ। [5] ਜ਼ਰੂਰ।



Digitized by Panjab Digital Library | www.panjabdigilib.org

ਅਪਨੇ ਦਾਸ ਕਉ ਦੇਇ ਬਡਾਈ[1] ॥
ਅਪੁਨੇ ਸੇਵਕ ਕਉ ਨਾਮੁ ਜਪਾਈ ॥

ਪਰਭੂ ਆਪਣੇ ਸੇਵਕ ਨੂੰ ਮਾਨ ਬਖਸ਼ਦਾ ਹੈ । ਤੇ ਆਪਣੇ ਸੇਵਕ ਨੂੰ ਨਾਮ ਜਪਾਂਦਾ ਹੈ ।

ਅਪਨੇ ਸੇਵਕ ਕੀ ਆਪਿ ਪਤਿ[2] ਰਾਖੈ ॥
ਤਾ ਕੀ ਗਤਿ ਮਿਤਿ ਕੋਇ ਨ ਲਾਖੈ[3] ॥

ਪਰਭੂ ਅਪਣੇ ਸੇਵਕ ਦੀ ਆਪ ਹੀ ਇਜ਼ਤ ਰਖਦਾ ਹੈ । ਉਸਦੀ ਉਚੀ ਅਵਸਥਾ ਤੇ ਵੱਡਪਣ ਦਾ ਕੋਈ ਅੰਦਾਜ਼ਾ ਨਹੀਂ ਲਗ ਸਕਦਾ ।

ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥
ਪ੍ਰਭ ਕੇ ਸੇਵਕ ਊਚ ਤੇ ਊਚੇ ॥

ਕੋਈ ਵੀ ਉਸ ਪਰਭੂ ਦੇ ਸੇਵਕ ਦੀ ਬਰਾਬਰੀ ਨਹੀਂ ਕਰ ਸਕਦਾ, ਕਿਉਂਕਿ ਪਰਭੂ ਦਾ ਸੇਵਕ ਸਭ ਤੋਂ ਉਚਾ ਹੈ ।

ਜੋ ਪ੍ਰਭਿ ਅਪਨੀ ਸੇਵਾ ਲਾਇਆ ॥
ਨਾਨਕ ਸੋ ਸੇਵਕੁ ਦਹਦਿਸਿ[6] ਪ੍ਰਗਟਾਇਆ ॥ ੪॥

ਪਰਭੂ ਜਿਸ ਹੀ ਜੀਵ ਤੇ ਕ੍ਰਿਪਾ ਕਰਦਾ ਹੈ ਤੇ ਆਪਣੀ ਸੇਵਾ ਵਿਚ ਲਾ ਲੈਂਦਾ ਹੈ। ਗੁਰੂ ਜੀ ਆਖਦੇ ਹਨ ਉਸ ਸੇਵਕ ਦੀ ਸਾਰੇ ਜਗਤ ਵਿਚ ਨੇਕਨਾਮੀ ਹੁੰਦੀ ਹੈ ।

---

[1] ਵਡਿਆ, ਮਾਨ । [2] ਇਜ਼ਤ । [3] ਸਮਝੇ । [4] ਦਸੀਂ ਪਾਸੀਂ, ਹਰ ਤਰਫ, ਸਾਰੇ ਜਗਤ ਵਿਚ ।



Digitized by Panjab Digital Library | www.panjabdigilib.org

ਨੀਕੀ ਕੀਰੀ[1] ਮਹਿ ਕਲ[2] ਰਾਖੈ ॥
ਭਸਮ ਕਰੈ ਲਸਕਰ ਕੋਟਿ[3] ਲਾਖੈ ॥

ਪਰਭੂ ਜਿਸ ਨਿੱਕੀ ਜੇਹੀ ਕੀੜੀ ਵਿਚ ਤਾਕਤ ਦੇ ਦੇਵੇ । ਉਹ ਲਖਾਂ ਤੇ ਕਰੋੜਾਂ ਦੀ ਫੌਜਾਂ ਨੂੰ ਸੁਹਾ ਕਰ ਦੇਂਦੀ ਹੈ।

ਜਿਸ ਕਾ ਸਾਸੁ ਨ ਕਾਢਤ ਆਪਿ ॥
ਤਾ ਕਉ ਰਾਖਤ ਦੇ ਕਰਿ ਹਾਥ ॥

ਜਿਸ ਨੂੰ ਪਰਭੂ ਨ ਮਾਰਨਾ ਚਾਹੇ ਉਸ ਨੂੰ ਆਪਦਾ ਹਥ ਦੇਕੇ ਰਖ ਲੈਂਦਾ ਹੈ।

ਮਾਨਸ ਜਤਨ ਕਰਤ ਬਹੁ ਭਾਤਿ[4] ॥
ਤਿਸ ਕੇ ਕਰਤਬ[5] ਬਿਰਥੇ[6] ਜਾਤਿ ॥

ਮਨੁਖ ਕਈ ਤਰ੍ਹਾਂ ਦੀਆਂ ਕੋਸ਼ਸ਼ਾਂ ਕਰਦਾ ਹੈ, ਪਰ ਜਿਤੋਂ ਤਕ ਪਰਭੂ ਨੂੰ ਮਨਜ਼ੂਰ ਨ ਹੋਵੇ ਉਸ ਦੇ ਸਾਰੇ ਕੰਮ ਵੇਅਥ ਜਾਂਦੇ ਹਨ।

ਮਾਰੈ ਨ ਰਾਖੈ ਅਵਰੁ ਨ ਕੋਇ ॥
ਸਰਬ ਜੀਆ ਕਾ ਰਾਖਾ ਸੋਇ ॥

ਸਿਵਾਏ ਪਰਭੁ ਦੇ ਕੋਈ ਕਿਸੇ ਨੂੰ 'ਨ ਮਾਰ ਸਕਦਾ ਹੈ ਔਰ ਦੁਨ ਹੀ ਪਰਭੂ ਤੋਂ ਸਿਵਾ ਕਿਸੇ ਨੂੰ ਬਚਾਨ ਦੀ ਤਾਕਤ ਹੈ। ਸਾ ਨੀਆਂ ਦੀ ਰਖਸ਼ਾ ਕਰਨ ਵਾਲਾ ਉਹ ਪਰਭੂ ਆਪ ਹੈ।

---

1 ਕੀੜੀ। 2 ਤਾਕਤ। 3 ਕ੍ਰੋੜ। 4 ਕਿਸਮ। 5 ਕੰਮ। 6 ਵਿਅਰਥ ।



Digitized by Panjab Digital Library | www.panjabdigilib.org

ਕਾਹੇ ਸੋਚ ਕਰਹਿ ਰੇ ਪ੍ਰਾਣੀ [1] ॥
ਜਪਿ ਨਾਨਕ ਪ੍ਰਭ ਅਲਖ [2] ਵਿਡਾਣੀ [3] ॥ ੫ ॥

ਹੇ ਜੀਵ ! ਤੂੰ ਕਿਸ ਵਾਸਤੇ ਸੋਚਾਂ ਵਿਚ ਪਿਆ ਹੈਂ । ਗੁਰੂ ਜੀ ਆਖਦੇ ਹਨ ਕਿ ਤੂੰ ਪਰਭੂ ਨੂੰ ਸਿਮਰ ਜੋ ਨਾਕਾਬਿਲ ਬਯਾਨ ਤੇ ਅਸਚਰਜ ਹੈ ।

ਬਾਰੰਬਾਰ [4] ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ [5] ॥

ਹੇ ਬੰਦੇ ਮੁੜ ਮੁੜ ਕੇ ਪਰਭੂ ਨੂੰ ਯਾਦ ਕਰ । ਇਸ ਪਰਭੂ ਨਾਮ ਦਾ ਅੰਮ੍ਰਤ ਪੀ ਕੇ ਆਪਣੇ ਪੇਟ ਨੂੰ ਰਜਾ ਲਏ ਤੇ ਦਿਲ ਨੂੰ ਖੁਸ਼ ਕਰ ਲਏ ।

ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥
ਤਿਸੁ ਕਿਛੁ [6] ਅਵਰੁ [7] ਨਾਹੀ ਦ੍ਰਿਸਟਾਇਆ [8] ॥

ਜਿਸ ਪਰਭੂ ਦੇ ਭਗਤ ਨੇ ਨਾਮ ਰੂਪੀ ਹੀਰਾ ਪਾ ਲੀਤਾ ਹੈ । ਉਸ ਗੁਰਮੁਖ ਨੂੰ ਸਿਵਾਏ ਪਰਭੂ ਦੇ ਹੋਰ ਕੁਛ ਵੀ ਨਹੀਂ ਦਿਸਦਾ ।

ਨਾਮੁ ਧਨੁ ਨਾਮੋ ਰੂਪੁ ਰੰਗੁ ॥
ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥

ਐਸੇ ਗੁਰਮੁਖ ਦੇ ਵਾਸਤੇ ਪਰਭੂ ਦਾ ਨਾਮ ਹੀ ਉਸਦੀ ਦੌਲਤ ਹੈ ਤੇ ਪਰਭੂ ਦਾ ਨਾਮ ਹੀ ਉਸ ਮੰਤ ਦਾ ਰੂਪ ਤੇ ਖੁਸ਼ੀ ਹੈ । ਨਾਮ ਹੀ ਉਸ ਨੂੰ ਸੁਖ ਦੇਂਦਾ ਹੈ ਤੇ ਹਰੀ ਦਾ ਨਾਮ ਹੀ ਹਮੇਸ਼ਾਂ ਉਸ ਦਾ ਹਰ ਥਾਂ ਤੇ ਸਾਥ ਦੇਂਦਾ ਹੈ ॥

---

[1] ਜੀਵ । [2] ਨਾਕਾਬਿਲ ਬਿਆਨ । [3] ਅਸਚਰਜ । [4] ਮੁੜ ਮੁੜ, ਫਿਰ ਫਿਰ । [5] ਰਜਾ ਦੇਈਏ । [6] ਕੁਛ ਵੀ । [7] ਹੋਰ । [8] ਵੇਖੀਂਦਾ ।



Digitized by Panjab Digital Library | www.panjabdigilib.org

ਨਾਮ ਰਸਿ ਜੋ ਜਨ ਤ੍ਰਿਪਤਾਨੇ [1] ॥
ਮਨ ਤਨ ਨਾਮਹਿ [2] ਨਾਮਿ ਸਮਾਨੇ [3] ॥

ਜਿਨ੍ਹਾਂ ਗੁਰਮੁਖਾਂ ਦਾ ਮਨ ਹਰੀ ਨਾਮ ਵਿਚ ਰਜ ਗਿਆ ਹੈ। ਉਨ੍ਹਾਂ ਦੀ ਜਿੰਦ ਤੇ ਜਾਨ ਪਰਭੂ ਨਾਮ ਦੇ ਨਾਲ ਜੁੜੀ ਰਹਿੰਦੀ ਹੈ।

ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥ ੬ ॥

ਗੁਰੂ ਜੀ ਆਖਦੇ ਹਨ ਪਰਭੂ ਦੇ ਸੇਵਕਾਂ ਦਾ ਇਹੀ ਕੰਮ ਹੈ ਕਿ ਉਹ ਉਠਦਿਆਂ ਬੈਠਦਿਆਂ ਤੇ ਸੌਂਦਿਆਂ ਹਰ ਸਮੇਂ ਪਰਭੂ ਦਾ ਨਾਂ ਲੈਂਦੇ ਹਨ।

ਬੋਲਹੁ [4] ਜਸੁ [5] ਜਿਹਬਾ [6] ਦਿਨੁ ਰਾਤਿ ॥
ਪ੍ਰਭਿ ਅਪਨੈ ਜਨ ਕੀਨੀ ਦਾਤਿ ॥

ਹੇ ਬੰਦੇ ! ਅਪਣੀ ਜੀਭ ਨਾਲ ਪਰਭੂ ਦੇ ਦਿਨ ਰਾਤ ਗੁਨ ਗਾ। ਇਹ ਜਸ ਗਾਉਣ ਦੀ ਬਖਸ਼ਿਸ਼ ਪਰਭੂ ਨੇ ਆਪਣੇ ਦਾਸਾਂ ਨੂੰ ਹੀ ਕੇਵਲ ਬਖਸ਼ੀ ਹੈ।

ਕਰਹਿ ਭਗਤਿ ਆਤਮ [7] ਕੈ ਚਾਇ [8] ॥
ਪ੍ਰਭਿ ਅਪਨੇ ਸਿਉ [9] ਰਹਹਿ ਸਮਾਇ [10] ॥

ਪਰਭੂ ਦਾ ਸਚਾ ਸੇਵਕ ਪਰਭੂ ਦੀ ਭਗਤੀ ਬੜੇ ਚਾਹ ਨਾਲ ਦਿਲੋਂ ਕਰਦਾ ਹੈ। ਉਹ ਆਪਣੇ ਪਰਭੂ ਨਾਲ ਜੁੜਿਆ ਰਹਿੰਦਾ ਹੈ।

---

[1] ਰਜ ਗਏ ਹਨ। [2] ਸਿਰਫ ਨਾਂ ਵਿਚ। [3] ਜੁੜਨਾਂ। [4] ਕਹੋ। [5] ਤਾਰੀਫ। [6] ਜ਼ਬਾਨ। [7] ਅੰਦਰਲਾ ਦਿਲ। [8] ਚਾਉ ਨਾਲ। [9] ਨਾਲ। [10] ਜੁੜਿਆ।



Digitized by Panjab Digital Library | www.panjabdigilib.org

ਜੋ ਹੋਆ ਹੋਵਤ ਸੋ ਜਾਨੈ ॥
ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥

ਸੇਵਕ ਅਪਣੇ ਪਰਭੂ ਦੇ ਹੁਕਮ ਤੇ ਚਲਦਾ ਹੈ ਤਾਂ ਜੋ ਕੁਛ ਹੋ ਗਿਆ ਹੈ ਤੇ ਜੋ ਹੋ ਰਿਹਾ ਹੈ ਉਹ ਜਾਣਦਾ ਹੈ ਕਿ ਇਹ ਸਭ ਪਰਭੂ ਦੇ ਹੁਕਮ ਦੇ ਅਨੁਸਾਰ ਹੋ ਰਿਹਾ ਹੈ।

ਤਿਸ ਕੀ ਮਹਿਮਾ ਕਉਨ ਬਖਾਨਉ[1] ॥
ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥

ਇਹੋ ਜੇਹਾ ਸੇਵਕ ਦੀ ਮੈਂ ਕੀ ਤਾਰੀਫ ਕਰਾਂ। ਉਹ ਇਤਨਾਂ ਗੁਨਾਂ ਦਾ ਗੁਥਲਾ ਹੈ ਕਿ ਮੈਂ ਉਸ ਦਾ ਜ਼ਰਾ ਗੁਨ ਭੀ ਨਹੀਂ ਜਾਣਦਾ

ਆਠ ਪਹਰ ਪ੍ਰਭ ਬਸਹਿ ਹਜੂਰੇ ॥
ਕਹੁ ਨਾਨਕ ਸੇਈ ਜਨ ਪੂਰੇ ॥ ੭ ॥

ਇਹੋ ਜਿਹੇ ਸੇਵਕ ਅਠੇ ਪਹਿਰ ਪਰਭੂ ਨੂੰ ਹਾਜ਼ਰ ਨਾਜ਼ਰ ਜਾਣਦੇ ਹਨ, ਗੁਰੂ ਜੀ ਕਹਿੰਦੇ ਹਨ ਉਹ ਜੋ ਗਲ ਮੂੰਹੋਂ ਕਢਦੇ ਹਨ ਉਹ ਪੂਰੀ ਹੋ ਜਾਂਦੀ ਹੈ।

ਮਨ ਮੇਰੇ ਤਿਨ ਕੀ ਓਟਿ[2] ਲੇਹਿ ॥
ਮਨੁ ਤਨੁ ਅਪਨਾ ਤਿਨ ਜਨ ਦੇਹਿ ॥

ਹੇ ਮੇਰੇ ਮਨ ! ਤੂੰ ਉਨ੍ਹਾਂ ਗੁਰੂ ਦੇ ਸੇਵਕਾਂ ਦਾ ਆਸਰਾ ਲਾਇ ਜਿਨ੍ਹਾਂ ਦੀ ਹਰ ਗਲ ਪੂਰੀ ਹੋ ਜਾਂਦੀ ਹੈ ਅਤੇ ਆਪਣੇ ਦਿਲ ਤੇ ਜਨ ਉਨ੍ਹਾਂ ਤੇ ਵਾਰ ਦੇ।

---

[1] ਦਸੇ। [2] ਆਸਰਾ।



Digitized by Panjab Digital Library | www.panjabdigilib.org

ਜਿਨ ਜਨਿ [1] ਅਪਨਾ ਪ੍ਰਭੂ ਪਛਾਤਾ ॥
ਸੋ ਜਨੁ ਸਰਬ ਥੋਕ [2] ਕਾ ਦਾਤਾ ॥

ਜਿਸ ਮਨੁਖ ਨੇ ਆਪਨੇ ਪਰਭੂ ਨੂੰ ਪਛਾਣ ਲਿਆ ਹੈ। ਉਹ ਮਨੁਖ ਸਾਰੀਆਂ ਦਾਤਾਂ ਜੀਵਾਂ ਨੂੰ ਬਖ਼ਸ਼ਨ ਤੇ ਕਾਬਿਲ ਹੋ ਜਾਂਦੇ ਹਨ ।

ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥
ਤਿਸ ਕੈ ਦਰਸਿ [3] ਸਭ ਪਾਪ ਮਿਟਾਵਹਿ ॥

ਹੇ ਮਨ! ਉਸ ਸਚੇ ਸੇਵਕ ਦੀ ਸ਼ਰਨ ਲੈਣ ਨਾਲ ਤੈਨੂੰ ਲੋਕ ਤੇ ਪਰਲੋਕ ਦੇ ਸਭ ਸੁਖ ਮਿਲ ਜਾਂਨ ਗੇ, ਉਸੇ ਦੇ ਦਰਸ਼ਨ ਕਰਕੇ ਤੇਰੇ ਸਭ ਪਾਪ ਮਿਟ ਜਾਂਨ ਗੇ ।

ਅਵਰ ਸਿਆਨਪ ਸਗਲੀ [4] ਛਾਡੁ ॥
ਤਿਸ ਜਨ ਕੀ ਤੂ ਸੇਵਾ ਲਾਗੁ ॥

ਹੋਰ ਸਭ ਅਕਲਮੰਦੀ ਦੀ ਗਲਾਂ ਤੇ ਚਲਾਕੀਆਂ ਛੋੜ ਕੇ ਉਸ ਸੇਵਕ ਦੀ ਸੇਵਾ ਵਿਚ ਲਗ ਜਾ, ਤਾਂ ਤੇਰਾ ਬੇੜਾ ਪਾਰ ਹੋ ਜਾਵੇਗਾ ।

ਆਵਨੁ [5] ਜਾਨੁ ਨ ਹੋਵੀ ਤੇਰਾ ॥
ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥ ੮ ॥੧੭॥

ਗੁਰੂ ਜੀ ਆਖਦੇ ਹਨ ਇਹੋ ਜਿਹ ਗੁਰ ਸਿਖ ਦੇ ਮੁੜ ੨ ਕੇ ਚਰਨ ਪੂਜ, ਉਸ ਦੇ ਚਰਨੀ ਲਗਿਆਂ ਤੇਰਾ ਮਰਨ ਜਮਨ ਤੋਂ ਛੁਟਕਾਰਾ ਹੋ ਜਾਵੇਗਾ ।

---

ਮਨੁਖ ਚੀਜ਼ਾਂ । [3] ਦਰਸ਼ਨ। [4] ਸਾਰੀਆਂ ।[5] ਜਨਮ ਮਰਨ



Digitized by Panjab Digital Library | www.panjabdigilib.org

## ਸਲੋਕੁ ॥

ਸਤਿ [1] ਪੁਰਖੁ ਜਿਨਿ ਜਾਨਿਆ ਸਤਿ ਗੁਰ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ [2] ਨਾਨਕ ਹਰਿ ਗੁਨ ਗਾਉ ॥

ਜਿਸ ਨੇ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਨੂੰ ਸਮਝ ਲੀਤਾ ਹੈ ਉਸ ਦਾ ਨਾਮੁ ਸਤਿਗੁਰੂ ਹੈ। ਗੁਰੂ ਜੀ ਕਹਿੰਦੇ ਹਨ ਉਸ ਸਤਿਗੁਰੂ ਦੀ ਸੰਗਤ ਵਿਚ ਰਹਿਕੇ ਪਰਭੂ ਦੇ ਗੁਣ ਗਾਣ ਨਾਲ ਜੀਵ ਤਰ ਜਾਂਦਾ ਹੈ।

### ਅਸਟਪਦੀ

ਸਤਿ ਗੁਰੁ ਸਿਖ ਕੀ ਕਰੈ ਪ੍ਰਤਿਪਾਲ [3] ॥
ਸੇਵਕ ਕਉ ਗੁਰੁ ਸਦਾ ਦਇਆਲ ॥

ਸਤਿਗੁਰੂ ਆਪਣੇ ਸਿਖ ਦੀ ਰਖਸ਼ਾ ਕਰਦਾ ਹੈ ਤੇ ਜੋ ਗੁਰੂ ਦੀ ਸੇਵਾ ਕਰਦਾ ਹੈ ਉਸ ਤੇ ਸਤਿਗੁਰੂ ਹਮੇਸ਼ਾ ਹੀ ਮੇਹਰ ਕਰਦਾ ਹੈ।

---

1 ਸਚਾ, ਸਦਾ ਕਾਇਮ ਰਹਿਣ ਵਾਲਾ, ਅਕਾਲ। 2 ਬਚਨਾਂ ਤਰਨਾ। 3 ਪਾਲਨਾ, ਰਖਸ਼ਾ।



Digitized by Panjab Digital Library | www.panjabdigilib.org

ਸਿਖ ਕੀ ਗੁਰੁ ਦੁਰਮਤਿ [1] ਮਲੁ [2] ਹਿਰੈ [3] ॥
ਗੁਰ ਬਚਨੀ [4] ਹਰਿ ਨਾਮੁ ਉਚਰੈ [5] ॥

ਗੁਰੂ ਆਪਣੇ ਸਿਖ ਦੀ ਕਬੁਧ ਰੂਪੀ ਮੈਲ ਦੂਰ ਕਰ ਦੇਂਦਾ ਹੈ। ਸਿਖ ਅਪਣੇ ਗੁਰਾਂ ਦੇ ਉਪਦੇਸ਼ ਸੁਣਕੇ ਪਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ।

ਸਤਿ ਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ [6] ਤੇ ਹਾਟੈ ॥

ਸਤਿਗੁਰੂ ਅਪਣੇ ਸਿਖਾਂ ਦੇ ਦੁਨਯਾਵੀ ਬੰਧਨ ਕਟ ਦੇਂਦਾ ਹੈ ਤੇ ਗੁਰੂ ਦਾ ਸਿਖ ਬੁਰੇ ਕੰਮ ਕਰਨ ਤੋਂ ਹਟ ਜਾਂਦਾ ਹੈ।

ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖ ਵਡਭਾਗੀ ਹੋਇ ॥

ਸਤਿਗੁਰੂ ਆਪਣੇ ਸਿਖ ਨੂੰ ਨਾਮ ਰੂਪੀ ਧੰਨ ਦੇਂਦਾ ਹੈ। ਤੇ ਇਹ ਗੁਰੂ ਦਾ ਸਿਖ ਬੁਰੇ ਕੰਮ ਛੋੜ ਕੇ ਨਾਮ ਦਾ ਖਜ਼ਾਨਾ ਪਾਕੇ ਵਡੇ ਭਾਗਾਂ ਵਾਲਾ (ਖੁਸ਼ਕਿਸਮਤ) ਬਣ ਜਾਂਦਾ ਹੈ।

ਸਤਿ ਗੁਰੁ ਸਿਖ ਕਾ ਹਲਤੁ ਪਲਤੁ [7] ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ [8] ਨਾਲਿ ਸਮਾਰੈ [9] ॥੧॥

---

[1] ਬੁਰੀ ਮਤ; ਕਬੁਧ। [2] ਮੈਲ। [3] ਦੂਰ ਕਰਦਾ ਹੈ। [4] ਗੁਰਾਂ ਦੇ ਉਪਦੇਸ਼ ਰਾਹੀ। [5] ਸਿਮਰਦਾ। [6] ਵਿਕਾਰ ਬੁਰੇ ਕੰਮ। [7] ਲੋਕ ਪਰਲੋਕ। [8] ਜਾਨ ਨਾਲ। [9] ਯਾਦ ਰਖਦਾ ਹੈ।



Digitized by Panjab Digital Library | www.panjabdigilib.org

ਸਤਿਗੁਰੂ ਆਪਣੇ ਸਿਖ ਦਾ ਲੋਕ ਪਰਲੋਕ ਸਵਾਰ ਦੇਂਦਾ ਹੈ। ਗੁਰੂ ਜੀ ਆਖਦੇ ਹਨ। ਸਤਿਗੁਰੂ ਅਪਣੇ ਸਿਖ ਨੂੰ ਜਾਨ ਦੀ ਤਰ੍ਹਾਂ ਪਿਆਰਾ ਸਮਝਦਾ ਹੈ।

ਗੁਰ ਕੈ ਗ੍ਰਿਹਿ[1] ਸੇਵਕ ਜੋ ਰਹੈ ॥
ਗੁਰ ਕੀ ਆਗਿਆ[2] ਮਨ ਮਹਿ ਸਹੈ ॥
ਆਪਸ[3] ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ[4] ॥

ਜੋ ਸੇਵਕ ਗੁਰਦਵਾਰੇ ਗੁਰ ਸਿਖਿਆ ਲੈਣ ਦੀ ਖਾਤਰ ਜਾਕੇ ਰਹੇ ਤੇ ਗੁਰੂ ਦੇ ਹੁਕਮ ਨੂੰ ਸਿਰ ਅੱਖਾਂ ਤੇ ਖੁਸ਼ ਹੋਕੇ ਕਬੂਲ ਕਰੇ। ਆਪਣੇ ਆਪ ਨੂੰ ਕੁਛ ਵੀ ਨਾ ਗਿਨਾਵੇ, ਉਹ ਆਪ ਨੂੰ ਹਕੀਰ ਤੇ ਨਾਚੀਜ਼ ਸਮਝੇ। ਤੇ ਹਰ ਵਕਤ ਦਿਲੋਂ ਪਰਭੂ ਦੇ ਨਾਮ ਦਾ ਸਿਮਰਨ ਕਰੇ। ਤੇ ਆਪਣੇ ਮਨ ਨੂੰ ਪਰਭੂ ਦੇ ਹਵਾਲੇ ਕਰ ਦੇਵੇ ਉਸ ਸੇਵਕ ਦੇ ਸਾਰੇ ਕੰਮ ਸਿਧ ਹੋ ਜਾਂਦੇ ਹਨ।

ਸੇਵਾ ਕਰਤ ਹੋਇ ਨਿਹਕਾਮੀ[5] ॥
ਤਿਸੁ ਕਉ ਹੋਤ ਪਰਾਪਤਿ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥

---

[1] ਘਰ, ਦਰ, ਅਸਥਾਨ। [2] ਹੁਕਮ। [3] ਆਪਣੇ ਆਪ ਨੂੰ। [4] ਸਿਧ। [5] ਜੋ ਫਲ ਦੀ ਇਛਾ ਨਾ ਕਰੇ।



Digitized by Panjab Digital Library | www.panjabdigilib.org

ਜੋ ਜੀਵ ਪਰਭੂ ਦੀ ਸੇਵਾ ਕਰਦਾ ਹੋਇਆ ਉਸ ਦਾ ਫਲ ਪਰਭੂ ਤੋਂ ਨਹੀਂ ਮੰਗਦਾ ਤੇ ਨ ਹੀ ਪਰਭੂ ਕੋਲੋਂ ਫਲ ਦੀ ਉਮੈਦ ਕਰਦਾ ਹੈ ਉਸੇ ਦੀ ਅਵਸਥਾ ਪਹਿਲੇ ਸਿਖ ਕੋਲੋਂ ਜਿਸ ਦੇ ਸਾਰੇ ਕੰਮ ਰਾਸ ਹੋ ਜਾਂਦੇ ਹਨ ਉਸ ਤੋਂ ਭੀ ਉਚੀ ਹੈ ਕਿਉਂ ਜੋ ਇਸ ਨੂੰ ਪਰਭੂ ਮਿਲ ਜਾਂਦਾ ਹੈ। ਪਰਭੂ ਜਿਸ ਤੇ ਆਪ ਦੀ ਮੇਹਰ ਕਰ ਦੇਵੇ ਗੁਰੂ ਜੀ ਆਖਦੇ ਹਨ ਉਸੇ ਸਿਖ ਨੂੰ ਹੀ ਇਹੋ ਜੇਹੀ ਉਚੀ ਤੇ ਸੁਚੀ ਗੁਰੂ ਦੀ ਸਿਖਿਆ ਨਸੀਬ ਹੁੰਦੀ ਹੈ।

ਬੀਸ ਬਿਸਵੇ [1] ਗੁਰ ਕਾ ਮਨੁ ਮਾਨੈ ॥
ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥

ਯਕੀਨੀ ਤੌਰ ਤੇ ਜਿਸ ਸੇਵਕ ਤੇ ਗੁਰੂ ਨੂੰ ਪੂਰਾ ਵਿਸ਼ਵਾਸ ਹੋ ਜਾਂਦਾ ਹੈ ਕਿ ਇਹ ਸੇਵਕ ਦਿਲੋਂ ਸਚਾ ਹੈ ਤੇ ਡੋਲੇਗਾ ਨਹੀਂ ਉਹ ਸੇਵਕ ਪਰਭੂ ਨੂੰ ਅਸਲੀ ਤੌਰ ਤੇ ਸਮਝ ਜਾਂਦਾ ਹੈ।

ਸੋ ਸਤਿਗੁਰੁ ਜਿਸੁ ਰਿਦੈ [2] ਹਰਿ ਨਾਉ ॥
ਅਨਿਕ [3] ਬਾਰ ਗੁਰ ਕਉ ਬਲਿ [4] ਜਾਉ ॥

ਸਤਿਗੁਰੂ ਉਹ ਹੈ ਜੋ ਦਿਲੋਂ ਹਰੀ ਦੇ ਨਾਮ ਨੂੰ ਜਪਦਾ ਹੈ। ਮੈਂ ਐਸੇ ਗੁਰੂ ਤੋਂ ਬੇਅੰਤ ਵਾਰੀ ਸਦਕੇ ਜਾਂਦਾ ਹਾਂ।

ਸਰਬ ਨਿਧਾਨ [5] ਜੀਅ ਕਾ ਦਾਤਾ ॥
ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥

ਸਤਿ ਗੁਰੂ ਵਿਚ ਸਾਰੇ ਖਜ਼ਾਨੇ ਹਨ ਤੇ ਉਹ ਜੀਵ ਨੂੰ ਜ਼ਿੰਦਗ

---

[1] ਯਕੀਨੀ ਤੌਰ ਤੇ । [2] ਦਿਲ, ਹਿਰਦਾ। [3] ਬੇਅੰਤ । [4] ਬਲਿਹਾਰ ਸਦਕੇ। [5] ਖਜ਼ਾਨੇ।



Digitized by Panjab Digital Library | www.panjabdigilib.org

ਬਖਸ਼ਦਾ ਹੈ ਤੇ ਉਹ ਆਪ ਅਠੇ ਪਹਿਰ ਹਰ ਵਕਤ ਪ੍ਰਭੂ ਦੀ ਯਾਦ ਵਿਚ ਮਸਤ ਰਹਿੰਦਾ ਹੈ।

ਬ੍ਰਹਮ [1] ਮਹਿ ਜਨੁ [2] ਜਨ ਮਹਿਪਾਰਬ੍ਰਹਮੁ॥
ਏਕਹਿ ਆਪਿ ਨਹੀ ਕਛੁ ਭਰਮੁ [3] ॥

ਪ੍ਰਭੂ ਵਿਚ ਸਤਿਗੁਰੂ ਤੇ ਸਤ ਗੁਰੂ ਦੇ ਦਿਲ ਵਿਚ ਪ੍ਰਭੂ ਵਸਦਾ ਹੈ। ਗੁਰੂ ਤੇ ਪ੍ਰਭੂ ਇਕ ਰੂਪ ਹਨ ਇਸ ਵਿਚ ਕੋਈ ਭੁਲੇਖੇ ਵਾਲੀ ਗਲ ਨਹੀਂ।

ਸਹਸ [4] ਸਿਆਨਪ [5] ਲਇਆ ਨ ਜਾਈਐ॥
ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥

ਗੁਰੂ ਜੀ ਆਖਦੇ ਹਨ ਕਿ ਹਜ਼ਾਰਾਂ ਚਲਾਕੀਆਂ ਨਾਲ ਭੀ ਐਸਾ ਗੁਰੂ ਨਹੀਂ ਮਿਲਦਾ। ਉਨ੍ਹਾਂ ਦੇ ਵਡੇ ਭਾਗ ਹਨ, ਜਿਨ੍ਹਾਂ ਨੂੰ ਅਜੇਹਾ ਗੁਰੂ ਮਿਲ ਜਾਂਦਾ ਹੈ।

ਸਫਲ [6] ਦਰਸਨੁ ਪੇਖਤ [7] ਪੁਨੀਤ [8] ॥
ਪਰਸਤ [9] ਚਰਨ ਗਤਿ [10] ਨਿਰਮਲ ਰੀਤਿ ॥

ਗੁਰੂ ਦੇ ਦਰਸ਼ਨ ਹਰ ਮੰਨ ਮਗਿਆ ਫਲ ਦੇਂਦਾ ਹੈ ਉਹਨਾਂ ਦਰਸ਼ਨਾ ਦੇ ਕਰਨ ਨਾਲ ਜੀਵ ਦਾ ਹਿਰਦਾ ਪਵਿਤਰ ਹੋ ਜਾਂਦਾ ਹੈ। ਗੁਰ ਦੇ ਚਰਨ ਛੋਹਨ ਨਾਲ ਜੀਵ ਦਾ ਰਹਿਣਾ ਬਹਿਣਾ ਅਮਲੀ ਜ਼ਿੰਦਗੀ ਤੇ ਚਾਲ ਚਲਣ ਪਵਿਤ੍ਰ ਹੋ ਜਾਂਦਾ ਹੈ।

ਭੇਟਤ [11] ਸੰਗਿ ਰਾਮ ਗੁਨ ਰਵੇ [12] ॥
ਪਾਰ ਬ੍ਰਹਮ ਕੀ ਦਰਗਹ ਗਵੇ [13] ॥

---

[1] ਪ੍ਰਭੂ ਵਾਹਿਗੁਰੂ। [2] ਜੀਵ। [3] ਭੁਲੇਖਾ। [4] ਹਜ਼ਾਰਾਂ। [5] ਚਲਾਕੀਆਂ। [6] ਫਲ ਦੇਨ ਵਾਲੇ। [7] ਵੇਖਦਿਆਂ। [8] ਪਵਿਤ੍ਰ। [9] ਛੂੰਹਦਿਆਂ। [10] ਚਾਲ ਚਲਨ। [11] ਮਿਲ ਕੇ। [12] ਗਾਵੇ। [13] ਪਹੁੰਚ।



Digitized by Panjab Digital Library | www.panjabdigilib.org

ਉਸ ਸਤਿਗੁਰੂ ਦੀ ਸੰਗਤ ਵਿਚ ਮਿਲ ਕੇ ਜੋ ਪਰਭੂ ਦੇ ਗੁਣ ਗਾਂਦਾ ਹੈ ਉਹ ਪਰਭੂ ਦੀ ਦਰਗਾਹ ਵਿਚ ਪਹੁੰਚ ਜਾਂਦਾ ਹੈ ਤਥਾ ਮੁਕਤ ਹੋ ਜਾਂਦਾ ਹੈ।

ਸੁਨਿ ਕਰਿ ਬਚਨ[1] ਕਰਨ[2] ਆਘਾਨੇ[3] ॥
ਮਨਿ ਸੰਤੋਖੁ[4] ਆਤਮ ਪਤੀਆਨੇ[5] ॥

ਸਤਿਗੁਰੂ ਦੇ ਉਪਦੇਸ਼ ਸੁਨ ਕੇ ਕੰਨ ਰਜ ਜਾਂਦੇ ਹਨ ਦਿਲ ਨੂੰ ਸ਼ਾਂਤੀ ਆ ਜਾਂਦੀ ਹੈ ਤੇ ਰੂਹ ਭੀ ਮਨ ਜਾਂਦੀ ਹੈ ਤੇ ਖੁਸ਼ੀ ਹੁੰਦੀ ਹੈ।

ਪੂਰਾ ਗੁਰੁ ਅਖਉ ਜਾ ਕਾ ਮੰਤ੍ਰ ॥
ਅੰਮ੍ਰਿਤ ਦ੍ਰਿਸਟਿ[6] ਪੇਖੈ ਹੋਇ ਸੰਤ ॥

ਗੁਰੂ ਹਰ ਤਰ੍ਹਾਂ ਮੁਕਮਲ ਹੈ ਉਸਦਾ ਮੰਤਰ ਭੀ ਪੂਰਾ ਹੈ ਹੇ ਜੀਵ ਉਸ ਦੇ ਮੰਤਰ ਨੂੰ ਜਪ। ਅੰਮ੍ਰਿਤ ਭਰੀ ਨਜ਼ਰ ਨਾਲ ਗੁਰੂ ਜਿਸ ਨੂੰ ਹੀ ਵੇਖਦਾ ਹੈ, ਉਹੀ ਸੰਤ ਹੋ ਜਾਂਦਾ ਹੈ।

ਗੁਣ ਬਿਅੰਤ ਕੀਮਤਿ ਨਹੀ ਪਾਇ ॥
ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ॥ ੪ ॥

ਗੁਰੂ ਦੇ ਬੇਅੰਤ ਗੁਣ ਹਨ, ਤੇ ਉਨ੍ਹਾਂ ਦੀ ਕੀਮਤਿ ਨਹੀਂ ਪੈ ਸਕਦੀ ਗੁਰੂ ਜੀ ਆਖਦੇ ਹਨ, ਸਤਿਗੁਰੂ ਜਿਸ ਨੂੰ ਚਾਹੇ ਉਸ ਨੂੰ ਪਰਭੂ ਨਾਲ ਮਿਲਾ ਲੈਂਦਾ ਹੈ।

ਜਿਹਬਾ[7] ਏਕ ਉਸਤਤਿ[8] ਅਨੇਕ ॥
ਸਤਿਪੁਰਖ ਪੂਰਨ ਬਿਬੇਕ[9] ॥

---

1 ਉਪਦੇਸ਼। 2 ਕੰਨ। 3 ਰਜਨਾ। 4 ਸਬਰ। 5 ਮਨ ਜਾਂਦਾ ਹੈ। 6 ਨਜ਼ਰ। 7 ਜੀਭਾ, ਜ਼ਬਾਨ। 8 ਗੁਨ। 9 ਵਿਚਾਰ।



Digitized by Panjab Digital Library | www.panjabdigilib.org

ਜੀਵ ਦੀ ਜ਼ਬਾਨ ਇਕ ਹੈ ਤੇ ਉਸ ਸਤਿਗੁਰੂ ਜਿਸ ਦੇ ਵਿਚਾਰ ਸਦਾ ਕਾਇਮ ਰਹਿਣ ਵਾਲੇ ਹਨ, ਉਸਦੇ ਗੁਣ ਅਨੇਕ ਹਨ, ਕਿਸ ਤਰ੍ਹਾਂ ਜੀਵ ਉਸ ਦੀ ਪੂਰੀ ੨ ਤਰਾਂ ਉਸਤਤ ਕਰੇ।

ਕਾਹੂ[1] ਬੋਲ ਨ ਪਹੁਚਤ ਪ੍ਰਾਨੀ[2] ॥
ਅਗਮ[3] ਅਗੋਚਰ[4] ਪ੍ਰਭ ਨਿਰਬਾਨੀ[5] ॥

ਜੀਵ ਕਿਸੇ ਗਲ ਕਰਨ ਨਾਲ ਭੀ ਪਰਭੂ ਤਕ ਨਹੀਂ ਪਹੁੰਚ ਸਕਦਾ, ਕਿਉਂ ਜੋ ਉਸ ਚਿੰਤਾ ਤੇ ਵਾਸ਼ਨਾ ਤੋਂ ਰਹਿਤ ਪਰਭੂ ਨੂੰ ਜੀਵ ਦੀ ਸਰੀਰਕ ਇੰਦਰੀਆਂ ਨਾਲ ਨਹੀਂ ਪਹੁੰਚ ਸਕੀਦਾ।

ਨਿਰਾਹਾਰ[6] ਨਿਰਵੈਰ[7] ਸੁਖਦਾਈ ॥
ਤਾ ਕੀ ਕੀਮਤਿ ਕਿਨੈ ਨ ਪਾਈ ॥

ਪਰਭੂ ਨੂੰ ਕਿਸੇ ਆਸਰੇ ਜਾਂ ਖੁਰਾਕ ਦੀ ਲੋੜ ਨਹੀਂ, ਉਸ ਨੂੰ ਕਿਸੇ ਦੇ ਨਾਲ ਵੈਰ ਨਹੀਂ, ਉਹ ਸਭ ਨੂੰ ਸੁਖ ਦੇਂਦਾ ਹੈ । ਉਸ ਪਰਭੂ ਦੀ ਕੀਮਤ ਕੋਈ ਨਹੀਂ ਪਾ ਸਕਦਾ।

ਅਨਿਕ ਭਗਤ ਬੰਦਨ[8] ਨਿਤ[9] ਕਰਹਿ ॥
ਚਰਨ ਕਮਲ ਹਿਰਦੈ ਸਿਮਰਹਿ ॥

---

[1] ਕਿਸ ਗਲ ਨਾਲ । [2] ਜੀਵ। [3] ਨਾ ਮਿਲਨ ਵਾਲਾ [4] ਜਿਸ ਤੇ ਸਰੀਰ ਦੇ ਕਿਸੇ ਹਿਸੇ ਦੀ ਪਹੁੰਚ ਨ ਹੋਵੇ। [5] ਵਾਸ਼ਨਾ ਤੋਂ ਬਗੈਰ ਬੰਦਨਾ ਤੋਂ ਰਹਿਤ। [6] ਆਹਾਰ ਤੋਂ ਰਹਿਤ। ਆਸਰੇ ਜਾਂ ਖਾਨਾਂ ਖਾਨੇ ਤੋਂ ਬਗੈਰ। [7] ਜਿਸ ਨੂੰ ਕਿਸੇ ਨਾਲ ਦੁਸ਼ਮਨੀ ਨਾ ਹੋਵੇ। [8] ਨਮਸਕਾਰ। [9] ਹਰ ਰੋਜ਼।



Digitized by Panjab Digital Library | www.panjabdigilib.org

ਬੇਅੰਤ ਪ੍ਰਭੂ ਦੇ ਭਗਤ ਹਰ ਰੋਜ਼ ਪ੍ਰਭੂ ਨੂੰ ਨਮਸਕਾਰ ਕਰਦੇ ਹਨ। ਤੇ ਉਸ ਪਰਭੂ ਦੇ ਕੰਮਲ ਫੁਲ ਵਰਗੇ ਚਰਨਾਂ ਵਿਚ ਧਿਆਨ ਲਗਾਂਦੇ ਹਨ।

ਸਦ ਬਲਿਹਾਰੀ ਸਤਿਗੁਰ ਅਪੁਨੇ ॥
ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥ ੫ ॥

ਗੁਰੂ ਜੀ ਆਖਦੇ ਹਨ ਜਿਸ ਸਤਿ ਗੁਰੂ ਦੀ ਕਿਰਪਾ ਨਾਲ ਐਸਾ ਪਰਭੂ ਜਪੀਦਾ ਹੈ, ਉਸ ਸਤਿਗੁਰੂ ਤੇ ਹਮੇਸ਼ਾ ਕੁਰਬਾਂਨ ਜਾਈਏ।

ਇਹੁ ਹਰਿ ਰਸੁ ਪਾਵੈ ਜਨ ਕੋਇ ॥
ਅੰਮ੍ਰਿਤ ਪੀਵੈ ਅਮਰੁ ਸੋ ਹੋਇ ॥

ਕਿਸੇ ਵਿਰਲੇ ਜੀਵ ਨੂੰ ਹੀ ਇਹ ਹਰੀ ਦਾ ਰਸ ਮਿਲਦਾ ਹੈ। ਜੋ ਜੀਵ ਹੀ ਇਹ ਅੰਮ੍ਰਿਤ ਪੀਂਦਾ ਹੈ, ਉਹ ਮਰਨ ਜਮਨ ਤੋਂ ਰਹਿਤ ਹੋ ਜਾਂਦਾ ਹੈ।

ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥
ਜਾ ਕੈ ਮਨਿ ਪ੍ਰਗਟੇ ਗੁਨਤਾਸ[1] ॥

ਜਿਸ ਜੀਵ ਦੇ ਦਿਲ ਵਿਚ ਇਸ ਗੁਨਾਂ ਦੇ ਅਥਾਹ ਸਮੁੰਦਰ ਯਥਾ ਪਰਭੂ, ਦੀ ਰੋਸ਼ਨੀ ਹੋ ਜਾਂਦੀ ਹੈ, ਉਸ ਪੁਰਖ ਦਾ ਕਦੇ ਨੁਕਸਾਨ ਨਹੀਂ ਹੁੰਦਾ।

ਆਠ ਪਹਰ ਹਰਿ ਕਾ ਨਾਮੁ ਲੇਇ ॥
ਸਚੁ ਉਪਦੇਸੁ ਸੇਵਕ ਕਉ ਦੇਇ ॥

---

[1] ਗੁਨਾਂ ਦਾ ਸਮੁੰਦਰ, ਪ੍ਰਭੂ।



Digitized by Panjab Digital Library | www.panjabdigilib.org

ਸਤਿ ਗੁਰੂ ਹਰ ਵਕਤ ਪਰਭੂ ਦਾ ਜਾਪ ਕਰਦਾ ਹੈ ਤੇ ਇਹੋ ਹੀ ਉਪਦੇਸ਼ ਕਿ ਰਾਮ ਦਾ ਨਾਮ ਜਪੋ, ਆਪਣੇ ਸੇਵਕ ਨੂੰ ਭੀ ਦੇਂਦਾ ਹੈ।

ਮੋਹ ਮਾਇਆ ਕੈ ਸੰਗਿ ਨ ਲੇਪੁ[1] ॥
ਮਨ ਮਹਿ ਰਾਖੈ ਹਰਿ ਹਰਿ ਏਕੁ ॥

ਸਤਿਗੁਰੂ ਦੁਨੀਆਂ ਵਿਚ ਰਹਿੰਦਾ ਹੋਇਆ ਮਾਇਆਂ ਦੇ ਮੋਹ ਵਿਚ ਨਹੀਂ ਫਸਦਾ ਕਿਉਂ ਜੋ ਉਹ ਮਨ ਵਚ ਕੇਵਲ ਇਕ ਪਰਭੂ ਨੂੰ ਸਿਮਰਦਾ ਹੈ।

ਅੰਧਕਾਰ[2] ਦੀਪਕ[3] ਪਰਗਾਸੇ[4] ॥
ਨਾਨਕ ਭਰਮ ਮੋਹ ਦੁਖ ਤਹ[5] ਤੇ ਨਾਸੇ ॥ ੬ ॥

ਜਿਸ ਤਰਾਂ ਦੀਵਾ ਹੰਦੇਰੇ ਵਿਚ ਰੋਸ਼ਨੀ ਕਰਦਾ ਹੈ। ਗੁਰੂ ਜੀ ਆਖਦੇ ਹਨ; ਤਿਵੇਂ ਹੀ ਸਤਿਗੁਰੂ ਦੇ ਮਿਲਿਆਂ, ਵਹਿਮ, ਦੁਨਯਾ ਦਾ ਪਿਆਰ ਤੇ ਦੁਖ ਹਟ ਜਾਂਦੇ ਹਨ, ਤੇ ਉਸ ਦੇ ਦਿਲ ਵਿਚ ਪਰਭੂ ਨਾਮ ਦਾ ਉਜਾਲਾ ਹੋ ਜਾਂਦਾ ਹੈ।

ਤਪਤਿ ਮਾਹਿ ਠਾਢਿ ਵਰਤਾਈ ॥
ਅਨਦੁ ਭਇਆ ਦੁਖ ਨਾਠੇ ਭਾਈ ॥
ਜਨਮ ਮਰਨ ਕੇ ਮਿਟੇ ਅੰਦੇਸੇ[6] ॥
ਸਾਧੂ ਕੇ ਪੂਰਨ ਉਪਦੇਸੇ ॥

ਸਤਿ ਗੁਰੂ ਦੇ ਸਚੇ ਉਪਦੇਸ਼ ਨਾਲ ਜੀਵ ਦੇ ਦਿਲ ਵਿਚ ਜੋ ਵਿਕਾਰਾਂ ਦੀ ਅਗ ਲਗੀ ਹੋਈ ਸੀ ਉਸ ਦਿਲ ਵਿਚ ਠੰਡ ਪਏ।

---

[1] ਲਗਾਨਾ [2] ਅੰਧੇਰਾ । [3] ਦੀਵਾ । [4] ਰੋਸ਼ਨੀ । [5] ਉਸ [6] ਫਿਕਰ ।



Digitized by Panjab Digital Library | www.panjabdigilib.org

ਗਈ ਤੇ ਦਿਲ ਨੂੰ ਸ਼ਾਂਤੀ ਆ ਗਈ। ਹੇ ਭਾਈ ਦੁਖ ਰ ਹੋ ਗਏ ਤੇ ਦਿਲ ਖ਼ੁਸ਼ ਹੋ ਗਿਆ ਤੇ ਮਰਨ ਜੀਵਨ ਦੇ ਫਿਕਰ ਹਟ ਗਏ।

ਭਉ[1] ਚੂਕਾ[2] ਨਿਰਭਉ[3] ਹੋਇ ਬਸੇ ॥
ਸਗਲ ਬਿਆਧਿ[4] ਮਨ ਤੇ ਖੈ ਨਸੇ ॥

ਡਰ ਦੂਰ ਹੋ ਗਿਆ ਹੈ ਤੇ ਹੁਣ ਨਿਡਰ ਹੋ ਕੇ ਵਸਦੇ ਹਾਂ। ਸਾਰੀਆਂ ਨਾਸ ਕਰਨ ਵਾਲੀਆਂ ਬੀਮਾਰੀਆਂ ਦਿਲ ਤੋਂ ਨਸ ਗਈਆਂ ਹਨ।

ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥
ਸਾਧ ਸੰਗਿ ਜਪਿ ਨਾਮੁ ਮੁਰਾਰੀ ॥

ਜਿਸ ਪਰਭੂ ਨੇ ਸਾਨੂੰ ਪੈਦਾ ਕੀਤਾ ਸੀ ਉਸ ਨੇ ਕ੍ਰਿਪਾ ਕੀਤੀ ਹੈ ਤੇ ਸਾਧੂਆਂ ਦੀ ਸੰਗਤ ਵਿਚ ਪਰਭੂ ਦਾ ਨਾਮ ਜਪਦਾ ਹਾਂ।

ਥਿਤਿ[5] ਪਾਈ ਚੂਕੇ[6] ਭ੍ਰਮ[7] ਗਵਨ[8] ॥
ਸੁਨਿ ਨਾਨਕ ਹਰਿ ਹਰਿ ਜਸ ਸ੍ਰਵਨ[9] ॥ ੭ ॥

ਸਾਧੂਆਂ ਦੀ ਸੰਗਤ ਵਿਚ ਰਹਿਕੇ ਸ਼ਾਂਤੀ ਮਿਲ ਗਈ ਸਬ ਵਹਿਮ ਤੇ ਚੁਰਾਸੀ ਦੇ ਗੇੜੇ ਦਾ ਫਿਰਨਾ ਖਤਮ ਹੋ ਗਿਆ। ਇਹ ਅਵਸਥਾ ਕਿਸ ਤਰ੍ਹਾਂ ਆਂਦੀ ਹੈ। ਗੁਰੂ ਜੀ ਕਹਿੰਦੇ ਹਨ ਹਰੀ ਦੀ ਸੋਭਾ ਕੰਨਾਂ ਨਾਲ ਸੁਨਣ ਨਾਲ ਇਹ ਸਾਰੇ ਗੁਣ ਮਿਲਦੇ ਹਨ ਤੇ ਔਗਨ ਹਟਦੇ ਹਨ।

---

[1] ਡਰ। [2] ਖਤਮ। [3] ਨਿਡਰ। [4] ਨਾਸ ਕਰਨ ਵਾਲੀਆਂ ਬੀਮਾਰੀਆਂ। [5] ਇਸਥਰ ਸ਼ਾਂਤੀ। [6] ਖਤਮ। [7] ਵਹਿਮ। [8] ਫਿਰਨਾ। [9] ਕੰਨ।



Digitized by Panjab Digital Library | www.panjabdigilib.org

ਨਿਰਗੁਨੁ [1] ਆਪਿ ਸਰਗੁਨੁ [2] ਭੀ ਓਹੀ ॥
ਕਲਾ ਧਾਰ [3] ਜਿਨਿ ਸਗਲੀ ਮੋਹੀ. ॥

ਜਿਸ ਪਰਭੂ ਨੇ ਆਪਣੀ ਸ਼ਕਤੀ ਨਾਲ ਸੰਸਾਰ ਨੂੰ ਬਣਾਕੇ ਸਾਰੀ ਦੁਨੀਆ ਨੂੰ ਵਸ ਵਿਚ ਕੀਤਾ ਹੋਇਆ ਹੈ ਉਹ ਮਾਇਆ ਦੇ ਤਿਨਾਂ ਗੁਨਾਂ ਤੋਂ ਰਹਿਤ ਭੀ ਹੈ ਤੇ ਤਿਨਾਂ ਗੁਣਾਂ ਵਾਲੇ ਸੰਸਾਰ ਦਾ ਰੂਪ ਭੀ ਆਪ ਹੀ ਹੈ।

ਅਪਨੇ ਚਰਿਤ [4] ਪ੍ਰਭਿ ਆਪਿ ਬਨਾਏ ॥
ਅਪੁਨੀ ਕੀਮਤਿ ਆਪੇ ਪਾਏ ॥

ਪਰਭੂ ਨੇ ਇਹ ਦੁਨੀਆਂ ਰੂਪੀ ਤਮਾਸ਼ਾ ਆਪ ਹੀ ਬਨਾਇਆ ਹੈ ਤੇ ਆਪਣੀ ਸ਼ਕਤੀ ਦਾ ਆਪ ਮੁਲ ਪਾ ਸਕਦਾ ਹੈ।

ਹਰਿ ਬਿਨੁ ਦੂਜਾ ਨਾਹੀ ਕੋਇ ॥
ਸਰਬ ਨਿਰੰਤਰਿ [5] ਏਕੋ ਸੋਇ ॥

ਪਰਭੂ ਦੇ ਬਿਨਾਂ ਉਸ ਜੇਹਾ ਹੋਰ ਕੋਈ ਨਹੀ ਉਹ ਸਭ ਵਿਚ ਆਪ ਹੀ ਵਸ ਰਿਹਾ ਹੈ।

ਓਤਿ ਪੋਤਿ [6] ਰਵਿਆ ਰੂਪ ਰੰਗ ॥
ਭਏ ਪ੍ਰਗਾਸ ਸਾਧ ਕੈ ਸੰਗਿ ॥

ਤਾਣੇ ਪੇਟੇ ਦੀ ਤਰ੍ਹਾਂ ਸਾਰੇ ਰੂਪਾਂ ਤੇ ਰੰਗਾਂ ਵਿਚ ਪਰਭੂ ਆਪਹੀ ਮੌਜੂਦ ਹੈ। ਸਾਧ ਸੰਗਤ ਵਿਚ ਜਾਨ ਨਾਲ ਇਸ ਗਲ ਦੀ ਪੂਰੀ ਰੋਸ਼ਨੀ ਹੋ ਜਾਂਦੀ ਹੈ।

---

[1] ਮਾਇਆ ਦੇ ਤਿਨਾਂ ਗੁਨਾਂ ਤੋਂ ਰਹਿਤ। [2] ਜਿਸ ਵਿਚ ਮਾਇਆ ਤੇ ਤਿਨੋਂ ਗੁਨ ਹੋਣ। [3] ਤਾਕਤ, ਸ਼ਕਤੀ। [4] ਖੇਲ, ਤਮਾਸ਼ੇ। [5] ਅੰਦਰ। [6] ਤਾਨਾਂ ਪੇਟਾ।



Digitized by Panjab Digital Library | www.panjabdigilib.org

ਰਚਿ ਰਚਨਾ[1] ਅਪਨੀ ਕਲ[2] ਧਾਰੀ ॥
ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥

ਜਿਸ ਪ੍ਰਭੂ ਨੇ ਇਹ ਦੁਨੀਆਂ ਬਨਾ ਕੇ ਅਪਣੀ ਤਾਕਤ ਨਾਲ ਇਸ ਤਰ੍ਹਾਂ ਟਿਕਾਈ ਹੋਈ ਹੈ। ਗੁਰੂ ਜੀ ਆਖਦੇ ਹਨ ਅਸੀਂ ਬੇਅੰਤ ਵਾਰੀਂ ਐਸੇ ਪਰਭੂ ਤੇ ਕੁਰਬਾਨ ਜਾਈਏ।

---

[1] ਦੁਨੀਆਂ। [2] ਤਾਕਤ।



Digitized by Panjab Digital Library | www.panjabdigilib.org

## ਸਲੋਕੁ ॥

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ[1] ਸਗਲੀ ਛਾਰੁ[2]।
ਹਰਿ ਹਰਿ ਨਾਮ ਕਮਾਵਨਾ ਨਾਨਕ ਇਹੁ ਧਨੁ ਸਾਰੁ[3]॥

ਬਗ਼ੈਰ ਹਰੀ ਜਸ ਦੇ ਜੀਵ ਦੇ ਨਾਲ ਹੋਰ ਕੁਛ ਭੀ ਪਰਲੋਕ ਵਿਚ ਨਹੀ ਜਾਂਦਾ, ਇਹ ਸਾਰੀ ਦੁਨੀਆਂ ਜਿਸ ਦੇ ਵਿਚ ਜੀਵ ਦਿਲ ਲਗਾਈ ਬੈਠਾ ਹੈ, ਇਹ ਸਾਰੀ ਸੁਾਹ ਦੇ ਬਰਾਬਰ ਹੈ, ਗੁਰੂ ਜੀ ਆਖਦੇ ਹਨ ਹਰੀ ਦੇ ਨਾਮ ਦੀ ਕਮਾਈ ਕਰਨੀ ਇਹ ਹੈ ਅਸਲੀ ਦੌਲਤ ਜੋ ਜੀਵ ਦੇ ਨਾਲ ਜਾਵੇਗੀ।

### ਅਸਟਪਦੀ

ਸੰਤ ਜਨਾ ਮਿਲਿ ਕਰਹੁ ਬੀਚਾਰੁ ॥
ਏਕੁ ਸਿਮਰਿ ਨਾਮ ਅਧਾਰ[4] ॥

ਸੰਤਾਂ ਨਾਲ ਮਿਲ ਕੇ ਪਰਭੂ ਦੇ ਨਾਉਂ ਨੂੰ ਵੀਚਾਰੋ। ਇਕ ਪਰਭੂ ਦੇ ਨਾਉਂ ਨੂੰ ਹੀ ਜਪ ਤੇ ਪਰਭੂ ਦੇ ਨਾਉਂ ਦਾ ਹੀ ਆਸਰਾ ਲਵੋ।

---

1 ਮਾਇਆ। 2 ਸੁਹਾ। 3 ਅਸਲ। 4 ਆਸਰਾ।



Digitized by Panjab Digital Library | www.panjabdigilib.org

ਅਵਰਿ [1] ਉਪਾਵ [2] ਸਭ ਮੀਤ [3] ਬਿਸਾਰਹੁ ॥
ਚਰਨ ਕਮਲ ਰਿਦ [4] ਮਹਿ ਉਰਿਧਾਰਹੁ [5] ॥

ਹੇ ਦੋਸਤੋ! ਹੋਰ ਸਭ ਹੀਲੇ ਛੋੜ ਕੇ ਪਰਭੂ ਦੇ ਕਮਲ ਫੁਲ ਜੇਹ ਚਰਨ ਆਪਨੇ ਦਿਲ ਦੇ ਵਿਚ ਟਿਕਾ ਲਵੋ।

ਕਰਨ ਕਾਰਨ ਸੋ ਪ੍ਰਭ ਸਮਰਥੁ [6] ॥
ਦ੍ਰਿੜ [7] ਕਰਿ ਗਹਹੁ [8] ਨਾਮੁ ਹਰਿ ਵਥੁ [9] ॥

ਸਭ ਕਮਾਂ ਦੇ ਕਰਨ ਵਾਲਾ ਤੇ ਕਰਾਉਨ ਵਾਲਾ ਪਰਭੂ ਆਪ ਹੈ ਹਰੀ ਨਾਮ ਜੇਹੀ ਵਸਤੂ ਨੂੰ ਪੱਕਾ ਕਰ ਕੇ ਪਕੜੋ, ਤਥਾ ਪੂਰੇ ਵਿਸ਼ਵਾਸ਼ ਨਾਲ ਕੇਵਲ ਹਰੀ ਨਾਂਮ ਨੂੰ ਜਪੋ।

ਇਹੁ ਧੰਨੁ ਸੰਚਹੁ [10] ਹੋਵਹੁ ਭਗਵੰਤ [11] ॥
ਸੰਤ ਜਨਾ ਕਾ ਨਿਰਮਲ ਮੰਤ [12] ॥

ਸੰਤ ਇਹ ਹੀ ਪਵਿਤਰ ਉਪਦੇਸ਼ ਦੇਂਦੇ ਹਨ ਕੇ ਇਹੀ ਪਰਭੂ ਨਾਮ ਦਾ ਖ਼ਜ਼ਾਨਾ ਇਕਠਾ ਕਰੋ ਤੇ ਇਸੇ ਵਿਚ ਹੀ ਜੀਵ ਦੀ ਖ਼ੁਸ਼ਕਿਸਮਤੀ ਹੈ।

ਏਕ ਆਸ ਰਾਖਹੁ ਮਨ ਮਾਹਿ ॥
ਸਰਬ ਰੋਗ ਨਾਨਕ ਮਿਟਿ ਜਾਹਿ ॥ ੧ ॥

ਗੁਰੂ ਜੀ ਕਹਿੰਦੇ ਹਨ, ਕਿ ਹੇ ਜੀਵ ! ਤੂੰ ਕੇਵਲ ਇਕ ਪਰਭੂ ਦਾ ਆਸਰਾ ਲਾਏ, ਇਸ ਤਰਾਂ ਤੇਰੀਆਂ ਸਭ ਬੀਮਾਰੀਆਂ ਦੂਰ ਹੋ ਜਾਂਨਗੀਆਂ।

---

[1] ਹੋਰ। [2] ਕੋਸ਼ਸ਼ਾਂ ਹੀਲੇ। [3] ਮਿਤ੍ਰ ਦੋਸਤੋ। [4] ਦਿਲ। [5] ਅੰਦਰ ਟਿਕਾਉ। [6] ਤਾਕਤ ਰਖਦਾ ਹੈ। [7] ਪਕਾ। [8] ਪਕੜੋ। [9] ਚੀਜ਼। [10] ਇਕੱਠਾ ਕਰੋ। [11] ਭਾਗਾਂ ਵਾਲੇ [12] ਉਪਦੇਸ਼।



Digitized by Panjab Digital Library | www.panjabdigilib.org

ਜਿਸੁ ਧਨ ਕਉ ਚਾਰਿ ਕੁੰਟ [1] ਉਠਿ ਧਾਵਹਿ [2] ॥
ਸੋ ਧਨੁ ਹਰਿ ਸੇਵਾ ਤੇ ਪਾਵਹਿ ॥

ਜਿਸ ਧੰਨ ਦੇ ਇਕਠਾ ਕਰਨ ਦੀ ਖਾਤਿਰ ਤੂੰ ਹਰ ਤਰਫ ਨਠਾ ਫਿਰਦਾ ਹੈ, ਉਹੀ ਧੰਨ ਤੈਨੂੰ ਕੇਵਲ ਪਰਭੂ ਦੀ ਸੇਵਾ ਕਰਨ ਨਾਲ ਮਿਲ ਜਾਏਗਾ ।

ਜਿਸੁ ਸੁਖ ਕਉ ਨਿਤ ਬਾਛਹਿ [3] ਮੀਤ [4] ॥
ਸੋ ਸੁਖੁ ਸਾਧੂ ਸੰਗਿ ਪਰੀਤਿ [5] ॥

ਹੇ ਮਿਤ੍ਰ ! ਜਿਸ ਸੁਖ ਦੀ ਖਾਤਿਰ ਤੈਨੂੰ ਹਰੋਜ਼ ਇਤਨੀ ਤਾਂਘ ਹੈ ਉਹ ਸੁਖ ਸਾਧੂ ਦੀ ਸੰਗਤ ਵਿਚ ਰਹਿਕੇ ਪਰਭੂ ਦੇ ਨਾਲ ਮਹਬਤ ਕਰਨ ਨਾਲ ਮਿਲ ਸਕਦਾ ਹੈ ।

ਜਿਸੁ ਸੋਭਾ ਕਉ ਕਰਹਿ ਭਲੀ ਕਰਨੀ [6] ॥
ਸਾ ਸੋਭਾ ਭਜੁ ਹਰਿ ਕੀ ਸਰਨੀ ॥

ਜਿਸ ਸੋਭਾ ਲੇਣ ਦੀ ਖਾਤਿਰ ਤੂੰ ਚੰਗੇ ਕੰਮ ਕਰਦਾ ਹੈ, ਉਸੇ ਸੋਭਾ ਲੇਨ ਦੀ ਖਾਤਿਰ ਤੂੰ ਪਰਭੂ ਦੀ ਸ਼ਰਨ ਪਉ ।

ਅਨਿਕ ਉਪਾਵੀ ਰੋਗੁ ਨ ਜਾਇ ॥
ਰੋਗੁ ਮਿਟੈ ਹਰਿ ਅਵਖਧੁ [7] ਲਾਇ ॥

ਜੋ ਬੀਮਾਰੀ ਬੇਅੰਤ ਕੋਸ਼ਸ਼ਾਂ ਤੇ ਹੀਲਿਆਂ ਨਾਲ ਨਹੀ ਹਟਦੀ, ਉਹੀ ਬੀਮਾਰੀ ਹਰੀ ਰੂਪੀ ਨਾਮ ਲੈਣ ਨਾਲ ਹਟ ਜਾਂਦੀ ਹੈ ।

---

[1] ਕੁੰਡਾ, ਤਰਫਾਂ । [2] ਦੌੜਨਾਂ । [3] ਚਾਹੇ । [4] ਮਿਤ੍ਰ । [5] ਮੁਹੱਬਤ । [6] ਕੰਮ । [7] ਦਵਾਈ ।



Digitized by Panjab Digital Library | www.panjabdigilib.org

ਸਰਬ ਨਿਧਾਨ [1] ਮਹਿ [2] ਹਰਿ ਨਾਮੁ ਨਿਧਾਨੁ ॥
ਜਪਿ ਨਾਨਕ ਦਰਗਹਿ ਪਰਵਾਨੁ ॥ ੨ ॥

ਸਾਰੇ ਦੁਨਯਾਵੀ ਖਜ਼ਾਨਿਖਾਂ ਵਿਚੋਂ ਪਰਭੂ ਨਾਮ ਦਾ ਖਜ਼ਾਨਾ ਸਭ ਤੋਂ ਉਚਾ ਖਜ਼ਾਨਾ ਹੈ। ਗੁਰੂ ਜੀ ਕਹਿੰਦੇ ਹਨ ਪਰਭੂ ਦੇ ਨਾਮ ਨੂੰ ਜਪਨ ਨਾਲ ਤੂੰ ਪਰਭੂ ਦੀ ਦਰਗਾਹ ਵਿਚ ਕਬੂਲ ਹੋਵੇਂਗਾ। ਤੇ ਚੋਰਾਸੀ ਤੋਂ ਛੁਟਕਾਰਾ ਹੋ ਜਾਵੇਗਾ।

ਮਨੁ ਪਰਬੋਧਹੁ [3] ਹਰਿ ਕੈ ਨਾਇ ॥
ਦਹਦਿਸਿ [4] ਧਾਵਤ [5] ਆਵੈ ਠਾਇ [6] ॥

ਹੇ ਭਾਈ ! ਆਪਣੇ ਮਨ ਨੂੰ ਪਰਭੂ ਦੇ ਨਾਮ ਨਾਲ ਜਗਾਉ। ਇਸ ਤਰ੍ਹਾਂ ਰਾਮ ਦਾ ਨਾਂ ਲੈਣ ਨਾਲ ਇਹ ਤੇਰਾ ਚੰਚਲ ਮਨ ਜੋ ਹਰ ਤਰਫ ਦੌੜਿਆ ਫਿਰਦਾ ਹੈ ਉਹ ਇਕ ਜਗਾ ਟਿਕ ਜਾਵੇਗਾ ਪਰਭੂ ਦਾ ਨਾਂ ਲੈਣ ਨਾਲ ਤੇਰੇ ਮਨ ਨੂੰ ਸ਼ਾਂਤੀ ਆ ਜਾਵੇਗੀ।

ਤਾ ਕਉ ਬਿਘਨੁ [7] ਨ ਲਾਗੈ ਕੋਇ ॥
ਜਾ ਕੈ ਰਿਦੈ ਬਸੈ ਹਰਿ ਸੋਇ ॥

ਜਿਸ ਜੀਵ ਦੇ ਦਿਲ ਵਿਚ ਉਹ ਪਰਭੂ ਆਪ ਵਸਦਾ ਹੈ ਉਸ ਨੂੰ ਕੋਈ ਦੁਖ ਨਹੀਂ ਲਗਦਾ ਤੇ ਕੋਈ ਤਕਲੀਫ ਨਹੀਂ ਹੁੰਦੀ।

ਕਲਿ [8] ਤਾਤੀ [9] ਠਾਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖੁ ਪਾਉ ॥

---

1 ਖਜ਼ਾਨਾ। 2 ਉਚਾ। 3 ਜਗਾਨਾ। 4 ਪਾਸੇ। 5 ਦੌੜਦਾ। 6 ਟਿਕ। 7 ਦੁਖ। 8 ਕਲਜੁਗ। 9 ਤਤੀ।



Digitized by Panjab Digital Library | www.panjabdigilib.org

ਕਲਜੁਗ ਵਿਚ ਜੀਵ ਵਿਕਾਰਾਂ ਨਾਲ ਅਗ ਦੀ ਤਰ੍ਹਾਂ ਸੜ ਰਹੇ ਹਨ ਪਰਭੂ ਦਾ ਨਾਮ ਠੰਡਾ ਹੈ ਤੇ ਉਹ ਵਿਕਾਰਾਂ ਦੀ ਅਗ ਨੂੰ ਬੁਝਾ ਦੇਂਦਾ ਹੈ। ਹੇ ਜੀਵ ਉਸ ਪਰਭੂ ਦੇ ਨਾਉਂ ਨੂੰ ਹਰ ਵੇਲੇ ਚੇਤ ਕਰ ਤੇ ਇਸ ਤਰ੍ਹਾਂ ਸੁਖ ਪਾਏਂਗਾ।

ਭਉ [1] ਬਿਨਸੈ [2] ਪੂਰਨ ਹੋਇ ਆਸ ॥
ਭਗਤਿ ਭਾਇ [3] ਆਤਮ ਪਰਗਾਸ ॥

ਭਗਤੀ ਨਾਲ ਪਿਆਰ ਕਰਨ ਨਾਲ ਜੀਵ ਦੇ ਹਿਰਦੇ ਵਿਚ ਰੋਸ਼ਨੀ ਹੋ ਜਾਂਦੀ ਹੈ, ਉਸ ਦੇ ਸਭ ਡਰ ਦੂਰ ਹੋ ਜਾਂਦੇ ਹਨ ਤੇ ਜੀਵ ਦੀਆਂ ਸਭ ਖ਼ਾਹਿਸ਼ਾਂ ਪੂਰੀਆਂ ਹੋ ਜਾਂਦੀਆਂ ਹਨ।

ਤਿਤੁ [4] ਘਰਿ ਜਾਇ ਬਸੈ ਅਬਿਨਾਸੀ ॥
ਕਹੁ ਨਾਨਕ ਕਾਟੀ ਜਮ ਫਾਸੀ ॥ ੩ ॥

ਪਰਭੂ ਦਾ ਨਾਮ ਲੈਨ ਨਾਲ ਉਸ ਨਾਸ ਤੋ ਰਹਿਤ ਪ੍ਰਭੂ ਦਾ ਜੀਵ ਦੇ ਘਰ (ਰਿਦੇ) ਵਿਚ ਵਾਸਾ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਸ ਤਰਾਂ ਜੀਵ ਦੀ ਮੌਤ ਦੀ ਫਾਂਸੀ ਕਟੀ ਜਾਂਦੀ ਹੈ ਤੇ ਪ੍ਰਭੂ ਦਾ ਨਾਂ ਲੈਨ ਨਾਲ ਜੀਵ ਮੌਤ ਕੋਲੋਂ ਨਹੀਂ ਡਰਦਾ।

ਤਤੁ ਬੀਚਾਰੁ ਕਹੈ ਜਨੁ ਸਾਚਾ ॥
ਜਨਮਿ ਮਰੈ ਸੋ ਕਾਚੋ ਕਾਚਾ ॥

ਜੋ ਜੀਵ ਵਾਹਿਗੁਰੂ ਦਾ ਨਾਮ ਜਪਦਾ ਹੈ ਉਹ ਹੀ ਸਚਾ ਪੁਰਸ਼ ਹੈ ਜੋ ਜੀਵ ਜੰਮਦਾ ਹੈ ਤੇ ਮਰ ਜਾਂਦਾ ਹੈ ਤੇ ਪਰਭੂ ਦਾ ਨਾਮ ਨਹੀਂ ਲੈਂਦਾ ਉਹ ਬਿਲਕੁਲ ਕਚਾ ਜੀਵ ਹੈ।

---

[1] ਡਰ। [2] ਹਟ ਜਾਂਦਾ ਹੈ। [3] ਪਰੇਮ। [4] ਵਾਹਿਗੁਰੂ।



Digitized by Panjab Digital Library | www.panjabdigilib.org

ਆਵਾਗਵਨੁ[1] ਮਿਟੈ ਪ੍ਰਭ ਸੇਵ ॥
ਆਪੁ ਤਿਆਗਿ ਸਰਨਿ ਗੁਰਦੇਵ ॥

ਪਰਭੂ ਦੀ ਸੇਵਾ ਕਰਨ ਨਾਲ ਜੀਵ ਦਾ ਚੋਰਾਸੀ ਦਾ ਗੇੜ ਕਟਿਆ ਜਾਂਦਾ ਹੈ ਤੇ ਉਹ ਮਰਨ ਜਮਨ ਤੋਂ ਬਚ ਜਾਂਦਾ ਹੈ ਹੇ ਜੀਵ ! ਤੂੰ ਆਪਾ-ਭਾਵ ਤਿਆਗ ਕੇ ਸਤਿਗੁਰੂ ਦੀ ਸ਼ਰਨ ਲਏ।

ਇਉ ਰਤਨ[2] ਜਨਮ ਕਾ ਹੋਇ ਉਧਾਰੁ[3] ॥
ਹਰਿ ਹਰਿ ਸਿਮਰਿ ਪ੍ਰਾਨ[4] ਆਧਾਰੁ[5] ॥

ਪਰਭੂ ਦਾ ਨਾ ਹੀ ਅਸਲ ਜੀਵ ਨੂੰ ਆਸਰਾ ਦੇਂਦਾ ਹੈ ਇਸ ਤਰਾਂ ਪਰਭੂ ਦਾ ਨਾਂ ਲੈਨ ਨਾਲ ਹੀਰੇ ਜੈਸਾ ਮਨੁਖਾ ਜਨਮ ਸਫਲਾ ਹੋ ਜਾਂਦਾ ਹੈ।

ਅਨਿਕ ਉਪਾਵ ਨ ਛੂਟਨਹਾਰੇ ॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥
ਹਰਿ ਕੀ ਭਗਤਿ ਕਰਹੁ ਮਨੁ ਲਾਇ ॥
ਮਨ ਬੰਛਤ ਨਾਨਕ ਫਲ ਪਾਇ ॥ ੪ ॥

ਸਿੰਮ੍ਰਿਤੀਆਂ, ਸ਼ਾਸਤਰਾਂ, ਵੇਦਾਂ ਦੇ ਪੜ੍ਹਨ ਤੇ ਇਸੇ ਤਰ੍ਹਾਂ ਹੋਰ ਬੇਅੰਤ ਹੀਲੇ ਕੀਤਿਆਂ ਭੀ ਜੀਵ ਆਵਾਗਵਨ ਤੋਂ ਨਹੀਂ ਛੁਟਦਾ। ਹੇ ਜੀਵ ! ਹਰੀ ਭਗਤੀ ਦਿਲ ਲਾਕੇ ਕਰ ਗੁਰੂ ਜੀ ਕਹਿੰਦੇ ਹਨ ਇਸ ਤਰ੍ਹਾਂ ਕਰਨ ਨਾਲ ਤੈਨੂੰ ਦਿਲ ਮਨੀਦਾ ਫਲ ਮਿਲ ਜਾਵੇਗਾ।

---

[1] ਚੋਰਾਸੀ ਦਾ ਗੇੜ। [2] ਹੀਰੇ ਜੇਹਾ ਮਨੁਖਾ ਜਨਮ। [3] ਸਫਲ
[4] ਰੂਹ। ਆਸਰਾ।



Digitized by Panjab Digital Library | www.panjabdigilib.org

ਸੰਗਿ ਨ ਚਾਲਸਿ ਤੇਰੈ ਧਨਾ ॥
ਤੂੰ ਕਿਆ ਲਪਟਾਵਹਿ ਮੂਰਖ ਮਨਾ ॥

ਹੇ ਮੂਰਖ ਮਨ! ਇਹ ਦੁਨਿਆਵੀ ਦੌਲਤਾਂ ਤਰੇ ਨਾਲ ਨਹੀਂ ਜਾਣਗੀਆਂ ਤੂੰ ਇਹਨਾਂ ਨਾਲ ਕਿਉਂ ਇਤਨੀ ਮੁਹੱਬਤ ਲਗਾਈ ਹੋਈ ਹੈ।

ਸੁਤ [1] ਮੀਤ [2] ਕੁਟੰਬ [3] ਅਰੁ ਬਨਿਤਾ [4] ॥
ਇਨ ਤੇ ਕਹਹੁ ਤੁਮ ਕਵਨ ਸਨਾਥਾ [5] ॥

ਪੁਤ੍ਰ, ਮਿਤ੍ਰ, ਪਰਵਾਰ ਤੇ ਔਰਤ, ਇਹਨਾਂ ਵਿਚੋਂ ਕੋਈ ਭੀ ਤੇਰਾ ਸਾਥ ਅੰਤ ਸਮੇਂ ਨਹੀਂ ਦੇਵੇਗਾ ਤੂੰ ਇਹਨਾਂ ਦਾ ਕਿਉਂ ਮਾਲਕ ਬਨਿਆਂ ਬੈਠਾ ਹੈ।

ਰਾਜ ਰੰਗ ਮਾਇਆ ਬਿਸਥਾਰ [6] ॥
ਇਨ ਤੇ ਕਹਹੁ ਕਵਨ ਛੁਟਕਾਰ ॥

ਰਾਜ ਪਾਟ ਰੰਗ ਰਲੀਆਂ ਤੇ ਮਾਇਆ ਦੇ ਪਸਾਰੇ ਇਹਨਾਂ ਨਾਲ ਜੋ ਤੂੰ ਪਿਆਰ ਪਾ ਲਿਆ ਹੈ ਦਸ ਇਹਨਾਂ ਵਿਚੋਂ ਕੇਹੜੀ ਚੀਜ਼ ਤੈਨੂੰ ਦੁਨੀਆਂ ਤੋਂ ਹਮੇਸ਼ਾਂ ਲਈ ਤਾਰ ਸਕਦੀ ਹੈ!

ਅਸੁ [7] ਹਸਤੀ [8] ਰਥ ਅਸਵਾਰੀ ॥
ਝੂਠਾ ਡੰਫੁ [9] ਝੂਠੁ ਪਾਸਾਰੀ [10] ॥

ਘੋੜੇ ਹਾਥੀ ਤੇ ਰਥਾਂ ਦੀ ਸਵਾਰੀ ਇਹ ਸਬ ਝੂਠਾ ਦਿਖਾਵਾ ਹੈ ਤੇ ਇਹਨਾਂ ਦੇ ਪਸਾਰਾ ਕਰਨ ਵਾਲਾ ਭੀ ਝੂਠਾ ਹੈ।

---

1 ਪੁਤ੍ਰ। 2 ਮਿਤ੍ਰ, ਦੋਸਤ। 3 ਕਬੀਲਾ, ਪਰਵਾਰ। 4 ਇਸਤ੍ਰੀ। 5 ਸਾਥ ਦੇਣ ਵਾਲਾ ਮਾਲਕ। 6 ਪਸਾਰਾ। 7 ਘੋੜੇ। 8 ਹਾਥੀ। 9 ਦਿਖਾਵਾ। 10 ਖਿਲਾਰਾ।



Digitized by Panjab Digital Library | www.panjabdigilib.org

ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ [1] ॥
ਨਾਮੁ ਬਿਸਾਰਿ [2] ਨਾਨਕ ਪਛੁਤਾਨਾ ॥ ੫ ॥

ਹੇ ਮੂਰਖ ਜੀਵ ! ਜਿਸ ਪਰਭੂ ਨੇ ਇਹ ਸਾਰੇ ਪਦਾਰਥ ਦਿਤੇ ਹਨ ਉਸ ਨੂੰ ਤੂੰ ਪਛਾਣਦਾ ਭੀ ਨਹੀਂ ਹੈਂ। ਗੁਰੂ ਜੀ ਕਹਿੰਦੇ ਹਨ ਕਿ ਪਰਭੂ ਦਾ ਨਾਮ ਭੁਲਨ ਨਾਲ ਤੂੰ ਪਛੁਤਾਏਂਗਾ।

ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥

ਹੇ ਨਾਦਾਨ ਜੀਵ ! ਤੂੰ ਗੁਰੂ ਜੀ ਦੀ ਸਿਖਿਆ ਤੇ ਤੁਰ। ਵਡੇ ਵਡੇ ਸਿਆਣੇ ਜੀਵ ਭੀ ਭਗਤੀ ਤੋਂ ਬਿਨਾਂ ਦੁਨੀਆਂ ਦੇ ਬੁਰੇ ਕੰਮਾਂ ਵਿਚ ਡੂਬ ਗਏ ਹਨ।

ਹਰਿ ਕੀ ਭਗਤਿ ਕਰਹੁ ਮਨ ਮੀਤ ॥
ਨਿਰਮਲ [3] ਹੋਇ ਤੁਮਾਰੋ ਚੀਤ [4] ॥

ਹੇ ਮੇਰੇ ਮਿਤ੍ਰ ! ਪ੍ਰਭੂ ਦੀ ਭਗਤੀ ਦਿਲ ਨਾਲ ਕਰ। ਇਸ ਤਰਾਂ ਨਾਲ ਤੇਰਾ ਮਨ ਪਵਿਤ੍ਰ ਹੋ ਜਾਵੇਗਾ।

ਚਰਨ ਕਮਲ ਰਾਖਹੁ ਮਨ ਮਾਹਿ ॥
ਜਨਮ ਜਨਮ ਕੇ ਕਿਲਬਿਖ [5] ਜਾਹਿ ॥

ਪਰਭੂ ਦੇ ਕੰਮਲ ਫੁਲ ਵਰਗੇ ਚਰਨਾਂ ਨਾਲ ਦਿਲ ਦਾ ਪਿਆਰ ਲਗਾ ਇਸ ਤਰਾਂ ਜਨਮ ਜਨਮਾਂਤਰਾਂ ਦੇ ਤੇਰੇ ਪਾਪ ਕਟੇ ਜਾਂਨਗੇ।

---

[1] ਬਗੈਰ ਗਿਆਨ ਦੇ ਮੂਰਖ। [2] ਭੁਲ। [3] ਪਵਿਤ੍ਰ। [4] ਮਨ। [5] ਪਾਪ।



Digitized by Panjab Digital Library | www.panjabdigilib.org

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ[1] ਗਤਿ[2] ਪਾਵਹੁ ।

ਹੇ ਭਾਈ ਤੂੰ ਆਪ ਭੀ ਪਰਭੂ ਦਾ ਨਾਮ ਜਪ ਤੇ ਹੋਰਨਾਂ ਨੂੰ ਭੀ ਜਪਾ ਪਰਭੂ ਦਾ ਨਾਮ ਸੁਨਨ ਤੇ ਕਹਿਨ ਤੇ ਉਸ ਦੀ ਸ਼ਰਨ ਵਿਚ ਰਹਿਣ ਨਾਲ ਤੇਰਾ ਚਾਲ ਚਲਨ ਬੜਾ ਉਚਾ ਹੋ ਜਾਵੇਗਾ ।

ਸਾਰ[3] ਭੂਤ[4] ਸਤਿ[5] ਹਰਿ ਕੋ ਨਾਉ ॥
ਸਹਜਿ ਸੁਭਾਇ ਨਾਨਕ ਗੁਨ ਗਾਉ ॥ ੬ ॥

ਸਚਾ ਪਰਭੂ ਦਾ ਨਾਮ ਸਭ ਤੋਂ ਉਚੀ ਤੇ ਚੰਗੀ ਵਸਤੂ ਹੈ । ਗੁਰੂ ਜੀ ਕਹਿੰਦੇ ਹਨ ਤੂੰ ਬਿਲਕੁਲ ਤਸੱਲੀ ਨਾਲ ਉਸ ਪਰਭੂ ਦੇ ਗੁਨ ਗਾਂਦਾ ਜਾ ਤੇ ਤੇਰਾ ਬੇੜਾ ਪਾਰ ਹੋ ਜਾਵੇਗਾ ।

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ[6] ਜਾਇ ਹਉਮੈ[7] ਬਿਖੁ[8] ਫੈਲੁ[9] ॥

ਪਰਭੂ ਦੇ ਗੁਨ ਗਾਂਨ ਨਾਲ ਤੇਰੀ ਵਿਕਾਰਾਂ ਦੀ ਮੈਲ ਉਤਰ ਜਾਵੇਗੀ ਤੇ ਤੇਰੇ ਗਰੂਰ-ਰੂਪੀ ਜ਼ਹਿਰ ਦੇ ਫੈਲਾਉ ਦਾ ਨਾਸ ਹੋ ਜਾਏਗਾ ।

ਹੋਹਿ ਅਚਿੰਤੁ[10] ਬਸੈ ਸੁਖਿ ਨਾਲ ॥
ਸਾਸਿ[11] ਗ੍ਰਾਸਿ[12] ਹਰਿ ਨਾਮੁ ਸਮਾਲ ॥

---

[1] ਰਹਿੰਦਿਆਂ । [2] ਉਚੀ ਅਵਸਥਾ । [3] ਸਭ ਤੋਂ ਚੰਗੀ [4] ਸ਼ਾਏ ਵਸਤੂ । [5] ਸਚਾ । [6] ਨਾਸ ਹੋਣਾ । [7] ਗਰੂਰ ਹੰਕਾਰ । [8] ਜ਼ਹਿਰ । [9] ਖਿਲਾਰਾ । [10] ਬੇਫਿਕਰ । [11] ਹਰ ਸਾਂਸ । [12] ਗ੍ਰਾਹੀ (ਰੋਟੀ) ਖਾਂਦਿਆਂ ।



Digitized by Panjab Digital Library | www.panjabdigilib.org

ਹਰ ਸਾਹ ਨਾਲ ਤੇ ਰੋਟੀ ਖਾਂਦਿਆਂ ( ਹਰ ਦਮ ) ਤੂੰ ਪਰਭੂ ਦਾ ਨਾਮ ਸਿਮਰ। ਤੂੰ ਬੇਫਿਕਰ ਹੋ ਜਾਏਂਗਾ ਤੇ ਸੁਖ ਦੀ ਜ਼ਿੰਦਗੀ ਗੁਜ਼ਾਰੇਂਗਾ।

ਛਾਡਿ ਸਿਆਨਪ ਸਗਲੀ ਮਨਾ ॥
ਸਾਧ ਸੰਗਿ ਪਾਵਹਿ ਸਚੁ ਧਨਾ ॥

ਹੇ ਮਨ! ਤੂੰ ਸਭ ਸਿਆਨਪਾਂ ਤੇ ਚਲਾਕੀਆਂ ਛੋੜਦੇ। ਸਚਾ ਸੌਦਾ ਜੋ ਪਰਲੋਕ ਵਿਚ ਭੀ ਨਾਲ ਤੇਰੇ ਜਾਵੇਗਾ ਸਤ-ਸੰਗ ਵਿਚ ਮਿਲੇਗਾ

ਹਰਿ ਪੂੰਜੀ [1] ਸੰਚਿ [2] ਕਰਹੁ ਬਿਉਹਾਰੁ [3] ॥
ਈਹਾਂ ਸੁਖੁ ਦਰਗਹ ਜੈਕਾਰੁ [4] ॥

ਪਰਭੂ ਨਾਮ ਦਾ ਸਰਮਾਇਆ ਇਕਠਾ ਕਰ ਤੇ ਪਰਭੂ ਨਾਮ ਦਾ ਵਪਾਰ ਕਰ, ਇਹ ਹੀ ਨਾਮ ਆਪ ਜਪ ਤੇ ਹੋਰਨਾਂ ਨੂੰ ਭੀ ਜਪਾ, ਇਸ ਤਰਾਂ ਕਰਨ ਨਾਲ ਇਸ ਸੰਸਾਰ ਵਿਚ ਤੈਨੂੰ ਸੁਖ ਮਿਲੇਗਾ ਤੇ ਪਰਲੋਕ ਵਿਚ ਤੈਨੂੰ ਹਰਿ ਕੋਈ ਜੀ ਆਇਆਂ ਕਰੇਗਾ।

ਸਰਬ ਨਿਰੰਤਰਿ ਏਕੋ ਦੇਖੁ ॥
ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥੭॥

ਸਭ ਜੀਵਾਂ ਦੇ ਦਿਲਾਂ ਵਿਚ ਇਕੋ ਪਰਭੂ ਨੂੰ ਵੇਖ। ਗੁਰੂ ਜੀ ਕਹਿੰਦੇ ਹਨ, ਇਹ ਸਭ ਕੁਛ ਉਹੀ ਜੀਵ ਕਰ ਸਕਦਾ ਹੈ ਜਿਸ ਦੀ ਕਿਸਮਤ ਵਿਚ ਇਹ ਪਰਭੂ ਨੇ ਲਿਖਿਆ ਹੋਵੇ।

---

[1] ਸਰਮਾਇਆ। [2] ਇਕੱਠਾ ਕਰ। [3] ਵਪਾਰ। [4] ਅਨੰਦ ਖੁਸ਼ੀ।



Digitized by Panjab Digital Library | www.panjabdigilib.org

ਏਕੋ ਜਪਿ ਏਕੋ ਸਾਲਾਹਿ[1] ॥
ਏਕੁ ਸਿਮਰਿ ਏਕੋ ਮਨ[2] ਆਹਿ[3] ॥

ਹ ਮਨ! ਤੂੰ ਕੇਵਲ ਇਕੋ ਪਰਭੂ ਨੂੰ ਯਾਦ ਕਰ ਤੇ ਉਸੇ ਪਰਭੂ ਦੇ ਹੀ ਗੁਨ ਗਾ। ਉਸ ਪਰਭੂ ਦਾ ਨਾਮ ਹੀ ਜਪ ਤੇ ਇਕੋ ਪਰਭੂ ਮਿਲਨ ਦੀ ਤਾਂਘ ਰਖ।

ਏਕਸ ਕੇ ਗੁਨ ਗਾਉ ਅਨੰਤ[4] ॥
ਮਨਿ ਤਨਿ ਜਾਪਿ ਏਕ ਭਗਵੰਤ[5] ॥

ਹੇ ਜੀਵ ! ਤੂੰ ਕੇਵਲ ਇਕ ਪਰਭੂ ਦੇ ਹੀ ਗੁਨ ਗਾਂਦਾ ਜਾ ਤੇ ਇਕ ਭਗਵਾਨ ਦੇ ਨਾਉਂ ਦਾ ਤਨੋਂ ਮਨੋਂ ਜਾਪ ਕਰ।

ਏਕੋ ਏਕੁ ਏਕੁ ਹਰਿ ਆਪਿ ॥
ਪੂਰਨ[6] ਪੂਰਿ ਰਹਿਓ ਪ੍ਰਭੁ ਬਿਆਪਿ[7] ॥

ਸਭ ਜਗ੍ਹਾ ਤੇ ਪਰਭੂ ਆਪ ਹੀ ਆਪ ਹ, ਉਹ ਬੇਮਿਸਾਲ ਹੈ। ਉਹ ਪਰਭੂ ਹਰ ਜੀਵ ਤੇ ਹਰ ਚੀਜ਼ ਵਿਚ ਵਸ ਰਿਹਾ ਹੈ

ਅਨਿਕ ਬਿਸਥਾਰ[8] ਏਕ ਤੇ ਭਏ ॥
ਏਕੁ ਅਰਾਧਿ[9] ਪਰਾਛਤ[10] ਗਏ ॥

ਇਕ ਪਰਭੂ ਤੋਂ ਜਗਤ ਵਿਚ ਬੇਅੰਤ ਖਿਲਾਰੇ ਹੋ ਗਏ ਹਨ। ਇਕ ਪਰਭੂ ਦਾ ਨਾਉਂ ਸਿਮਰਨ ਨਾਲ਼ ਸਭ ਪਾਪ ਦੂਰ ਹੋ ਜਾਂਦੇ ਹਨ

ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥ ੮ ॥ ੧੯ ॥

ਜਿਸ ਜੀਵ ਦੇ ਤਨ ਤੇ ਮਨ ਵਿਚ ਇਕੋ ਪਰਭੂ ਦਾ ਪ੍ਰੇਮ ਹੀ ਲੱਗਾ ਹੋਇਆ ਹੈ। ਗੁਰੂ ਜੀ ਕਹਿੰਦੇ ਹਨ ਕਿ ਗੁਰਾਂ ਦੀ ਮੇਹਰ ਨਾਲ ਉਸ ਜੀਵ ਨੇ ਪਰਭੂ ਨੂੰ ਪਛਾਂਨ ਲੀਤਾ ਹੈ।

---

[1] ਸਫਤ ਕਰ। [2] ਹੇ ਮਨ। [3] ਚਾਹ ਕਰ। [4] ਬੇਅੰਤ। [5] ਭਗਵਾਨ। [6] ਪਰਭੂ। [7] ਵਸ। [8] ਖਿਲਾਰੇ। [9] ਯਾਦ [10] ਪਾਪ।



Digitized by Panjab Digital Library | www.panjabdigilib.org

# ਸਲੋਕੁ

ਫਿਰਤ ਫਿਰਤ ਪ੍ਰਭੁ ਆਇਆ ਪਰਿਆ ਤਉ ਸਰਨਾਇ ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥

ਹੇ ਪਰਭੂ ਜੀ ! ਭਟਕਦਾ ੨ ਮੈਂ ਹੁਣ ਤੇਰੇ ਚਰਨਾਂ ਵਿਚ ਆ ਡਿਗਾ ਹਾਂ! ਹੋਰ ਸਭ ਪਾਸੋ ਨਿਰਾਸ਼ ਹੋ ਕੇ ਹੁਣ ਕੇਵਲ ਤੇਰਾ ਆਸਰਾ ਹੀ ਤਕਿਆ ਹੈ। ਗੁਰੂ ਜੀ ਕਹਿੰਦੇ ਹਨ ਹੇ ਪਰਭੂ ਜੀ ਅਸੀਂ ਬੇਨਤੀ ਕਰਦੇ ਹਾਂ ਕਿ ਤੂੰ ਹੁਣ ਸਾਨੂੰ ਆਪਨੀ ਭਗਤੀ ਵਿਚ ਜੋੜ ਲਾਏ।

## ਅਸਟਪਦੀ

ਜਾਚਕ[1] ਜਨੁ ਜਾਚੈ ਪ੍ਰਭੁ ਦਾਨੁ ॥
ਕਰਿ ਕਿਰਪਾ ਦੇਵਹੁ ਹਰਿ ਨਾਮ ॥

ਹੇ ਪਰਭੂ ਜੀ ! ਇਹ ਮੰਗਤਾ ਤੇਰੇ ਨਾਮ ਦੀ ਖ਼ਰੈਤ ਮੰਗਦਾ ਹੈ। ਹੇ ਹਰੀ ! ਮੇਰੇ ਤੇ ਮੇਹਰ ਕਰੋ ਤੇ ਦਾਸ ਨੂੰ ਆਪਨਾ ਨਾਮ ਬਖਸ਼ੋ।

---

[1] ਮੰਗਤਾ ਭਿਖਾਰੀ।



Digitized by Panjab Digital Library | www.panjabdigilib.org

ਸਾਧ ਜਨਾ ਕੀ ਮਾਗਉ ਧੂਰ ॥
ਪਾਰਬ੍ਰਹਮ ਮੇਰੀ ਸਰਧਾ[1] ਪੂਰਿ ॥
ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥
ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥
ਚਰਨ ਕਮਲ ਸਿਉ ਲਾਗੈ ਪ੍ਰੀਤਿ ॥
ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥
ਏਕ ਓਟ ਏਕੋ ਆਧਾਰੁ ॥
ਨਾਨਕੁ ਮਾਗੈ ਨਾਮੁ ਪ੍ਰਭ ਸਾਰੁ[2] ॥ ੧ ॥

ਹੇ ਪਰਭੂ ! ਮੇਰੀ ਖ਼ਾਇਸ਼ ਪੂਰੀ ਕਰੋ। ਦਾਸ ਸਾਧੂਆਂ ਦੇ ਚਰਨਾਂ ਦੀ ਧੂੜੀ ਮੰਗਦਾ ਹੈ।

ਹੇ ਪਰਭੂ ! ਦਾਸ ਦੀ ਇਹ ਇਛਾ ਹੈ ਕਿ ਮੈਂ ਹਮੇਸ਼ਾ ਪਰਭੂ ਦੇ ਗੁਨ ਗਾਂਦਾ ਰਹਾਂ ਹਰ ਦਮ ਤੈਨੂੰ ਯਾਦ ਕਰਾਂ ਤੇਰੇ ਕਮਲਫੁਲ ਵਰਗੇ ਕੋਮਲ ਚਰਨਾਂ ਨਾਲ ਮੇਰਾ ਪਿਆਰ ਬਨਿਆ ਰਹੇ ਤੇ ਮੈਂ ਪਰਭੂ ਦੀ ਭਗਤੀ ਵਿਚ ਹਰੋਜ਼ ਲਗਾ ਰਹਾਂ। ਇਕ ਤੇਰੇ ਨਾਉਂ ਦਾ ਮੈਨੂੰ ਆਸਰਾ ਹੈ ਤੇ ਸਿਰਫ ਤੇਰੇ ਨਾਉਂ ਤੇ ਮੈਨੂੰ ਯਕੀਨ ਹੈ। ਗੁਰੂ ਜੀ ਆਖਦੇ ਹਨ ਕਿ ਹੇ ਪਰਭੂ ਜੀ ! ਅਸੀ ਤੇਰੇ ਸੁਚਾ ਤੇ ਵਡੇ ਨਾਂ ਦੀ ਮੰਗ ਮੰਗਦੇ ਹਾਂ।

ਪ੍ਰਭ ਕੀ ਦ੍ਰਿਸਟਿ[3] ਮਹਾ ਸੁਖੁ ਹੋਇ ॥
ਹਰਿ ਰਸੁ ਪਾਵੈ ਬਿਰਲਾ ਕੋਇ ॥

ਜਿਸ ਤੇ ਪਰਭੂ ਦੀ ਮੇਹਰ ਦੀ ਨਜ਼ਰ ਹੋ ਜਾਵੇ ਉਸ ਨੂੰ ਬੜਾ ਸੁਖ ਮਿਲਦਾ ਹੈ, ਪਰ ਹਰੀ ਨਾਮ ਦਾ ਰਸ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ।

---

[1] ਖਾਹਿਸ਼। [2] ਸਭ ਤੋਂ ਚੰਗਾ। [3] ਮੇਹਰ ਦੀ ਨਜ਼ਰ।



Digitized by Panjab Digital Library | www.panjabdigilib.org

ਜਿਨ ਚਾਖਿਆ ਸੇ ਜਨ ਤ੍ਰਿਪਤਾਨੇ [1] ॥
ਪੂਰਨ ਪੁਰਖ ਨਹੀ ਡੋਲਾਨੇ ॥
ਸੁਭਰ [2] ਭਰੇ ਪ੍ਰੇਮ ਰਸ ਰੰਗਿ ॥
ਉਪਜੈ [3] ਚਾਉ ਸਾਧ ਕੈ ਸੰਗਿ ॥

ਜਿਨ੍ਹਾਂ ਨੇ ਹੀ ਹਰੀ ਰਸ ਚਾਖਿਆ ਹੈ ਉਹੀ ਰਜ ਗਏ ਹਨ, ਉਹ ਪੁਰਖ ਸਚੇ ਹੋ ਗਏ ਹਨ ਤੇ ਮਾਇਆ ਦੇ ਫੰਦੇ ਤੇ ਨੁਕਸਾਨ ਹੋਣ ਨਾਲ ਉਨ੍ਹਾਂ ਦੇ ਪੈਰ ਨਹੀਂ ਉਖੜਦੇ। ਉਹ ਜੀਵ ਪਰਭੂ ਦੇ ਪਰੇਮ ਦੀ ਰਸ ਨਾਲ ਨਕੋ ਨਕ ਭਰੇ ਰਹਿੰਦੇ ਹਨ। ਸਾਧ ਸੰਗਤ ਵਿਚ ਜਾਂਨ ਨਾਲ ਉਨ੍ਹਾਂ ਦੇ ਦਿਲ ਵਿਚ ਹੀ ਪਰਭੂ ਦੇ ਮਿਲਨ ਦਾ ਸ਼ੌਕ ਪੈਦਾ ਹੋ ਜਾਂਦਾ ਹੈ।

ਪਰੇ ਸਰਨਿ ਆਨ [4] ਸਭ ਤਿਆਗਿ ॥
ਅੰਤਰਿ ਪ੍ਰਗਾਸ ਅਨਦਿਨੁ [5] ਲਿਵ ਲਾਗਿ ॥

ਜੋ ਜੀਵ ਹੋਰ ਸਭ ਆਸਰੇ ਛੋੜ ਕੇ ਇਕ ਪਰਭੂ ਦੀ ਸ਼ਰਨ ਲੈਂਦੇ ਹਨ। ਉਨ੍ਹਾਂ ਦੇ ਅੰਦਰ ਰੋਸ਼ਨੀ ਹੋ ਜਾਂਦੀ ਹੈ ਤੇ ਉਹ ਦਿਨ ਰਾਤ ਪਰਭੂ ਦੇ ਚਰਨਾਂ ਵਿਚ ਲਿਵ ਲਗਾਈ ਰਖਦੇ ਹਨ।

ਬਡਭਾਗੀ ਜਪਿਆ ਪ੍ਰਭੁ ਸੋਇ ॥
ਨਾਨਕ ਨਾਮਿ ਰਤੇ ਸੁਖੁ ਹੋਇ ॥ ੨ ॥

ਜੋ ਪਰਭੂ ਨੂੰ ਜਪਦੇ ਹਨ ਉਹ ਵਡੇ ਭਾਗਾਂ ਵਾਲੇ ਹਨ। ਗੁਰੂ ਜੀ ਆਖਦੇ ਹਨ ਜੋ ਨਾਮ ਵਿਚ ਮਸਤ ਰਹਿੰਦੇ ਹਨ ਉਹਨਾਂ ਨੂੰ ਹਮੇਸ਼ ਸੁਖ ਮਿਲਦਾ ਹੈ।

---

[1] ਰਜ ਗਏ। [2] ਨਕਾ ਨਕ। [3] ਪੈਦਾ। [4] ਹੋਰ। [5] ਹਰ ਰੋਜ਼।



Digitized by Panjab Digital Library | www.panjabdigilib.org

ਸੇਵਕ ਕੀ ਮਨਸਾ[1] ਪੂਰੀ ਭਈ ॥
ਸਤਿਗੁਰ ਤੇ ਨਿਰਮਲ[2] ਮਤਿ[3] ਲਈ ॥

ਜਦ ਸੇਵਕ ਆਪਣੇ ਸਤਿਗੁਰੂ ਕੋਲੋਂ ਪਵਿਤਰ ਸਿਖਿਆ ਲੈਂਦਾ ਹੈ ਤੇ ਉਸ ਤੇ ਅਮਲ ਕਰਦਾ ਹੈ ਤਾਂ ਉਸ ਦੀ ਸਭ ਮਨ ਦੀਆਂ ਭਾਵਨਾਂ ਪੂਰੀਆਂ ਹੋ ਜਾਂਦੀਆਂ ਹਨ।

ਜਨ ਕਉ ਪ੍ਰਭੁ ਹੋਇਓ ਦਇਆਲੁ ॥
ਸੇਵਕੁ ਕੀਨੋ ਸਦਾ ਨਿਹਾਲੁ ॥

ਜਿਨ੍ਹਾਂ ਸੇਵਕਾਂ ਉਤੇ ਪਰਭੂ ਖੁਸ਼ ਹੋ ਜਾਂਦਾ ਹੈ। ਉਹਨਾਂ ਸੇਵਕਾਂ ਦੀ ਸਭ ਖਾਇਸ਼ਾਂ ਪੂਰੀ ਹੋ ਜਾਂਦੀਆਂ ਹਨ ਤੇ ਪ੍ਰਭੂ ਉਹਨਾਂ ਨੂੰ ਖਿੜੇ ਮਥੇ ਰਖਦਾ ਹੈ।

ਬੰਧਨ[4] ਕਾਟਿ ਮੁਕਤਿ ਜਨੁ ਭਇਆ ॥
ਜਨਮ ਮਰਨ ਦੂਖ ਭ੍ਰਮੁ[5] ਗਇਆ ॥
ਇਛ ਪੁੰਨੀ ਸਰਧਾ ਸਭ ਪੂਰੀ ॥
ਰਵਿ[6] ਰਹਿਆ ਸਦ[7] ਸੰਗਿ[8] ਹਜੂਰੀ ॥
ਜਿਸ ਕਾ ਸਾ ਤਿਨਿ ਲੀਆ ਮਿਲਾਇ ॥
ਨਾਨਕ ਭਗਤੀ ਨਾਮਿ ਸਮਾਇ ॥ ੩ ॥

ਸੇਵਕ ਦੇ ਦੁਨਯਾਵੀ ਬੰਧਨ ਸਭ ਕਟ ਜਾਂਦੇ ਹਨ ਤੇ ਉਸ ਸੇਵਕ ਨੂੰ ਮੁਕਤੀ ਮਿਲ ਜਾਂਦੀ ਹੈ। ਉਹ ਚੌਰਾਸੀ ਦੇ ਗੇੜ ਤੋਂ ਛੁਟ ਜਾਂਦਾ ਹੈ ਤੇ ਉਸ ਦੇ ਦੁਖ ਤੇ ਵਹਿਮ ਦੂਰ ਹੋ ਜਾਂਦੇ ਹਨ।

---

[1] ਖਾਂਇਸ਼, ਮਨ ਦੀ ਭਾਵਨਾਂ। [2] ਪਵਿਤ੍ਰ। [3] ਸਿਖਿਆ। [5] ਮਾਇਆ ਦੇ ਜ਼ੰਜੀਰ। [5] ਵਹਿਮ। [6] ਜੋ ਹਰ ਥਾਂ ਤੇ ਮੌਜੂਦ ਹੈ। [7] ਹਮੇਸ਼ਾਂ। [8]ਸਾਥ।



Digitized by Panjab Digital Library | www.panjabdigilib.org

ਸੇਵਕ ਦੀਆਂ ਸਭ ਖਾਇਸ਼ਾਂ ਪੂਰੀਆਂ ਹੋ ਜਾਂਦੀਆਂ ਹਨ ਪਰਭੂ ਜੋ ਹਰ ਥਾਂ ਤੇ ਮੌਜੂਦ ਹੈ ਸੇਵਕ ਦੇ ਉਹ ਹਰ ਥਾਂ ਤੇ ਅੰਗ ਸੰਗ ਰਹਿੰਦਾ ਹੈ। ਸੇਵਕ ਜਿਸ ਪਰਭੂ ਦਾ ਬੰਦਾ ਹੈ ਉਸ ਦੇ ਵਿਚ ਉਹ ਮਿਲ ਜਾਂਦਾਂ ਹੈ। ਗੁਰੂ ਜੀ ਆਖਦੇ ਹਨ ਕਿ ਭਗਤੀ ਦੁਆਰਾ ਸੇਵਕ ਪਰਭੂ ਦੇ ਨਾਮ ਵਿਚ ਟਿਕ ਜਾਂਦਾ ਹੈ।

ਸੋ[1] ਕਿਉ ਬਿਸਰੈ ਜਿਘਾਲ[2] ਨ ਭਾਨੈ[3] ॥
ਸੋ ਕਿਉ ਬਿਸਰੈ ਜਿ ਕੀਆ ਜਾਨੈ ॥
ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥
ਸੋ ਕਿਉ ਬਿਸਰੈ ਜਿ ਜੀਵਨ[4] ਜੀਆ ॥
ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥
ਗੁਰ ਪ੍ਰਸਾਦਿ ਕੋ ਬਿਰਲਾ ਲਾਖੈ[5] ॥
ਸੋ ਕਿਉ ਬਿਸਰੈ ਜਿ ਬਿਖ[6] ਤੇ ਕਾਢੈ ॥
ਜਨਮ ਜਨਮ ਕਾ ਟੂਟਾ ਗਾਢੈ ॥
ਗੁਰਿ ਪੂਰੈ ਤਤੁ[7] ਇਹੈ ਬੁਝਾਇਆ ॥
ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥

ਉਹ ਪਰਭੂ ਕਿਸ ਤਰ੍ਹਾਂ ਭੁਲ ਸਕਦਾ ਹੈ ਜੋ ਜੀਵ ਦੀ ਕੀਤੀ ਹੋਈ ਕਮਾਈ ਨਹੀਂ ਭੁਲਦਾ ਤੇ ਉਸਦਾ ਫਲ ਦੇਂਦਾ ਹੈ। ਉਹ ਪਰਭੂ ਕਿਉਂ ਭੁਲੇ ਜੋ ਕੀਤੀ ਹੋਈ ਕਮਾਈ ਨੂੰ ਯਾਦ ਰਖਦਾ ਹੈ। ਉਹ ਪਰਭੂ

---

[1] ਉਹ ਪ੍ਰਭੂ। [2] ਮੇਹਨਤ। [3] ਭਨਣਾ, ਨਾਸ ਕਰਨਾ।
[4]ਜ਼ਿੰਦਗੀ ਦਾ ਆਸਰਾ। [5] ਸਮਝਨਾ, ਜਾਨਣਾ। 9 ਜ਼ਹਿਰ।
7 ਨਿਚੋੜ।



Digitized by Panjab Digital Library | www.panjabdigilib.org

ਕਿਸ ਤਰ੍ਹਾਂ ਭੁਲੇ ਜਿਸ ਨੇ ਦੁਨੀਆਂ ਦੇ ਸਭ ਪਦਾਰਥ ਜੀਵ ਨੂੰ ਬਖਸ਼ੇ ਹਨ। ਉਹ ਪਰਭੂ ਕਿਸ ਤਰ੍ਹਾਂ ਭੁਲ ਸਕਦਾ ਹੈ ਜੋ ਜੀਵ ਦੀ ਜ਼ਿੰਦਗੀ ਦਾ ਆਸਰਾ ਹੈ। ਉਹ ਪਰਭੂ ਕਿਸ ਤਰ੍ਹਾਂ ਭੁਲੇ ਜੋ ਮਾਂ ਦੇ ਪੇਟ ਦੀ ਅਗ ਵਿਚ ਭੀ ਰਖਸ਼ਾ ਕਰਦਾ ਹੈ। ਪਰ ਕੋਈ ਵਿਰਲਾ ਮਨੁਖ ਹੀ ਇਸ ਗੁਰੂ ਦੀ ਕ੍ਰਿਪਾ ਨੂੰ ਸਮਝਦਾ ਹੈ। ਉਹ ਪਰਭੂ ਕਿਸ ਤਰ੍ਹਾਂ ਭੁਲੇ ਜੋ ਦੁਨੀਆਂ ਰੂਪੀ ਜ਼ਹਿਰ ਤੋਂ ਬਚਾਂਦਾ ਹੈ ਤੇ ਕਈ ਜਨਮਾਂ ਤੋਂ ਵਿਛੜੇ ਹੋਏ ਜੀਵ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਜਿਨ੍ਹਾਂ ਸੇਵਕਾਂ ਨੂੰ ਪੂਰੇ ਗੁਰੂ ਨ ਇਸ ਅਮਲੀ ਗਲ ਦੀ ਸੋਝੀ ਦੇ ਦਿਤੀ ਹੈ ਗੁਰੂ ਜੀ ਆਖਦੇ ਹਨ ਉਹ ਸੇਵਕ ਹਰ ਵਕਤ ਪਰਭੂ ਨੂੰ ਯਾਦ ਕਰਦੇ ਹਨ।

ਸਾਜਨ ਸੰਤ ਕਰਹੁ ਇਹੁ ਕਾਮੁ ॥
ਆਨ [1] ਤਿਆਗਿ [2] ਜਪਹੁ ਹਰਿ ਨਾਮੁ ॥

ਹੇ ਭਾਈ ਸੰਤ ਜਨੋਂ ਇਹ ਕੰਮ ਕਰੋ, ਹੋਰ ਸਭ ਨੂੰ ਛੋੜਕੇ ਪਰਭੂ ਦਾ ਨਾਮ ਸਿਮਰੋ।

ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥
ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥

ਮੁੜ ੨ ਨਾਮ ਜਪਨ ਨਾਲ ਸੁਖ ਹੁੰਦਾ ਹੈ। ਤੁਸੀ ਆਪ ਭੀ ਜਪੋ ਤੇ ਹੋਰਨਾਂ ਨੂੰ ਭੀ ਜਪਾਉ ਤਾਂਕੇ ਸਾਰੇ ਸੁਖ ਪਾਨ।

ਭਗਤਿ ਭਾਇ [3] ਤਰੀਐ ਸੰਸਾਰੁ ॥
ਬਿਨ ਭਗਤੀ ਤਨੁ [4] ਹੋਸੀ ਛਾਰੁ [5] ॥

---

[1] ਹੋਰ। [2] ਛੋੜੇ। [3] ਪਿਆਰ। [4] ਜਿਸਮ। [5] ਸੁਆਹ।



Digitized by Panjab Digital Library | www.panjabdigilib.org

ਪ੍ਰਭੂ ਦੀ ਭਗਤੀ ਕਰਨ ਨਾਲ ਇਸ ਸੰਸਾਰ ਸਾਗਰ ਤੋਂ ਤਰ ਜਾਈਦਾ ਹੈ ਤੇ ਬਗੈਰ ਭਗਤੀ ਦੇ ਜੀਵ ਦੀ ਮਿਟੀ ਖੁਆਰ ਹੋਵੇਗੀ।

ਸਰਬ ਕਲਿਆਣ[1] ਸੂਖ ਨਿਧਿ[2] ਨਾਮੁ ॥
ਬੂਡਤ ਜਾਤ ਪਾਏ ਬਿਸ੍ਰਾਮੁ[3] ॥

ਪਰਭੂ ਦਾ ਨਾਮ ਜਪਨ ਨਾਲ ਜੀਵ ਦੀ ਚੰਗੀ ਕਿਸਮਤ ਹੋ ਜਾਂਦੀ ਹੈ ਤੇ ਉਸ ਨੂੰ ਸੁਖ ਦਾ ਖਜ਼ਾਨਾ ਮਿਲਦਾ ਹੈ।ਪਾਪਾਂ ਕਰਕੇ ਡੁਬਦਾ ਹੋਇਆ ਜੀਵ ਭੀ ਨਾਮ ਜਪਨ ਨਾਲ ਤਰ ਜਾਂਦਾ ਹੈ।

ਸਗਲ ਦੂਖ ਕਾ ਹੋਵਤ ਨਾਸੁ ॥
ਨਾਨਕ ਨਾਮੁ ਜਪਹੁ ਗੁਨਤਾਸੁ[4] ॥ ੫ ॥

ਨਾਮ ਜਪਨ ਨਾਲ ਸਭ ਦੁਖਾਂ ਦਾ ਨਾਸ ਹੋ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਪਰਭੂ ਦਾ ਨਾਂ ਜਪੋ, ਇਹ ਹੀ ਗੁਨਾਂ ਦਾ ਖਜ਼ਾਨਾ ਹੈ।

ਉਪਜੀ[5] ਪ੍ਰੀਤ ਪ੍ਰੇਮ ਰਸੁ ਚਾਉ ॥
ਮਨ ਤਨ ਅੰਤਰਿ ਇਹੀ ਸੁਆਉ[6] ॥
ਨੇਤ੍ਰਹੁ ਪੇਖਿ[8] ਦਰਸੁ ਸੁਖੁ ਹੋਇ ॥
ਮਨੁ ਬਿਗਸੈ[9] ਸਾਧ ਚਰਨ ਧੋਇ ॥

ਜਿਨ੍ਹਾਂ ਦੇ ਦਿਲ ਦੇ ਵਿਚ ਇਸ ਗਲ ਦੀ ਮਹਬਤ ਪੈਦਾ ਹੋਈ ਹੈ ਤੇ ਪਰਭੂ ਦੇ ਪਿਆਰ ਦਾ ਸੁਆਦ ਮਾਹਸੂਸ ਕੀਤਾ ਹੈ ਉਨ੍ਹਾਂ ਦੇ ਦਿਲ ਤੇ ਜਾਂਨ ਵਿਚ ਇਹ ਹੀ ਚਾਹ ਹੈ ਕਿ ਅਸਾਂ ਅਖਾਂ ਨਾਲ ਪਰਭੂ ਦੇ ਦਰਸ਼ਨ ਕਰੀਏ ਤੇ ਤਾਂ ਸੁਖ ਮਿਲੇਗਾ ਸਾਧੂਆਂ ਦੇ ਚਰਨ ਧੋਨ ਨਾਲ ਉਨਾਂ ਦਾ ਹਿਰਦੇ ਰੂਪੀ ਫੁਲ ਖਿੜ ਜਾਂਦਾ ਹੈ।

---

1 ਖੁਸ਼ਕਿਸਮਤੀ । 2 ਖਜ਼ਾਨਾ । 3 ਟਿਕਾਣਾ
4 ਗੁਨਾਂ ਦਾ ਖਜ਼ਾਨਾ। 5 ਪੈਦਾ ਹੋਈ। 6 ਕਮ, ਚਾਹ।
7 ਅਖਾਂ। 8 ਵੇਖਾਂ। 9ਖਿੜਨਾ।



Digitized by Panjab Digital Library | www.panjabdigilib.org

ਭਗਤ ਜਨਾ ਕੈ ਮਨਿ ਤਨਿ ਰੰਗੁ ॥
ਬਿਰਲਾ ਕੋਊ ਪਾਵੈ ਸੰਗੁ ॥

ਭਗਤਾਂ ਦੇ ਦਿਲ ਤੇ ਜਾਂਨ ਵਿਚ ਪਰਭੂ ਦਾ ਪਰੇਮ ਹੁੰਦਾ ਹੈ ਕੋਈ ਵਿਰਲਾ ਹੀ ਖ਼ੁਸ਼ਕਿਸਮਤ ਜੀਵ ਉਨ੍ਹਾਂ ਸਾਧੂਆਂ ਦੀ ਸੰਗਤ ਪਾਂਦਾ ਹੈ ।

ਏਕ ਬਸਤੁ[1] ਦੀਜੈ ਕਰਿ ਮਇਆ[2] ॥
ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥

ਹੇ ਪਰਭੂ ਜੀ ਮੇਹਰ ਕਰਕੇ ਇਕ ਚੀਜ਼ ਮੈਨੂੰ ਬਖ਼ਸ਼ੋ, ਕਿ ਗੁਰਾਂ ਦੀ ਮੇਹਰ ਨਾਲ ਅਸੀ ਪਰਭੂ ਦਾ ਨਾਮ ਜਪੀਏ ।

ਤਾਕੀ ਉਪਮਾ[3] ਕਹੀ ਨ ਜਾਇ ॥
ਨਾਨਕ ਰਹਿਆ ਸਰਬ ਸਮਾਇ ॥ ੬ ॥

ਗੁਰੂ ਜੀ ਕਹਿੰਦੇ ਹਨ ਕਿ ਉਸ ਪਰਭੂ ਦੀ ਵਡਿਆਈ ਨਹੀਂ ਕਹੀ ਜਾਂਦੀ, ਉਹ ਪਰਭੂ ਹਰ ਥਾਂ ਤੇ ਮੌਜੂਦ ਹੈ ਤੇ ਉਹ ਹਰ ਇਕ ਦੇ ਹਿਰਦੇ ਵਿਚ ਸਮਾਇਆ ਹੋਇਆ ਹੈ, ਸਿਰਫ ਅਖਾਂ ਵਾਲੇ ਹੀ ਉਸ ਨੂੰ ਵੇਖ ਸਕਦੇ ਹਨ ।

ਪ੍ਰਭ ਬਖਸੰਦ[4] ਦੀਨ ਦਇਆਲ[5] ॥
ਭਗਤਿ ਵਛਲ[6] ਸਦਾ ਕਿਰਪਾਲ[7] ॥
ਅਨਾਥ[8] ਨਾਥ ਗੋਬਿੰਦ ਗੁਪਾਲ ॥
ਸਰਬ ਘਟਾ ਕਰਤ ਪ੍ਰਤਿਪਾਲ[9] ॥

---

1 ਚੀਜ ।2 ਮੇਹਰ । 3 ਵਡਿਆਈ । ਬਖਸ਼ਸ਼ ਕਰਨ ਵਾਲਾ 5 ਗਰੀਬਾਂ ਦੀ ਪਾਲਨਾਂ ਕਰਨ ਵਾਲਾ । 6 ਪਿਆਰਾ । 7 ਮੇਹਰ ਕਰਨ ਵਾਲਾ । 8 ਨਿਖਸਮਾਂ । 9 ਪਾਲਨ ਵਾਲਾ ।



Digitized by Panjab Digital Library | www.panjabdigilib.org

ਆਦਿ [1] ਪੁਰਖ ਕਾਰਣ ਕਰਤਾਰ ॥
ਭਗਤ ਜਨਾ ਕੇ ਪ੍ਰਾਨ ਅਧਾਰ [2] ॥
ਜੋ ਜੋ ਜਪੈ ਸੁ ਹੋਇ ਪੁਨੀਤ [3] ॥
ਭਗਤ ਭਾਇ ਲਾਵੈ ਮਨ ਹੀਤ ॥
ਹਮ ਨਿਰਗੁਨੀਆਰ [4] ਨੀਚ ਅਜਾਨ ॥
ਨਾਨਕ ਤੁਮਰੀ ਸਰਨ ਪੁਰਖ [5] ਭਗਵਾਨ ॥ ੧ ॥

ਹੇ ਬਖਸ਼ਿਸ਼ ਕਰਨ ਵਾਲੇ ਤੇ ਗਰੀਬਾਂ ਉਤੇ ਤਰਸ ਕਰਨ ਵਾਲੇ ਪਰਭੂ ਜੀ ! ਤੇ ਭਗਤਾਂ ਨਾਲ ਪਿਆਰ ਕਰਨ ਵਾਲੇ ਤੇ ਸਦਾ ਮੇਹਰ ਕਰਨ ਵਾਲੇ ਪਰਭੂ ਜੀ ! ਹੇ ਅਨਾਥਾਂ ਦੇ ਮਾਲਕ ਪਰਭੂ ਜੀ ! ਹੇ ਗੋਬਿੰਦ ! ਹੇ ਗੋਪਾਲ । ਹੇ ਸਭ ਦੀ ਪਾਲਨਾ ਕਰਨ ਵਾਲੇ ਵਾਹਿਗੁਰੂ ਜੀ ! ਹੇ ਸਭ ਦੇ ਮੁਢ (ਪੈਦਾ ਕਰਨ ਵਾਲੇ, ਪਰਭੂ ਜੀ ਤੂੰ ਸਭ ਦੁਨੀਆਂ ਦੇ ਕੰਮ ਕਰਨ ਵਾਲਾ ਹੈ ਤੇ ਸਭ ਕੰਮ ਕਰਾਨ ਵਾਲਾ ਹੈ । ਹੇ ਭਗਤਾਂ ਦੀ ਜ਼ਿੰਦਗੀ ਦੇ ਆਸਰੇ ਵਾਹਿਗੁਰੂ ਜੀ ! ਜੋ ੨ ਮਨੁਖ ਹੀ ਭਗਤੀ ਭਾਵ ਨਾਲ ਤੇਰੇ ਨਾਲ ਪਿਆਰ ਕਰਦੇ ਹਨ ਤੇ ਜੋ ਜੋ ਤੇਰੇ ਨਾਮ ਨੂੰ ਜਪਦੇ ਹਨ ਉਹ ਪਵਿੱਤਰ ਹੋ ਜਾਂਦੇ ਹਨ । ਗੁਰੂ ਜੀ ਆਖਦੇ ਹਨ ਕਿ ਹੇ ਪਰਭੂ ਜੀ ਸਾਡੇ ਵਿਚ ਕੋਈ ਭੀ ਚੰਗੀ ਗਲ ਨਹੀਂ ਹੈ, ਅਸੀਂ ਨੀਚ ਹਾਂ ਤੇ ! ਨਾਵਾਕਿਫ ਹਾਂ ਹੇ ਪਰਭੂ ਜੀ ਹੁਣ ਅਸੀ ਤੇਰੀ ਸ਼ਰਨ ਆਏ ਹਾਂ ਤੂੰ ਮੇਹਰ ਕਰ ਸਾਡਾ ਪਾਪ ਮੁਆਫ ਕਰ ਤੇ ਸਾਨੂੰ ਆਪਣੇ ਨਾਲ ਮੇਲ ਲਾਏ ।

---

[1] ਮੁਢ । [2] ਆਸਰਾ । [3] ਪਵਿਤਰ । [4] ਗੁਣਾਂ ਤੋਂ ਰਹਿਤ । [5] ਨਰਕਾਂ ਤੋਂ ਰਖਨ ਵਾਲਾ ।



Digitized by Panjab Digital Library | www.panjabdigilib.org

ਸਰਬ ਬੈਕੁੰਠ[1] ਮੁਕਤਿ ਮੋਖ ਪਾਏ ॥
ਏਕ ਨਿਮਖ[2] ਹਰਿ ਕੇ ਗੁਨ ਗਾਏ ॥

ਜੋ ਜੀਵ ਇਕ ਸੈਕਿੰਡ ਵਾਸਤੇ ਭੀ ਸਚੇ ਦਿਲ ਨਾਲ ਪ੍ਰਭੂ ਦੇ ਗੁਨ ਗਾਵੇ ਉਸ ਨੂੰ ਸਾਰੇ ਸਵਰਗਾ ਦੇ ਸੁਖ ਤੇ ਮੁਕਤੀ ਮਿਲ ਜਾਂਦੀ ਹੈ।

ਅਨਿਕ ਰਾਜ ਭੋਗ ਬਡਿਆਈ ॥
ਹਰਿ ਕੇ ਨਾਮ ਕੀ ਕਥਾ ਮਨਿ[3] ਭਾਈ[4] ॥

ਜਿਸ ਜੀਵ ਨੂੰ ਹਰੀ ਦੇ ਨਾਮ ਦੀ ਬਾਨੀ ਮਿਠੀ ਲਗੀ ਹੈ। ਉਸ ਨੂੰ ਬੇਅੰਤ ਰਾਜ ਤੇ ਵਡਿਆਈ ਮਿਲਦੀ ਹੈ।

ਬਹੁ ਭੋਜਨ[5] ਕਾਪਰ[6] ਸੰਗੀਤ[7] ॥
ਰਸਨਾ[8] ਜਪਤੀ ਹਰਿ ਹਰਿ ਨੀਤ ॥

ਜਿਸ ਜੀਵ ਦੀ ਜ਼ਬਾਨ ਹਰ ਵਕਤ ਪ੍ਰਭੂ ਦਾ ਨਾਮ ਜਪਦੀ ਹੈ ਉਸ ਨੂੰ ਬਹੁਤ ਸਾਰੇ ਖਾਨੇ, ਕਪੜੇ ਤੇ ਰਾਗ ਰੰਗ ਹਾਸਲ ਹੋ ਜਾਂਦੇ ਹਨ।

ਭਲੀ ਸੁ ਕਰਨੀ[9] ਸੋਭਾ[10] ਧਨਵੰਤ ॥
ਹਿਰਦੈ ਬਸੇ ਪੂਰਨ ਗੁਰਮੰਤ ॥

ਜਿਨਾਂ ਜੀਵਾਂ ਦੇ ਦਿਲਾਂ ਵਿਚ ਸਚੇ ਗੁਰੂ ਦਾ ਉਪਦੇਸ਼ ਵਸ ਜਾਂਦਾ ਹੈ, ਉਨਾਂ ਦੀ ਜ਼ਿੰਦਗੀ ਸੋਹਨੀ ਹੋ ਜਾਂਦੀ ਹੈ, ਉਨਾਂ ਦੀ ਨੇਕ ਨਾਮੀ ਹੋਂਦੀ ਹੈ ਤੇ ਉਹ ਅਸਲੀ ਧੰਨ ਵਾਲੇ ਹਨ।

---

[1] ਸਵਰਗ। [2] ਅਖ ਫੁਰਕਨ ਦੀ ਦੇਰ, ਸੈਕਿੰਡ। [3] ਦਿਲ ਵਿਚ। [4] ਚੰਗੀ ਲਗੀ। [5] ਖਾਨੇ। [6] ਕਪੜੇ [7] ਰਾਗ ਰੰਗ ਸੁਨਣਾ [8] ਜੀਭ। [9] ਜਿੰਦਗੀ। [10] ਨੇਕਨਾਮੀ।



Digitized by Panjab Digital Library | www.panjabdigilib.org

ਸਾਧ ਸੰਗਿ ਪ੍ਰਭ ਦੇਹੁ ਨਿਵਾਸੁ ॥
ਸਰਬ ਸੂਖ ਨਾਨਕ ਪਰਗਾਸ ॥ ੮ ॥ ੨੦ ॥

ਹੇ ਪ੍ਰਭੂ ਜੀ! ਮੈਨੂੰ ਆਪ ਸਾਧ ਸੰਗਤ ਵਿਚ ਜਗ੍ਹਾ ਦੇਹੋ। ਗੁਰੂ ਜੀ ਆਖਦੇ ਹਨ ਕਿ ਸਾਧ ਸੰਗਤ ਵਿਚ ਰਹਿਨ ਨਾਲ ਸਾਰੇ ਸੁਖ ਮਿਲਦੇ ਹਨ ਤੇ ਮਨ ਵਿਚ ਪ੍ਰਭੂ ਨਾਮ ਦੀ ਰੋਸ਼ਨੀ ਹੋ ਜਾਂਦੀ ਹੈ।



Digitized by Panjab Digital Library | www.panjabdigilib.org

## ਸਲੋਕੁ ॥

ਸਰਗੁਨ [1] ਨਿਰਗੁਨ [2] ਨਿਰੰਕਾਰ [3] ਸੁੰਨ [4] ਸਮਾਧੀ ਆਪਿ॥
ਆਪਨ ਕੀਆ [5] ਨਾਨਕਾ ਆਪੇ ਹੀਫਿਰਿ ਜਾਪਿ [6] ॥

ਪਰਭੂ ਮਾਇਆ ਦੇ ਤਿੰਨਾਂ ਗੁਨਾਂ ਤੋਂ ਰਹਿਤ ਹੈ ਤੇ ਉਸ ਦੀ ਆਪ ਦੀ ਬਨਾਈ ਹੋਈ ਦੁਨੀਆਂ ਵਿਚ ਤਿੰਨੇ ਗੁਨ ਭੀ ਹਨ ਉਸ ਨੇ ਆਪ ਹੀ ਸਮਾਧੀ ਇਕਾਂਤ ਵਿਚ ਲਾਈ ਹੋਈ ਹੈ ! ਗੁਰੂ ਜੀ ਆਖਦੇ ਹਨ ਕਿ ਪਰਭੂ ਜੀ ਨੇ ਇਹ ਸਾਰੀ ਦੁਨੀਆ ਆਪ ਹੀ ਪੈਦਾ ਕੀਤੀ ਹੈ ਤੇ ਹਰ ਇਕ ਜੀਵ ਦੇ ਹਿਰਦੇ ਵਿਚ ਆਪ ਹੀ ਨਜ਼ਰ ਆਂ ਰਿਹਾ ਹੈ।

### ਅਸਟਪਦੀ

ਜਬ ਆਕਾਰੁ [7] ਇਹੁ ਕਛੁ ਨ ਦ੍ਰਿਸਟੇਤਾ [8] ॥
ਪਾਪ ਪੁੰਨ ਤਬ ਕਹ ਤੇ ਹੋਤਾ ॥

---

[1] ਮਾਇਆ ਦੇ ਤਿੰਨ ਗੁਨ, ਸਤੋ, ਰਜੋ, ਤਮੋ। [2] ਇਨ੍ਹਾਂ ਤਿੰਨਾਂ ਗੁਨਾਂ ਤੋਂ ਬਿਨਾਂ। [3] ਆਕਾਰ (ਸ਼ਕਲ) ਰਹਿਤ। [4] ਸੁੰਞੀ ਜਗਾ [5] ਪੈਦਾ ਕਰਨਾ। [6] ਜਾਪਨਾਂ, ਮਾਲੂਮ ਹੋਣਾ। [7] ਸ਼ਕਲ। [8] ਦਿਸਦਾ।



Digitized by Panjab Digital Library | www.panjabdigilib.org

ਜਦੋਂ ਦੁਨੀਆਂ ਵਿਚ ਦਿਸਦੀਆਂ ਸ਼ਕਲਾਂ ਨਹੀਂ ਬਨੀਆਂ ਸਨ ਤਾਂ ਪਾਪ ਤੇ ਪੁਨ ਕੌਣ ਕਰਦਾ ਸੀ।

ਜਬ ਧਾਰੀ ਆਪਨ ਸੁੰਨ ਸਮਾਧਿ[1] ॥
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥

ਜਦੋਂ ਪਰਭੂ ਨੇ ਇਕਾਂਤ ਵਿਚ ਸਮਾਧੀ ਲਾਈ ਹੋਈ ਸੀ ਤਦ ਕਿਸੇ ਨੇ ਕੀ ਕਿਸੇ ਦੇ ਨਾਲ ਗੁਸਾ ਜਾਂ ਦੁਸ਼ਮਨੀ ਕਾਰਨੀ ਸੀ।

ਜਬ ਇਸ ਕਾ ਬਰਨੁ[2] ਚਿਹਨੁ[3] ਨ ਜਾਪਤ ॥
ਤਬ ਹਰਖ[4] ਸੋਗ[5] ਕਹੁ ਕਿਸਹਿ ਬਿਆਪਤ[9] ॥

ਜਦ ਇਸ ਦੁਨੀਆਂ ਦਾ ਕੋਈ ਰੂਪ ਰੰਗ ਜਾਂ ਨਿਸ਼ਾਨ ਭੀ ਕੋਈ ਨਹੀਂ ਸੀ। ਤਦ ਕਿਸੇ ਨੂੰ ਖੁਸ਼ੀ ਜਾਂ ਗ਼ਮੀ ਕੀ ਹੋਣੀ ਸੀ :

ਜਬ ਆਪਨ ਆਪ ਆਪਿ ਪਾਰ ਬ੍ਰਹਮ ॥
ਤਬ ਮੋਹ ਕਹਾ ਕਿਸੁ ਹੋਵਤ ਭਰਮ ॥

ਜਦੇ ਪ੍ਰਭੂ ਆਪਨੇ ਆਪ ਹੀ ਸਿਰਫ਼ ਸੀ। ਤਦ ਕਿਥੇ ਕੋਈ ਕਿਸੇ ਨਾਲ ਪਿਆਰ ਕਰਦਾ ਸੀ ਤੇ ਕਿਥੇ ਇਹ ਵਹਿਮ ਤੇ ਭਰਮ ਹੋਂਦੇ ਸਨ।

ਆਪਨ ਖੇਲੁ ਆਪਿ ਵਰਤੀਜਾ ॥
ਨਾਨਕ ਕਰਨੈਹਾਰੁ ਨ ਦੂਜਾ ॥ ੧ ॥

ਪ੍ਰਭੂ ਨੇ ਦੁਨੀਆਂ ਰੂਪੀ ਖ਼ੇਲ ਆਪ ਬਨਾਈ ਹੈ ਤੇ ਉਸ ਦੇ ਵਿਚ ਆਪ ਹੀ ਸਮਾਇਆ ਹੋਇਆ ਹੈ। ਜਗਤ ਵਿਚ ਜੋ ਕੁਛ ਚੰਗਾ ਮੰਦਾ ਨਜ਼ਰ ਆਂਦਾ ਹੈ ਇਹ ਸਭ ਪ੍ਰਭੂ ਦਾ ਬਨਾਇਆ ਹੋਇਆ ਹੈ ਹੋਰ ਕੋਈ ਦੂਜਾ ਬਨਾਨ ਵਾਲਾ ਨਹੀਂ ਹੈ।

---

[1] ਇਕਾਂਤ ਵਿਚ ਸਮਾਧੀ। [2] ਵਰਨ, ਰੰਗ। [3] ਨੀਸ਼ਾਨ। [4] ਖੁਸ਼ੀ। [5] ਗਮੀ। [6] ਮਾਸੂਸ।



Digitized by Panjab Digital Library | www.panjabdigilib.org

ਜਬ ਹੋਵਤ ਪ੍ਰਭ ਕੇਵਲ ਧਨੀ॥ [1]
ਤਬ ਬੰਧ [2] ਮੁਕਤਿ ਕਹੁ ਕਿਸ ਕਉ ਗਨੀ ॥

ਜਦ ਦੁਨੀਆ ਦੀ ਉਤਪਤੀ ਨਹੀਂ ਸੀ ਹੋਈ ਤੇ ਸਿਰਫ ਪ੍ਰਭੂ ਮਾਲਕ ਆਪ ਹੀ ਆਪ ਸੀ, ਤਦੋਂ ਦਸੋ ਕੌਨ ਮਾਇਆ ਦੇ ਜੰਜਾਲ ਵਿਚ ਫਸਿਆ ਹੋਇਆ ਸੀ ਤੇ ਕੌਨ ਮੁਕਤੀ ਪਾਂਦਾ ਸੀ ?

ਜਬ ਏਕਹਿ ਹਰਿ ਅਗਮ [3] ਅਪਾਰ [4] ॥
ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥

ਜਦੋ ਬੇਅੰਤ ਤੇ ਜਿਸ ਤਕ ਕਿਸ ਦੀ ਪਹੁੰਚ ਨਹੀ ਆਪ ਅਕਲਾਂ ਹੀ ਸੀ ਤਦ ਦਸੋ ਨਰਕਾਂ ਤੇ ਸਵਰਗਾਂ ਵਿਚ ਕੌਨ ਜਾਂਦਾ ਸੀ ।

ਜਬ ਨਿਰਗੁਨ ਪ੍ਰਭ ਸਹਜ [5] ਸੁਭਾਇ ॥
ਤਬ ਸਿਵ [6] ਸਕਤਿ ਕਹਹੁ ਕਿਤੁ ਠਾਇ ॥

ਜਦੋਂ ਤਿਨਗੁਨਾਂ ਮਾਇਆ ਤੋਂ ਪਰੇ ਪ੍ਰਭੂ ਆਪ ਹੀ ਸੀ ਤੇ ਦੁਨੀਆਂ ਵਿਚ ਜੀਵਾਂ ਦੀ ਉਤਪਤੀ ਨਹੀਂ ਹੋਈ ਸੀ ਤਾਂ ਦਸੋ ਕੀ ਦੁਨੀਆਂ ਤੇ ਪ੍ਰਭੂ ਦਾ ਮੇਲ ਤੋੜ ਸੀ ?

ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥
ਤਬ ਕਵਨ ਨਿਡਰੁ ਕਵਨ ਕਤ ਡਰੈ ॥

ਜਦੋਂ ਪਰਭੂ ਨੇ ਅਪਨੀ ਜੋਤ ਆਪ ਹੀ ਜਗਾਈ ਹੋਈ ਸੀ, ਤਦੋਂ ਕੌਣ ਕਿਸੇ ਤੋਂ ਡਰਦਾ ਸੀ, ਤੇ ਕੌਨ ਨਿਡਰ ਸੀ ।

---

[1] ਮਾਲਕ । [2] ਮਾਇਆ ਦੇ ਜੰਜਾਲ । [3] ਜਿਸ ਤਕ ਪਹੁੰਚਿਆ ਨਾ ਜਾਵੇ । [4] ਬੇਅੰਤ । [5] ਖੁਦ ਬਖੁਦ । [6] ਮਾਇਆ ਤੇ ਪ੍ਰਭੂ ਦਾ ਮੇਲ



Digitized by Panjab Digital Library | www.panjabdigilib.org

ਆਪਨ ਚਲਿਤ [1] ਆਪਿ ਕਰਨੈਹਾਰ ॥
ਨਾਨਕ ਠਾਕੁਰ ਅਗਮ [2] ਅਪਾਰ ॥ ੨ ॥

ਗੁਰੂ ਜੀ ਆਖਦੇ ਹਨ ਕਿ ਉਹ ਪਰਭੂ ਬੇਅੰਤ ਤੇ ਅਗਮ ਹੈ ਆਪਨੇ ਤਮਾਸ਼ੇ ਆਪ ਹੀ ਕਰਦਾ ਹੈ।

ਅਬਿਨਾਸੀ [3] ਸੁਖ ਆਪਨ ਅਨਾਸ [4] ॥
ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥

ਜਦ ਨਾਸ ਹੋਣ ਤੋਂ ਰਹਿਤ ਪਰਭੂ ਆਪਨੀ ਮੌਜ ਵਿਚ ਆਪਨੇ ਤਖਤ ਤੇ ਟਿਕਿਆ ਹੋਇਆ ਸੀ, ਤਦ ਮਰਨਾਂ ਜੀਨਾ ਕਿਸ ਦਾ ਹੁੰਦਾ ਸੀ।

ਜਬ ਪੂਰਨ ਕਰਤਾ ਪ੍ਰਭੁ ਸੋਇ ॥
ਤਬ ਜਮ [5] ਕੀ ਤ੍ਰਾਸ [6] ਕਹਹੁ ਕਿਸੁ ਹੋਇ ॥

ਜਦੋਂ ਕਰਤਾ ਪਰਭੂ ਆਪ ਹੀ ਸੀ ਤੇ ਦੁਨੀਆਂ ਨਹੀਂ ਸੀ ਬਨੀ ਤਾਂ ਮੌਤ ਦਾ ਕਿਸ ਨੂੰ ਡਰ ਸੀ।

ਜਬ ਅਬਿਗਤ [7] ਅਗੋਚਰ [8] ਪ੍ਰਭ ਏਕਾ ॥
ਤਬ ਚਿਤ੍ਰ ਗੁਪਤ [9] ਕਿਸੁ ਪੂਛਤ ਲੇਖਾ ॥

ਜਿਸ ਵਕਤ ਨ ਦਿਖਾਈ ਦੇਨ ਵਾਲਾ ਤੇ ਨ ਪਹੁੰਚਨ ਵਾਲਾ ਕੇਵਲ ਪਰਭੂ ਆਪ ਹੀ ਹੁੰਦਾ ਸੀ ਤੇ ਦੁਨੀਆਂ ਉਤਪਤ ਨਹੀਂ ਹੋਈ ਸੀ ਉਸ ਵਕਤ ਚਿਤ੍ਰ ਗੁਪਤ ਧਰਮ ਰਾਜ ਦੀ ਕਚੈਹਰੀ ਵਿਚੋਂ ਕਿਸ ਤੋਂ ਹਿਸਾਬ ਮੰਗਦੇ ਸਨ ।

---

[1] ਤਮਾਸ਼ੇ। [2] ਜਿਸ ਤਕ ਪਹੁੰਚ ਨਾ ਹੋਵੇ। [3] ਨਾਸ ਹੋਣ ਤੋਂ ਰਹਿਤ। [4] ਤਖਤ। [5] ਮੌਤ। [6] ਡਰ। [7] ਨਾ ਦਿਖਾਈ ਦੇਣ ਵਾਲਾ। [8] ਜੋ ਸਰੀਰਕ ਇੰਦ੍ਰਿਆਂ ਨਾਲ ਦੇਖਿਆ ਨਾ ਜਾਵੇ। [9] ਫ਼ਰਸ਼ਤੇ ਜੋ ਜੀਵ ਦੇ ਕੰਮਾ ਦਾ ਲੇਖਾ ਪੁਛਦੇ ਹਨ।



Digitized by Panjab Digital Library | www.panjabdigilib.org

ਜਬ ਨਾਥ ਨਿਰੰਜਨ [1] ਅਗੋਚਰ ਅਗਾਧੇ [2] ॥
ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥

ਜਦੋ ਪ੍ਰਭੂ ਆਪ ਅਕਲਾ ਹੀ ਸੀ ਤਦੋਂ ਮਾਇਆ ਦੇ ਬੰਧਨਾਂ ਤੋਂ 'ਮੁਕਤੀ ਕਿਸ ਨੂੰ ਮਿਲਦੀ ਸੀ ਤੇ ਕੋਣ ਮਾਇਆ ਦੀ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ, ਇਸ ਗਲ ਦਾ ਸਵਾਲ ਹੀ ਪੈਦਾ ਹੋਂਦਾ ਸੀ ।

ਆਪਨ ਆਪ ਆਪ ਹੀ ਅਚਰਜਾ [3] ॥
ਨਾਨਕ ਆਪਨ ਰੂਪ ਆਪ ਹੀ ਉਪਰਜਾ [4] ॥੩॥

ਉਸ ਪ੍ਰਭੂ ਦੇ ਰੂਪ ਦਾ ਕਿਸੇ ਨਾਲ ਮੁਕਾਬਲਾ ਨਹੀਂ ਹੋ ਸਕਦਾ ਉਹ ਬੇਮਿਸਾਲ ਹੈ ਤੇ ਇਤਨਾਂ ਸੁੰਦਰ ਹੈ ਜੋ ਜੀਵ ਦੇਖ ਕੇ ਹੈਰਾਣ ਹੋ ਜਾਂਦਾ ਹੈ। ਗੁਰੂ ਜੀ ਆਖਦੇ ਹਨ ਉਸ ਪ੍ਰਭੂ ਨੇਂ ਅਪਨੀ ਦੁਨੀਆਂ ਆਪ ਹੀ ਪੈਦਾ ਕੀਤੀ ਹੈ ।

ਜਹ ਨਿਰਮਲ [5] ਪੁਰਖ ਪੁਰਖ [6] ਪਤਿ ਹੋਤਾ ॥
ਤਹ ਬਿਨ ਮੈਲੁ ਕਹਹੁ ਕਿਆ ਧੋਤਾ ॥

ਜਦ ਤਕ ਪਵਿਤ੍ਰ ਪ੍ਰਭੂ ਜੀਵਾਂ ਦਾ ਮਾਲਿਕ ਆਪ ਹੀ ਆਪ ਦੁਨੀਆਂ ਵਿਚ ਸੀ, ਉਸ ਵਕਤ ਤਕ ਮੈਲ ਤੇ ਕਪਟ ਦੁਨੀਆਂ ਵਿਚ ਨਹੀਂ ਸੀ ਹੋਂਦਾ ਤੇ ਉਸ ਦੇ ਧੋਨ ਦਾ ਸਵਾਲ ਭੀ ਪੈਦਾ ਨਹੀਂ ਹੋਂਦਾ ਸੀ

ਜਹ ਨਿਰੰਜਨ [7] ਨਿਰੰਕਾਰ [8] ਨਿਰਬਾਨ [9] ॥
ਤਹ ਕਉਨ ਕਉ ਮਾਨ ਕਉਨ ਅਭਿਮਾਨ [10] ॥

---

[1] ਮਾਇਆ ਤੋਂ ਰਹਿਤ। [2] ਅਥਾਹ। [3] ਹੈਰਾਨ ਕਰਨ ਵਾਲਾ। [4] ਪੈਦਾ ਕੀਤਾ ਹੈ। [5] ਪਵਿਤਰ ਪ੍ਰਭੂ। [6] ਜੀਵਾਂ ਦਾ ਮਾਲਕ। [7] ਮਾਯਾ ਤੋਂ ਰਹਿਤ। [8] ਜਿਸ ਦਾ ਰੰਗ ਰੂਪ ਨਾ ਹੋਵੇ। [9] ਬਾਣ (ਵਾਸ਼ਨਾ) ਤੋਂ ਰਹਿਤ। [10] ਹੰਕਾਰ।



Digitized by Panjab Digital Library | www.panjabdigilib.org

ਜਿਸ ਵਕਤ ਮਾਇਆ ਤੋਂ ਰਹਿਤ, ਅਕਾਰ ਤੇ ਵਾਸ਼ਨਾਂ ਤੋਂ ਰਹਿਤ ਕੇਵਲ ਪ੍ਰਭੂ ਹੀ ਸੀ ਤਦ ਮਾਣ ਤੇ ਹੰਕਾਰ ਕਿਸ ਨੂੰ ਸੀ।

ਜਹ ਸਰੂਪ ਕੇਵਲ ਜਗਦੀਸ ॥
ਤਹ ਛਲ[1] ਛਿਦ੍ਰ[2] ਲਗਤ ਕਹੁ ਕੀਸ ॥
ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥
ਤਹ ਕਿਸਹਿ ਭੂਖ ਕਵਨ ਤ੍ਰਿਪਤਾਵੈ[3] ॥

ਜਿਥੇ ਸਿਰਫ਼ ਜਗਤ ਦੇ ਮਾਲਿਕ ਪ੍ਰਭੂ ਦਾ ਹੀ ਵਾਸਾ ਸੀ ਉਥੇ ਕੋਈ ਕਿਸੇ ਨਾਲ ਧੋਖਾ ਕਰ ਸਕਦਾ ਸੀ ਤੇ ਕੀ ਕਿਸੇ ਵਿਚ ਐਬ ਸੀ ਜਿਥੇ ਜੋਤੀ ਸਰੂਪ ਪ੍ਰਮਾਤਮਾ ਅਪਨੇ ਆਪ ਵਿਚ ਮਗਨ ਸੀ ਉਥੇ ਕੌਨ ਭੁਖਾ ਜਾਂ ਰਜਿਆ ਹੋਇਆ ਹੋ ਸਕਦਾ ਸੀ।

ਕਰਨ ਕਰਾਵਨ ਕਰਨੈਹਾਰ ॥
ਨਾਨਕ ਕਰਤੇ ਕਾ ਨਾਹਿ ਸੁਮਾਰੁ ॥ ੪ ॥

ਪਰਭੂ ਸਾਰੇ ਕੰਮ ਆਪ ਕਰਨ ਵਾਲਾ ਹੈ ਤੇ ਜੀਵ ਕੋਲੋਂ ਆਪ ਹੀ ਕਰਾਂਦਾ ਹੈ। ਗੁਰੂ ਜੀ ਆਖਦੇ ਹਨ ਉਸ ਪਰਭੂ ਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ।

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥
ਤਬ ਕਵਨ ਮਾਇ[4] ਬਾਪ ਮਿਤ੍ਰ ਸੁਤ[5] ਭਾਈ॥

ਜਦ ਪਰਭੂ ਅਪਨੀ ਸੋਭਾ ਆਪ ਹੀ ਕਰਦਾ ਸੀ ਤੇ ਦੁਨੀਆਂ ਵਿਚ ਹੋਰ ਕੋਈ ਵੀ ਪੈਦਾ ਨਹੀਂ ਸੀਹੋਇਆ ਤਦੋਂ ਮਾਂ ਪਿਉ, ਦੋਸਤ, ਪੁਤ੍ਰ ਤੇ ਭਾਈ ਤੇ ਰਿਸ਼ਤੇ ਕਿਥੇ ਸਨ।

---

1 ਧੋਖਾ। 2 ਐਬ। 3 ਰਜਿਆ ਹੋਇਆ। 4 ਮਾਂ। 5 ਪੁਤ੍ਰ



Digitized by Panjab Digital Library | www.panjabdigilib.org

ਜਹ ਸਰਬ ਕਲਾ [1] ਆਪਹਿ ਪਰਬੀਨ [2] ॥
ਤਹ ਬੇਦ [3] ਕਤੇਬ [4] ਕਹਾ ਕੋਊ ਚੀਨ [5] ॥

ਜਦੋਂ ਪਰਭੂ ਸਾਰੀਆਂ ਤਾਕਤਾਂ ਵਿਚ ਆਪ ਹੀ ਸਿਆਨਾ ਸੀ ਤਦੋਂ ਹਿਦੋਂ ਤੇ ਮੁਸਲਮਾਨਾਂ ਦੀ ਧਾਰਮ ਕਿਤਾਬਾਂ ਨੂੰ ਕੌਨ ਜਾਣਦਾ ਸੀ।

ਜਬ ਆਪਨ ਆਪੁ ਆਪਿ ਉਰਿਧਾਰੈ [6] ॥
ਤਉ ਸਗਨ ਅਪਸਗਨ ਕਹਾ ਬੀਚਾਰੈ ॥

ਜਦੋਂ ਪਰਭੂ ਨੇ ਅਪਨੇ ਨਾਮ ਨੂੰ ਅਪਨੇ ਹੀ ਹਿਰਦੇ ਵਿਚ ਟਿਕਾਇਆ ਹੋਇਆ ਸੀ। ਤਦ ਚੰਗੇ ਸ਼ਗਨ ਤੇ ਬੁਰੇ ਸ਼ਗਨਾਂ ਨੂੰ ਕੌਨ ਸੋਚਦਾ ਸੀ।

ਜਹ ਆਪਨ ਊਚ ਆਪਨ ਆਪਿ ਨੇਰਾ [7] ॥
ਤਹ ਕਉਨ ਠਾਕੁਰੁ [8] ਕਉਨੁ ਕਹੀਐ ਚੇਰਾ [9] ॥

ਜਦੋਂ ਪਰਭੂ ਉੂਚਾ ਭੀ ਆਪ ਸੀ ਤੇ ਨਜ਼ਦੀਕ ਜਾਂ ਨੀਵਾਂ ਭੀ ਆਪਦੇ ਆਪ ਸੀ ਤਦੋਂ ਕੌਨ ਮਾਲਿਕ ਸੀ ਤੇ ਕੌਨ ਸੇਵਕ ਸੀ।

ਬਿਸਮਨ [10] ਬਿਸਮ ਰਹੇ ਬਿਸਮਾਦ ॥
ਨਾਨਕ ਅਪਨੀ ਗਤਿ ਜਾਨਹੁ ਆਪਿ ॥ ੫ ॥

ਸ੍ਰੀ ਗੁਰੂ ਜੀ ਆਖਦੇ ਹਨ ਕਿ ਆਪਨੀ ਹਾਲਤ ਦਾ ਪਰਭੂ ਜੀ ਤੁਸੀ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ। ਜੀਵ ਤੇਰੀ ਹਾਲਤ ਨੂੰ ਦੇਖ ਕੇ ਬੜੇ ਹੈਰਾਨ ਹੋ ਰਹੇ ਹਨ।

---

[1] ਤਾਕਤਾਂ । [2] ਸਿਆਣਾ, ਚਾਲਾਕ। । [3] ਵੇਦ। [4] ਮੁਸਲਮਾਨਾਂ ਦੀ ਧਾਰਮਕ ਕਿਤਾਬਾਂ [5] ਜਾਨਣਾ। [6] ਹਿਰਦੇ ਵਿਚ ਟਿਕਾਨਾ। [7] ਨੀਵਾਂ। [8] ਮਾਲਿਕ। [9] ਚੇਲਾ; ਸੇਵਕ । [10] ਹੈਰਾਨ ।



Digitized by Panjab Digital Library | www.panjabdigilib.org

ਜਹ ਅਛਲ [1] ਅਛੇਦ [2] ਅਭੇਦ [3] ਸਮਾਇਆ ॥
ਊਹਾ ਕਿਸਹਿ ਬਿਆਪਤ [4] ਮਾਇਆ ॥

ਜਿਸ ਵਕਤ ਨ ਛਲਿਆ ਜਾਂਨ ਵਾਲਾ, ਅਬਨਾਸ਼ੀ, ਜਿਸ ਦਾ ਭੇਦ ਨ ਪਾਇਆ ਜਾਵੇ ਪਰਭੂ ਆਪਨੇ ਆਪ ਵਿਚ ਆਪ ਹੀ ਟਿਕਿਆ ਹੋਇਆ ਸੀ,ਉਸ ਵਕਤ ਮਾਇਆ ਕਿਸ ਨੂੰ ਛੂ ਸਕਦੀ ਸੀ।

ਆਪਸ ਕਉ ਆਪਹਿ ਆਦੇਸੁ [5] ।
ਤਿਹੁ ਗੁਣ ਕਾ ਨਾਹੀ ਪਰਵੇਸ [6] ॥

ਜਦੋਂ ਪਰਭੂ ਨੂੰ ਕੋਈ ਨਮਸਕਾਰ ਨਹੀਂ ਸੀ ਕਰਦਾ (ਜਦੋਂ ਦੁਨੀਆਂ ਹੀ ਨਹੀ ਬਨੀ ਸੀ) ਤੇ ਉਹ ਅਪਨੇ ਆਪ ਨੂੰ ਆਪ ਹੀ ਨਮਸਕਾਰ ਕਰਦਾ ਸੀ ਤਦੋਂ ਮਾਇਆ ਦੇ ਤਿਨਾਂ ਗੁਨਾਂ, ਸਤੋ, ਰਜੋ, ਤਮੋ, ਦਾ ਅਸਰ ਨਹੀਂ ਹੋਂਦਾ ਸੀ।

ਜਹ ਏਕਹਿ ਏਕ ਏਕ ਭਗਵੰਤਾ ॥
ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥

ਜਦੋਂ ਪਰਭੂ ਇਕ ਅਕਲਾ ਸੀ ਤਦੋਂ ਕੋਣ ਬੇਫਿਕਰ ਸੀ ਤੇ ਕਿਸ ਨੂੰ ਫਿਕਰ ਲਗੇ ਹੋਏ ਸਨ।

---

1 ਜਿਸ ਨੂੰ ਧੋਖਾ ਨਾ ਦਿਤਾ ਜਾ ਸਕੇ। 2 ਜੋ ਕਟਿਆ ਨਾ ਜਾਵੇ। 3 ਜਿਸ ਦਾ ਭੇਦ ਨਾ ਪਾਇਆ ਜਾਵੇ। 4 ਛੂਨਾਂ। 5 ਨਮਸਕਾਰ। 6 ਦਖਲ।



Digitized by Panjab Digital Library | www.panjabdigilib.org

ਜਹ ਆਪਨ ਆਪੁ ਆਪਿ ਪਤੀਆਰਾ[1] ॥
ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥

ਜਦੋਂ ਪਰਭੂ ਨੂੰ ਆਪਨੇ ਆਪ ਵਿਚ ਤਸੱਲੀ ਸੀ, ਤਦੋਂ ਕਉਨ ਕਥਾ ਕਰਦਾ ਸੀ ਤੇ ਕੌਨ ਕਥਾ ਸੁਨਦਾ ਸੀ।

ਬਹੁ ਬੇਅੰਤ ਊਚ ਤੇ ਊਚਾ ॥
ਨਾਨਕ ਆਪਸ ਕਉ ਆਪਹਿ ਪਹੂਚਾ ॥੬ ॥

ਪਰਭੂ ਬੜਾ ਬੇਅੰਤ ਹੈ ਤੇ ਊਚਿਆਂ ਤੋਂ ਭੀ ਉਚਾ ਹੈ। ਗੁਰੂ ਜੀ ਆਖਦੇ ਹਨ ਕਿ ਉਹ ਪਰਭੂ ਅਪਨੇ ਆਪ ਹੀ ਪਹੁੰਚਿਆ ਹੋਇਆ ਹੈ

ਜਹ ਆਪਿ ਰਚਿਓ ਪਰਪੰਚੁ[2] ਅਕਾਰੁ ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ[3] ॥
ਪਾਪੁ ਪੁੰਨੁ ਤਹ ਭਈ ਕਹਾਵਤ[4] ॥
ਕੋਊ ਨਰਕ ਕੋਊ ਸੁਰਗ ਬੰਛਾਵਤ[5] ॥
ਆਲ ਜਾਲ[6] ਮਾਇਆ ਜੰਜਾਲ ॥
ਹਉਮੈ[7] ਮੋਹ[8] ਭਰਮ[9] ਭੈ[10] ਭਾਰ ॥
ਦੂਖ ਸੂਖ ਮਾਨ[11] ਅਪਮਾਨ[12] ॥
ਅਨਿਕ ਪ੍ਰਕਾਰ ਕੀਓ ਬਖਾਨ[13] ॥
ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ[14] ਤਉ ਨਾਨਕ ਏਕੈ ॥ ੭ ॥

---

1 ਤਸਲੀ। 2 ਵਿਖਾਈ ਦੇਣ ਵਾਲਾ ਸੰਸਾਰ। 3 ਪਸਾਰਾ। 4 ਕਹਾਨੀ। 5 ਚਾਹੁੰਦਾ ਹੈ। 6 ਘਰਾਂ ਦੇ ਬੰਧਨ। 7 ਹੰਕਾਰ। 8 ਮੁਹਬਤ। 9 ਵਹਿਮ। 10 ਡਰ। 11 ਇਜ਼ਤ। 12 ਬੇਇਜ਼ਤੀ। 13 ਬਿਆਨ ਕੀਤੇ ਜਾਂਦੇ ਹਨ, ਦਸੇ ਜਾਂਦੇ ਹਨ। 14 ਇਕਠਾ ਕਰੇ।



Digitized by Panjab Digital Library | www.panjabdigilib.org

ਜਦੋਂ ਪ੍ਰਭੂ ਨੇ ਆਪ ਸੰਸਾਰ ਬਣਾ ਦਿਤਾ ਤੇ ਦੁਨੀਆਂ ਦੇ ਤਿੰਨਾਂ ਗੁਨਾਂ ਦਾ ਖਿਲਾਰਾ ਫੈਲਾ ਦਿਤਾ, ਤਾਂ ਪਾਪ ਪੁਨ ਦੀਆਂ ਗਲਾਂ ਚਲ ਪਈਆਂ, ਤੇ ਕੋਈ ਨਰਕ ਭੋਗਦਾ ਹੈ ਤੇ ਕੋਈ ਸਵਰਗ ਚਾਹੁੰਦਾ ਹੈ, ਅਯਾਲਦਾਰੀ, ਦੁਨੀਆਂ ਦੇ ਧੰਧੇ, ਅਹੰਕਾਰ, ਪਿਆਰ, ਵਹਿਮ, ਡਰ ਦਾ ਭਾਰ, ਦੁਖ, ਸੁਖ, ਇਜ਼ਤ, ਬੇਇਜ਼ਤੀ, ਇਸ ਤਰਾਂ ਦੀਆਂ ਬੇਅੰਤ ਤਰ੍ਹਾਂ ਦੀਆਂ ਗਲਾਂ ਚਲ ਪਈਆਂ। ਪਰਭੂ ਆਪਦੀ ਰਚੀ ਹੋਈ ਦੁਨੀਆਂ ਬਨਾਕੇ ਆਪ ਹੀ ਵੇਖਦਾ ਹੈ। ਜਿਸ ਵਕਤ ਇਹ ਅਪਣੀ ਦੁਨੀਆ ਨੂੰ ਸਮੇਟ ਲੈਂਦਾ ਹੈਂ ਤਾਂ ਗੁਰੂ ਜੀ ਕਹਿੰਦੇ ਹਨ ਪਰਭੂ ਇਕ ਅਕਲਾ ਹੋ ਜਾਂਦਾਂ ਹੈ।

ਜਹ ਅਬਿਗਤੁ[1] ਭਗਤੁ ਤਹ ਆਪਿ ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ[2] ॥

ਜਿਥੇ ਪਰਭੂ ਹੈ ਉਥੇ ਹੀ ਉਸਦਾ ਭਗਤ ਹੈ। ਅਸਲ ਵਿਚ ਪਰਭੂ ਨੇ ਇਹ ਦੁਨੀਆਂ ਸੰਤਾਂ ਦੀ ਮਹਿਮਾਂ ਵਾਸਤੇ ਬਨਾਈ ਹੈ।

ਦੁਹੂ ਪਾਖ[3] ਕਾ ਆਪਹਿ ਧਨੀ[4] ॥
ਉਨ ਕੀ ਸੋਭਾ ਉਨਹੂ ਬਨੀ ॥

ਪਰਭੂ ਦੀ ਸੋਭਾ ਸੰਤ ਹੀ ਜਾਨਦੇ ਹਨ ਤੇ ਸੰਤਾਂ ਦੀ ਸੋਭਾ ਦਾ ਕੇਵਲ ਪਰਭੂ ਨੂੰ ਹੀ ਪਤਾ ਹੈ। ਉਹ ਪਰਭੂ ਦੋਹਾਂ ਪਾਸਿਆਂ (ਸੰਤਾਂ ਦੀ ਮਹਿਮਾ ਤੇ ਦੁਨੀਆ ਦੇ ਤਿਨਾਂ ਗੁਨਾਂ; ਦਾ ਆਪ ਹੀ ਮਾਲਕ ਹੈ।

ਆਪਹਿ ਕਉਤਕ[5] ਕਰੈ ਅਨਦ ਚੋਜ ॥
ਆਪਹਿ ਰਸ ਭੋਗਨ ਨਿਰਜੋਗ[6] ॥

---

[1] ਸਰੀਰ ਤੋਂ ਬਿਨਾਂ ਪਰਭੂ। [2] ਮਹਿਮਾ। [3] ਪਾਸਿਆਂ।
[4] ਮਾਲਿਕ। [5] ਤਮਾਸ਼ੇ। [6] ਬੇਲਾਗ, ਜੁਦਾ।



Digitized by Panjab Digital Library | www.panjabdigilib.org

ਆਪੇ ਪਰਭੂ ਦੁਨੀਆ ਦੇ ਤਮਾਸ਼ੇ ਕਰਦਾ ਹੈ ਤੇ ਆਪ ਹੀ ਇਹ ਖੇਲ ਤਮਾਸ਼ੇ ਵੇਖ ਵੇਖ ਕੇ ਖੁਸ਼ ਹੁੰਦਾ ਹੈ। ਆਪ ਹੀ ਇਸ ਦੁਨੀਆਂ ਦੇ ਲੁਤਫ਼ ਉਠਾਂਦਾ ਹੈ ਤੇ ਆਪੇ ਹੀ ਦੁਨੀਆਂ ਤੋਂ ਬੇਲਾਗ ਹੈ।

ਜਿਸ ਭਾਵੈ ਤਿਸੁ ਆਪਨ ਨਾਇ ਲਾਵੈ ॥
ਜਿਸ ਭਾਵੈ ਤਿਸ ਖੇਲ ਖਿਲਾਵੈ ॥

ਜਿਸ ਨੂੰ ਪਰਭੂ ਚਾਹਵੇ ਉਸ ਨੂੰ ਆਪਨੇ ਨਾਂ ਨਾਲ ਜੋੜ ਲੈਂਦਾ ਹੈ, ਤੇ ਉਹੀ ਮੁਕਤੀ ਹਾਸਿਲ ਕਰ ਲੈਂਦਾ ਹੈ। ਤੇ ਜਿਨ੍ਹਾਂ ਨੂੰ ਪਰਭੂ ਦੁਨਯਾਦਾਰੀ ਵਿਚ ਪਾਣਾ ਚਾਹੁੰਦਾ ਹੈ ਉਨ੍ਹਾਂ ਨੂੰ ਦੁਨੀਆਂ ਦੀ ਗਲਾਂ ਵਿਚ ਲਾ ਦੇਂਦਾ ਹੈ ਤੇ ਉਹ ਚੌਰਾਸੀ ਦੇ ਗੇੜ ਵਿਚ ਪਏ ਜਾਂਦੇ ਹਨ।

ਬੇਸੁਮਾਰ [1] ਅਥਾਹ [2] ਅਗਨਤ [3] ਅਤੋਲੈ [4] ॥
ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥

ਗੁਰੂ ਜੀ ਆਖਦੇ ਹਨ ਹੇ ਪ੍ਰਭੂ ਜੀ! ਤੂੰ ਬੇਅੰਤ ਹੈਂ, ਤੂੰ ਕਿਸੇ ਇਕ ਜਗ੍ਹਾ ਤੇ ਨਹੀਂ ਰਹਿੰਦਾ, ਤੂੰ ਗਿਨਤੀ ਤੋਂ ਬਾਹਿਰ ਹੈਂ, ਤੇ ਤੋਲ ਮਾਪ ਤੋਂ ਬਾਹਿਰ ਹੈ। ਪ੍ਰਭੂ ਜੀ ਜਿਸ ਤਰਾਂ ਤੂੰ ਆਪਨੇ ਦਾਸਾਂ ਨੂੰ ਬੁਲਾਂਦਾ ਹੈ ਤੇਰੇ ਦਾਸ ਉਸੇ ਤਰਾਂ ਬੋਲਦੇ ਹਨ। ਸਭ ਕੁਛ ਤੇਰੇ ਹਥ ਹੈ।

---

[1] ਬੇਅੰਤ। [2] ਜਿਸ ਦਾ ਇਕ ਟਿਕਾਨਾ ਨਾ ਹੋਵੇ। [3] ਜੋ ਗੇਨਮੇਨ ਵਿਚ ਨਾ ਆਵੇ। [4] ਜੋ ਤੋਲਿਆ ਨਾ ਜਾ ਸਕੇ।



Digitized by Panjab Digital Library | www.panjabdigilib.org

# ਸਲੋਕੁ ॥

ਜੀਆ ਜੰਤ ਕੇ ਠਾਕੁਰਾ[1] ਆਪੇ ਵਰਤਣਹਾਰ[2] ॥
ਨਾਨਕ ਏਕੋ ਪਸਰਿਆ[3] ਦੂਜਾ ਕਹ[4] ਦ੍ਰਿਸਟਾਰ[5] ॥

ਹੇ ਸਾਰੀ ਦੁਨੀਆ ਦੇ ਮਾਲਕ ਪਰਭੂ ਜੀ ! ਤੂੰ ਹਰ ਥਾਂ ਤੇ ਮੌਜੂਦ ਹੈਂ। ਗੁਰੂ ਜੀ ਆਖਦੇ ਹਨ ਤੂੰ ਹਰ ਥਾਂ ਤੇ ਫੈਲਿਆ ਹੋਇਆ ਹੈ ਤੇ ਤੇਰੇ ਬਗੈਰ ਹੋਰ ਕੋਈ ਨਹੀਂ ਦਿਖਾਈ ਦੇਂਦਾ।

## ਅਸਟਪਦੀ

ਆਪਿ ਕਥੈ ਆਪਿ ਸੁਨਨੈਹਾਰੁ ॥
ਆਪਹਿ ਏਕੁ ਆਪਿ ਬਿਸਥਾਰੁ[6] ॥

ਪਰਭੂ ਆਪੇ ਕਥਾ ਕਰਦਾ ਹੈ ਤੇ ਆਪੇ ਹੀ ਸੁਣਦਾ ਹੈ। ਪਰਭੂ ਆਪੇ ਆਪ ਅਕਲਾ ਹੈ ਤੇ ਆਪ ਹੀ ਮਾਇਆ ਵਿਚ ਫੈਲਿਆ ਹੋਇਆ ਹੈ।

---

[1] ਮਾਲਕ। [2] ਮੌਜੂਦ। [3] ਫੈਲਿਆ। [4] ਕਿਥੇ। [5] ਦਿਖਾਈ ਦੇਂਦਾ ਹੈ। [6] ਖਿਲਾਰ।



Digitized by Panjab Digital Library | www.panjabdigilib.org

ਜਾ ਤਿਸੁ ਭਾਵੈ ਤਾ ਸ੍ਰਿਸਟਿ[1] ਉਪਾਏ[2] ॥
ਆਪਨੈ ਭਾਣੈ ਲਏ ਸਮਾਏ[3] ॥

ਜਿਸ ਵਕਤ ਪਰਭੂ ਨੂੰ ਚੰਗਾ ਲਗਦਾ ਹੈ ਤਾਂ ਉਹ ਦੁਨੀਆਂ ਨੂੰ ਪੈਦਾ ਕਰ ਦੇਂਦਾ ਹੈ ਤੇ ਫਿਰ ਆਪਣੀ ਮਰਜ਼ੀ ਨਾਲ ਹੀ ਉਸ ਦੁਨੀਆਂ ਨੂੰ ਸਮੇਟ ਲੈਂਦਾ ਹੈ।

ਤੁਮ ਤੇ ਭਿੰਨ[4] ਨਹੀ ਕਿਛੁ ਹੋਇ ॥
ਆਪਨ ਸੂਤਿ ਸਭੁ ਜਗਤੁ ਪਰੋਇ ॥

ਹੇ ਪ੍ਰਭੂ ਜੀ ਤੇਰੇ ਬਿਨਾਂ ਕਿਸੇ ਕੋਲੋਂ ਕੁਛ ਵੀ ਨਹੀਂ ਹੋ ਸਕਦਾ ਤੂੰ ਆਪਣੇ ਹੁਕਮ ਰੂਪੀ ਧਾਗੇ ਵਿਚ ਸਭ ਨੂੰ ਪਰੋਇਆ ਹੋਇਆ ਹੈ।

ਜਾ ਕਉ ਪ੍ਰਭ ਜੀਉ ਆਪਿ ਬੁਝਾਇ ॥
ਸਚੁ ਨਾਮੁ ਸੋਈ ਜਨੁ ਪਾਇ ॥

ਜਿਨ੍ਹਾਂ ਜੀਵਾਂ ਉਤੇ ਪਰਭੂ ਜੀ ਕ੍ਰਿਪਾ ਦ੍ਰਿਸ਼ਟੀ ਕਰਨ ਤੇ ਸੋਝੀ ਬਖਸ਼ ਦੇਣ। ਉਹੀ ਜੀਵ ਸਚੇ ਨਾਮ ਨੂੰ ਪਾ ਸਕਦੇ ਹਨ।

ਸੋ ਸਮਦਰਸੀ[5] ਤਤ[6] ਕਾ ਬੇਤਾ[7] ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ[8] ॥ ੧ ॥

ਉਹ ਗੁਰਮੁਖ ਸਾਰੀ ਦੁਨੀਆਂ ਨੂੰ ਇਕ ਨਜ਼ਰ ਨਾਲ ਦੇਖਦਾ ਹੈ ਤੇ ਅਸਲੀਅਤ ਜਿਸ ਵਾਸਤੇ ਇਹ ਦੁਨੀਆਂ ਰਚੀ ਗਈ ਹੈ ਉਸ ਦੀ ਸਮਝ ਵਿਚ ਆ ਜਾਂਦੀ ਹੈ। ਗੁਰੂ ਜੀ ਆਖਦੇ ਹਨ, ਉਹ ਸਾਰੀ ਦੁਨੀਆਂ ਵਿਚੋਂ ਜਿਤ ਜਾਂਦਾ ਹੈ।

---

[1] ਦੁਨੀਆਂ। [2] ਪੈਦਾ ਕਰਨਾ। [3] ਸਮੇਟਨਾਂ। [4] ਬਗੈਰ, ਵਖਰਾ। [5] ਜੋ ਸਭ ਨੂੰ ਇਕ ਨਜ਼ਰ ਨਾਲ ਵੇਖੇ। [6] ਅਸਲੀਅਤ। [7] ਜਾਨਣ ਵਾਲਾ। [8] ਜਿਤਨ ਵਾਲਾ।



Digitized by Panjab Digital Library | www.panjabdigilib.org

ਜੀਅ ਜੰਤ੍ਰ[1] ਸਭ ਤਾ ਕੈ ਹਾਥ[2] ॥
ਦੀਨ[3] ਦਇਆਲ[4] ਅਨਾਥ[5] ਕੋਨਾਥ[6] ॥

ਸਾਰੀ ਦੁਨੀਆਂ ਪ੍ਰਭੂ ਦੇ ਵਸ ਵਿਚ ਹੈ। ਉਹਗਰੀਬਾਂ ਤੇ ਮੇਹਰ ਕਰਦਾ ਹੈ ਤੇ ਜਿਸ ਦਾ ਕੋਈ ਭੀ ਨ ਹੋਵੇ ਉਸ ਦਾ ਮਾਲਿਕ ਹੈ

ਜਿਸ ਰਾਖੈ ਤਿਸੁ ਕੋਇ ਨ ਮਾਰੈ ॥
ਸੋ ਮੂਆ ਜਿਸੁ ਮਨਹੁ ਬਿਸਾਰੈ ॥

ਜਿਸ ਦੇ ਸਿਰ ਤੇ ਪ੍ਰਭੂ ਆਪ ਹਥ ਰਖੇ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ। ਉਹ ਮਨੁਖ ਮੋਇਆ ਜਾਨ ਜਿਸ ਨੂੰ ਪਰਭੂ ਆਪ ਭੁਲਾ ਦੇਂਦਾ ਹੈ।

ਤਿਸ ਤੀਜ[7] ਅਵਰ ਕਹਾ ਕੋ ਜਾਇ ॥
ਸਭ ਸਿਰਿ ਏਕੁ ਨਿਰੰਜਨ[8] ਰਾਇ[9] ॥

ਉਸ ਪਰਭੂ ਨੂੰ ਛੋੜਕੇ ਕਿਤੇ ਕਿਸ ਜਗਾਂ ਤੇ ਕੋਈ ਜਾਵੇ ਪਰਭੂ ਤਾਂ ਹਰ ਥਾਂ ਤੇ ਮੌਜੂਦ ਹੈ ਸਭ ਜੀਵਾਂ ਦੀ ਪਾਲਨਾ ਉਹ ਪ੍ਰਭੂ ਕਰਦਾ ਹੈ ਜੋ ਮਾਇਆ ਦੇ ਅਧੀਨ ਨਹੀ, ਪਰੰਤੂ ਉਸ ਤੋਂ ਪਰੇ ਹੈ।

ਜੀਅ ਕੀ ਜੁਗਤ[10] ਜਾ ਕੈ ਸਭ ਹਾਥ ॥
ਅੰਤਰਿ ਬਾਹਰਿ ਜਾਨਹੁ ਸਾਥਿ ॥

ਉਸ ਪਰਭੂ ਨੂੰ ਜਿਸ ਦੇ ਹਥ ਵਿਚ ਜੀਵਾਂ ਦੀ ਜ਼ਿੰਦਗੀ ਦੇ ਭੇਦ ਹਨ ਹਰ ਵਕਤ ਹਰ ਥਾਂ ਤੇ ਅਪਨੇ ਅੰਗ ਸੰਗ ਸਮਝੋ।

---

[1] ਤਰੀਕੇ। [2] ਵਸ ਵਿਚ। [3] ਗਰੀਬ। [4] ਦਇਆ ਕਰਨ ਵਾਲਾ। [5] ਨਿਖਸਮਾ। [6] ਮਾਲਕ। [7] ਛੋੜ। [8] ਮਾਇਆ ਤੋਂ ਰਹਿਤ। [9] ਰਾਜਾ। [10] ਜ਼ਿੰਦਗੀ ਦੇ ਭੇਦ।



Digitized by Panjab Digital Library | www.panjabdigilib.org

ਗੁਨ ਨਿਧਾਨ[1] ਬੇਅੰਤ ਅਪਾਰ[2] ॥
ਨਾਨਕ ਦਾਸ ਸਦਾ ਬਲਿਹਾਰ ॥ ੨ ॥

ਗੁਰੂ ਜੀ ਕਹਿੰਦੇ ਹਨ, ਪਰਭੂ ਦੇ ਸੇਵਕ ਉਸ ਪਰਭੂ ਤੋਂ ਸਦਾ ਕੁਰਬਾਨ ਜਾਂਦੇ ਹਨ, ਜੋ ਗੁਨਾਂ ਦਾ ਖ਼ਜ਼ਾਨਾ ਹੈ, ਬੇਅੰਤ ਤੇ ਅਥਾਹ ਹੈ।

ਪੂਰਨ[3] ਪੂਰਿ[4] ਰਹੇ ਦਇਆਲ[5] ॥
ਸਭ ਊਪਰਿ ਹੋਵਤ ਕਿਰਪਾਲ ॥

ਦਇਆ ਕਰਨ ਵਾਲਾ ਪਰਭੂ ਹਰ ਜਗਾ ਮੌਜੂਦ ਹੈ। ਉਹ ਪਰਭੂ ਸਭ ਤੇ ਮੇਹਰ ਕਰਦਾ ਹੈ।

ਅਪਨੇ ਕਰਤਬ[6] ਜਾਨੈ ਆਪਿ ॥
ਅੰਤਰਜਾਮੀ[7] ਰਹਿਓ ਬਿਆਪਿ[8] ॥

ਪਰਭੂ ਅਪਨੇ ਚੋਜ ਆਪ ਹੀ ਜਾਂਨਦਾ ਹੈ। ਉਹ ਦਿਲਾਂ ਦਿਆਂ ਬੁਝਨ ਵਾਲਾ ਪਰਭੂ ਹਰ ਜਗਾ ਮੌਜੂਦ ਹੈ।

ਪ੍ਰਤਿਪਾਲੈ[9] ਜੀਅਨ ਬਹੁ ਭਾਤਿ[10] ॥
ਜੋ ਜੋ ਰਚਿਓ[11] ਸੁ ਤਿਸਹਿ ਧਿਆਤਿ[12]॥

ਉਹ ਪਰਭੂ ਦੁਨੀਆਂ ਦੇ ਜੀਵਾਂ ਦੀ ਕਈ ਤਰਾਂ ਨਾਲ ਪਾਲਨਾਂ ਕਰਦਾ ਹੈ। ਜਿਸ ਨੂੰ ਉਸ ਪਰਭੂ ਨੇ ਪੈਦਾ ਕੀਤਾ ਹੈ ਉਹੀ ਉਸ ਦੇ ਨਾਉਂ ਨੂੰ ਸਿਮਰਦੇ ਹਨ।

---

[1] ਖਜ਼ਾਨਾ। [2] ਅਥਾਹ, ਜਿਸ ਦਾ ਉਰਵਾਰ ਪਾਰ ਮਾਲੂਮ ਨਾ ਹੋਵੇ। [3] ਪਰਭੂ। [4] ਹਰ ਜਗਾ ਮੌਜੂਦ। [5] ਮੇਹਰ ਕਰਨ ਵਾਲਾ। [6] ਖੇਲ। [7] ਦਿਲਾਂ ਦੀਆਂ ਜਾਨਣ ਵਾਲਾ। [8] ਮੌਜੂਦ। [9] ਪਾਲਨਾ। [10] ਤਰੀਕਾ। [11] ਪੈਦਾ ਕੀਤਾ। [12] ਸਿਮਰਦੇ ਹਨ।



Digitized by Panjab Digital Library | www.panjabdigilib.org

ਜਿਸੁ ਭਾਵੈ ਤਿਸੁ ਲਏ ਮਿਲਾਏ ॥
ਭਗਤ ਕਰਹਿ ਹਰਿ ਕੇ ਗੁਣ ਗਾਏ ॥

ਜਿਸ ਉਤੇ ਵਾਹਿਗੁਰੂ ਮੇਹਰ ਕਰਦਾ ਹੈ ਉਸ ਨੂੰ ਅਪਨੇ ਨਾਲ ਮਿਲਾ ਲੈਂਦਾ ਹੈ। ਉਹ ਜੀਵ ਭਗਤੀ ਕਰਦੇ ਹਨ ਤੇ ਪ੍ਰਭੂ ਦੀ ਹੀ ਮਹਿਮਾ ਵਿਚ ਲਗੇ ਰਹਿੰਦੇ ਹਨ

ਮਨ ਅੰਤਰਿ ਬਿਸ੍ਰਾਸੁ ਕਰਿ ਮਾਨਿਆ ॥
ਕਰਨ ਹਾਰੁ ਨਾਨਕ ਇਕੁ ਜਾਨਿਆ ॥ ੩ ॥

ਜਿਸ ਜੀਵ ਨੇ ਹੀ ਪੂਰੇ ਯਕੀਨ ਨਾਲ ਦਿਲ ਵਿਚ ਪਭੂ ਨੂੰ ਜਾਂਨ ਲੀਤਾ ਹੈ। ਗੁਰੂ ਜੀ ਕਹਿੰਦੇ ਹਨ ਉਸ ਨੇ ਇਹ ਜਾਨ ਲਿਆ ਕਿ ਸਭ ਕੁਛ ਕੇਵਲ ਇਕ ਪ੍ਰਭੂ ਹੀ ਹੈ

ਜਨੁ ਲਾਗਾ ਹਰਿ ਏਕੈ ਨਾਇ ॥
ਤਿਸ ਕੀ ਆਸ[2] ਨ ਬਿਰਥੀ[3] ਜਾਇ ॥

ਜੋ ਸੇਵਕ ਕੇਵਲ ਇਕ ਪ੍ਰਭੂ ਦੇ ਨਾਉ ਤੇ ਹੀ ਯਕੀਨ ਰਖਦੇ ਹਨ ਉਨਾਂ ਦੀ ਕੋਈ ਉਮੈਦ ਜਾਂ ਖਾਹਿਸ਼ ਖ਼ਾਲੀ ਨਹੀਂ ਰਹਿੰਦੀ।

ਸੇਵਕ ਕਉ ਸੇਵਾ ਬਨਿ ਆਈ[4] ॥
ਹੁਕਮੁ ਬੂਝਿ ਪਰਮ[5] ਪਦੁ[6] ਪਾਈ ॥

ਸੇਵਕ ਦੇ ਵਾਸਤੇ ਇਹੀ ਮੁਨਾਸਿਬ ਹੈ ਉਹ ਹਰ ਇਕ ਦੀ ਸੇਵਾ ਕਰੇ। ਪ੍ਰਭੂ ਦਾ ਹੁਕਮ ਸਿਰ ਮਥੇ ਤੇ ਮਨਣ ਨਾਲ ਉਸ ਸੇਵਕ ਨੂੰ ਬੜੀ ਉਚੀ ਪਦਵੀ ਮਿਲਦੀ ਹੈ।

---

[1] ਯਕੀਨ। [2] ਉਮੈਦ। [3] ਖਾਲੀ। [4] ਮੁਨਾਸਿਬ। [5] ਵਡੀ। [6] ਇਜ਼ਤ।



Digitized by Panjab Digital Library | www.panjabdigilib.org

ਇਸ ਤੇ ਊਪਰਿ[1] ਨਹੀ ਬੀਚਾਰੁ ॥
ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ[2] ॥
ਅਨਦਿਨੁ[3] ਪੂਜਹਿ ਗੁਰ ਕੇ ਪੈਰ ॥

ਜਿਨਾਂ ਦੇ ਦਿਲ ਦੇ ਵਿਚ ਪ੍ਰਭੂ ਵਸਦਾ ਹੈ, ਉਨਾਂ ਦੇ ਵਾਸਤੇ ਇਸ ਪਰਭੂ ਨਾਮ ਤੋਂ ਵਡਾ ਹੋਰ ਕੋਈ ਸੋਚ ਨਹੀ ਹੋ ਸਕਦਾ।

ਉਹ ਪਰਭੂ ਦੇ ਭਗਤ ਮਾਇਆ ਦੇ ਬੰਧਨਾਂ ਤੋਂ ਛੁਟ ਜਾਂਦੇ ਹਨ ਤੇ ਉਨਾ ਨੂੰ ਕਿਸੇ ਨਾਲ ਦੁਸ਼ਮਨੀ ਨਹੀ ਹੋਂਦੀ। ਉਹ ਹਰ ਰੋਜ਼ ਗੁਰਾਂ ਦੇ ਚਰਨ ਪੂਜਦੇ ਹਨ।

ਇਹ ਲੋਕ ਸੁਖੀਏ ਪਰਲੋਕ ਸੁਹੇਲੇ[4] ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥

ਉਹ ਗੁਰੂ ਦੇ ਸਿਖ ਇਸ ਜਨਮ ਵਿਚ ਭੀ ਸੁਖੀ ਰਹਿੰਦੇ ਹਨ ਤੇ ਪਰਲੋਕ ਵਿਚ ਭੀ ਸੌਖੇ ਹੁੰਦੇ ਹਨ ਗੁਰੂ ਜੀ ਕਹਿੰਦੇ ਹਨ ਉਨ੍ਹਾਂ ਨੂੰ ਪਰਭੂ ਆਪਨੇ ਨਾਲ ਆਪੇ ਮੇਲ ਲੈਂਦਾ ਹੈ।

ਸਾਧ ਸੰਗਿ ਮਿਲਿ ਕਰਹੁ ਅਨੰਦ[5] ॥
ਗੁਨ ਗਾਵਹੁ ਪ੍ਰਭ ਪਰਮਾ[6] ਨੰਦ ॥

ਹੇ ਭਾਈਓ ਉਸ ਬੇਅੰਤ ਖੁਸ਼ੀ ਦੇਨ ਵਾਲੇ ਪਰਭੂ ਦੀ ਸਿਫਤਾਂ ਕਰੋ। ਤੇ ਸਾਧ ਸੰਗਤ ਵਿਚ ਜਾ ਕੇ ਇਸ ਦੀਆਂ ਖੁਸ਼ੀਆਂ ਮਨਾਉ।

---

[1] ਚੰਗਾ। [2] ਜਿਸ ਦੀ ਕਿਸੇ ਨਾਲ ਦੁਸ਼ਮਨੀ ਨਾ ਹੋਵੇ। [3] ਹਰ ਰੋਜ਼। [4] ਸੌਖੇ। [5] ਖੁਸ਼ੀ। [6] ਪਰਮ ਆਨੰਦ ਦੇਣ ਵਾਲਾ।



Digitized by Panjab Digital Library | www.panjabdigilib.org

ਰਾਮ ਨਾਮ ਤਤੁ[1] ਕਰਹੁ ਬੀਚਾਰੁ ॥
ਦ੍ਰੁਲਭ[2] ਦੇਹ[3] ਕਾ ਕਰਹੁ ਉਧਾਰੁ ॥

ਪਰਭੂ ਦੇ ਨਾਮ ਦਾ ਨਿਚੋੜ ਕਢਕੇ ਉਸੇ ਨੂੰ ਵੀਚਾਰੋ ਤੇ ਸੋਚੋ। ਇਸ ਤਰਾਂ ਕਰਨ ਨਾਲ ਜੋ ਮਨੁਖਾ ਜਨਮ ਤੁਸਾਨੂੰ ਇਤਨਾ ਮੁਸ਼ਕਿਲ ਮਿਲਿਆ ਹੈ ਉਸ ਨੂੰ ਸਵਾਰ ਲਉਗੇ ।

ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥
ਪ੍ਰਾਨ ਤਰਨ ਕਾ ਇਹੈ ਸੁਆਉ[4] ॥

ਪਰਭੂ ਦੇ ਗੁਨ ਗਾਉ ਜੋ ਜੀਵ ਨੂੰ ਮਰਨ ਜੀਵਨ ਤੋਂ ਛੁਟਕਾਰਾ ਦੇਨ ਵਾਲੇ ਬਚਨ ਹਨ । ਜੀਵ ਆਤਮਾਂ ਨੂੰ ਬੁਰੇ ਕਮਾਂ ਤੋਂ ਬਚਾਂਨ ਦਾ ਇਹ ਹੀ ਤਰੀਕਾ ਹੈ।

ਆਠ ਪਹਰ ਪ੍ਰਭ ਪੇਖਹੁ[5] ਨੇਰਾ[6] ॥
ਮਿਟੈ ਅਗਿਆਨੁ ਬਿਨਸੈ[7] ਅੰਧੇਰਾ ॥

ਹਰ ਵਕਤ ਪਰਭੂ ਨੂੰ ਆਪਨੇ ਅੰਗ ਸੰਗ ਸਮਝੋ ਤੇ ਇਸ ਤਰਾਂ ਅਗਿਆਨ ਦੂਰ ਹੋ ਜਾਵੇਗਾ ਤੇ ਪਾਪਾਂ ਦਾ ਅੰਧੇਰਾ ਹਟ ਜਾਵੇਗਾ ।

ਸੁਨਿ ਉਪਦੇਸੁ ਹਿਰਦੈ ਬਸਾਵਹੁ ॥
ਮਨ ਇਛੇ ਨਾਨਕ ਫਲ ਪਾਵਹੁ ॥ ੫ ॥

ਗੁਰੂ ਜੀ ਕਹਿੰਦੇ ਹਨ ਪਰਭੂ ਦਾ ਉਪਦੇਸ਼ ਸੁਨਕੇ ਉਸ ਨੂੰ ਦਿਲ ਵਿਚ ਅਛੀ ਤਰਾਂ ਟਿਕਾ ਲਓ । ਇਸ ਤਰਾਂ ਤੁਸਾਡੀਆਂ ਦਿਲ ਦੀਆਂ ਸਭ ਮੁਰਾਦਾਂ ਪੂਰੀਆਂ ਹੋ ਜਾਂਨ ਗੀਆਂ ।

---

[1] ਨਿਚੋੜ । [2] ਜੋ ਬੜੀ ਮੁਸ਼ਕਲ ਨਾਲ ਮਿਲੇ ।[3] ਜਿਸਮ । [4] ਵਸੀਲਾ । [5] ਵੇਖੋ । [6] ਨਜ਼ਦੀਕ । [7] ਦੂਰ ਹੋ ਜਾਵੇਗਾ ।



Digitized by Panjab Digital Library | www.panjabdigilib.org

ਹਲਤੁ [1] ਪਲਤੁ [2] ਦੁਇ ਲੇਹੁ ਸਵਾਰਿ ॥
ਰਾਮ ਨਾਮੁ ਅੰਤਰਿ ਉਰਿ ਧਾਰਿ [3] ॥

ਹਿਰਦੇ ਵਿਚ ਪਰਭੂ ਦਾ ਨਾਮ ਟਿਕਾਨ ਨਾਲ ਜੀਵ ਦੀ ਇਹ ਦੁਨੀਆਂ ਤੇ ਅਗਲੀ ਦੁਨੀਆਂ ਸੁਧਰ ਜਾਏਗੀ ।

ਪੂਰੇ ਗੁਰ ਕੀ ਪੂਰੀ ਦੀਖਿਆ [4] ॥
ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ [5] ॥

ਸਚੇ ਗੁਰੂ ਦਾ ਸਚਾ ਉਪਦੇਸ਼ ਹੈ, ਇਹ ਉਸੇ ਜੀਵ ਦੇ ਦਿਲ ਵਿਚ ਟਿਕਦਾ ਹੈ ਜੋ ਪਰਭੂ ਦੀ ਕਸਵਟੀ ਤੇ ਲਾਣ ਨਾਲ ਸਚ ਨਿਕਲੇ ।

ਮਨਿ ਤਨਿ ਨਾਮੁ ਜਪਹੁ ਲਿਵ [6] ਲਾਇ ॥
ਦੂਖ ਦਰਦੁ ਮਨ ਤੇ ਭਉ ਜਾਇ ॥

ਪੂਰੀ ਸ਼ਰਧਾ ਨਾਲ ਦਿਲ ਤੇ ਜ਼ਬਾਨ ਨਾਲ ਪਰਭੂ ਦਾ ਨਾਮ ਸਿਮਰੋ । ਦੁਖ ਦਰਦ ਤੇ ਦਿਲ ਵਿਚੋਂ ਮੌਤ ਦਾ ਡਰ ਹਟ ਜਾਵੇਗਾ ।

ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ [7] ਖੇਪ [8] ਤੁਮਾਰੀ ॥

ਹੇ ਵਨਜਾਰੇ ਜੀਵ ! ਪਰਭੂ ਦੇ ਸਚੇ ਨਾਮ ਦਾ ਵਪਾਰ ਕਰੋ ਇਹੀ ਖਰੀਦੋ ਤੇ ਆਪਨੀ ਮਨ-ਰੂਪੀ ਦੁਕਾਨ ਵਿਚ ਰਖਕੇ ਇਸੇ ਨੂੰ ਵੇਚੋ । ਉਸ ਪਰਭੂ ਦੀ ਦਰਗਾਹ ਵਿਚ ਇਹ ਸੌਦਾ ਤੇਰਾ ਸਾਥ ਦੇਵੇਗਾ ।

---

[1] ਇਹ ਦੁਨੀਆਂ । [2] ਪਰਲੋਕ । [3] ਦਿਲ ਵਿਚ ਟਿਕਾ ਕੇ [4] ਸਿਖਿਆ, ਉਪਦੇਸ਼ । [5] ਇਮਤਿਹਾਨ । [6] ਪਿਆਰ, ਸ਼ਰਧਾ । [7] ਨਾਲ ਪਹੁੰਚੇਗਾ । [8] ਸੌਦਾ ।



Digitized by Panjab Digital Library | www.panjabdigilib.org

ਏਕਾ ਟੇਕ[1] ਰਖਹੁ ਮਨ ਮਾਹਿ ॥
ਨਾਨਕ ਬਹੁਰਿ[2] ਨ ਆਵਹਿ ਜਾਹਿ ॥ ੬ ॥

ਗੁਰੂ ਜੀ ਕਹਿੰਦੇ ਹਨ, ਕਿ ਇਕ ਪਰਭੂ ਦਾ ਆਸਰਾ ਆਪਦੇ ਦਿਲ ਵਿਚ ਰਖੋ ਤੇ ਮੁੜ ਜਮਨ ਮਰਨ ਦਾ ਗੇੜ ਖਤਮ ਹੋ ਜਾਵੇਗਾ।

ਤਿਸ ਤੇ ਦੂਰਿ ਕਹਾ ਕੋ ਜਾਇ ॥
ਉਬਰੈ[3] ਰਾਖਨਹਾਰੁ[4] ਧਿਆਇ ॥

ਉਸ ਮੌਤ ਤੋਂ ਛੁਰਕੇ ਕੋਈ ਕਿਥੇ ਦੌੜਕੇ ਜਾ ਸਕਦਾ ਹੈ। ਉਹੀ ਜੀਵ ਚੌਰਾਸੀ ਦੇ ਗੇੜ ਤੋਂ ਬਚਦੇ ਹਨ ਜੋ ਬਚਾਉਨ ਵਾਲੇ ਪ੍ਰਭੂ ਨੂੰ ਸਿਮਰਦੇ ਹਨ।

ਨਿਰਭਉ[5] ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ[6] ਛੁਟੈ ॥

ਡਰ-ਰਹਿਤ ਪਰਭੂ ਦੇ ਨਾਮ ਜਪਨ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ। ਪਰਭੂ ਦੀ ਮੇਹਰ ਹੋ ਜਾਵੇ ਤਾਂ ਜੀਵ ਮਰਨ ਜਮਨ ਤੋਂ ਛੁਟਕਾਰਾ ਪਾ ਲੈਂਦਾ ਹੈ।

ਜਿਸ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥
ਨਾਮੁ ਜਪਤ ਮਨਿ ਹੋਵਤ ਸੂਖ ॥

ਜਿਸ ਜੀਵ ਦੀ ਪਰਭੁ ਰਖਿਆ ਕਰਦਾ ਹੈ, ਉਸ ਨੂੰ ਕੋਈ ਤਕਲੀਫ ਨਹੀਂ ਹੁੰਦੀ। ਪਰਭੂ ਦੇ ਨਾਮ ਸਿਮਰਨ ਨਾਲ ਦਿਲ ਨੂੰ ਸੁਖ ਤੇ ਸ਼ਾਂਤੀ ਮਿਲਦੀ ਹੈ।

[1] ਆਸਰਾ। [2] ਫਿਰ, ਮੁੜ ਕੇ। [3] ਬਚਨਾਂ। [4] ਪਰਭੂ। [5] ਡਰ ਤੋਂ ਰਹਿਤ ਪਰਭੂ। [6] ਜੀਵ।



Digitized by Panjab Digital Library | www.panjabdigilib.org

ਚਿੰਤਾ[1] ਜਾਇ ਮਿਟੈ ਅਹੰਕਾਰੁ[2] ॥
ਤਿਸ ਜਨ ਕਉ ਕੋਇ ਨ ਪਹੁਚਨਹਾਰੁ ॥

ਜੋ ਪਰਭੂ ਦਾ ਨਾਉਂ ਜਪਦੇ ਹਨ, ਉਨ੍ਹਾਂ ਦਾ ਫ਼ਿਕਰ ਦੂਰ ਹੋ ਜਾਂਦਾ ਹੈ। ਤੇ ਗ਼ਰੂਰ ਮਿਟ ਜਾਂਦਾ ਹੈ, ਤੇ ਉਸ ਗੁਰਮੁਖ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ।

ਸਿਰ ਊਪਰਿ ਠਾਢਾ[3] ਗੁਰ ਸੂਰਾ[4] ॥
ਨਾਨਕ ਤਾਕੇ ਕਾਰਜ ਪੂਰਾ ॥ ੭ ॥

ਗੁਰੂ ਜੀ ਆਖਦੇ ਹਨ, ਜਿਸ ਜਵ ਦੇ ਸਿਰ ਉਤੇ ਸੂਰਮੇ ਸਤਿਗੁਰੂ ਦਾ ਹਥ ਹੋਵੇ ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ।

ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ[5] ॥
ਦਰਸਨੁ ਪੇਖਤ ਉਧਰਤ ਸ੍ਰਿਸਟਿ[6] ॥

ਉਸ ਪਰਭੂ ਦੀ ਸਚੀ ਜ਼ਾਤ ਹੈ, ਉਸ ਦੀ ਨਜ਼ਰ ਵਿਚੋਂ ਅੰਮ੍ਰਿਤ ਵਸਦਾ ਹੈ। ਉਸ ਦੇ ਦਰਸ਼ਨ ਕਰਕੇ ਦੁਨੀਆਂ ਪਾਪਾਂ ਤੋਂ ਬਚ ਜਾਂਦੀ ਹੈ।

ਚਰਨ ਕਮਲ ਜਾ ਕੇ ਅਨੂਪ[7] ॥
ਸਫਲ ਦਰਸਨੁ ਸੁੰਦਰ ਹਰਿ ਰੂਪ ॥

ਪਰਭੂ ਦੇ ਕਮਲ ਫੁਲ ਵਰਗੇ ਕੋਮਲ ਚਰਨ ਹਨ ਉਹ ਬੜੇ ਸੋਹਣੇ ਹਨ ਹਰੀ ਦੇ ਸੋਹਣੇ ਦਰਸ਼ਨ ਕਰਕੇ ਜੀਵ ਦੀਆਂ ਇਛਾਂ ਪੂਰੀ ਹੋ ਜਾਂਦੀਆਂ ਹਨ।

---

[1] ਫ਼ਿਕਰ। [2] ਗ਼ਰੂਰ। । [3] ਖੜੋਤਾ । [4] ਸੂਰਮਾ
[5] ਨਜ਼ਰ। [6] ਜਗਤ। [7] ਸੁੰਦਰ, ਬੇਮਿਸਾਲ।



Digitized by Panjab Digital Library | www.panjabdigilib.org

ਧੰਨੁ ਸੇਵਾ ਸੇਵਕੁ ਪਰਵਾਨੁ ॥
ਅੰਤਰਜਾਮੀ ਪੁਰਖੁ[1] ਪ੍ਰਧਾਨੁ ॥

ਉਹ ਪਰਭੂ ਦਿਲ ਦੀਆਂ ਜਾਣਨ ਵਾਲਾ ਹੈ, ਤੇ ਉਹ ਸਭ ਤੋਂ ਵਡਾ ਹੈ। ਉਸ ਦਾ ਸੇਵਕ ਦਰਗਾਹ ਵਿਚ ਕਬੂਲ ਹੁੰਦਾ ਹੈ ਇਸ ਲਈ ਉਸ ਦੀ ਸੇਵਾ ਮੁਬਾਰਕ ਹੈ।

ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥
ਤਾ ਕੈ ਨਿਕਟਿ[2] ਨ ਅਵਤ ਕਾਲੁ ॥

ਜਿਸ ਜੀਵ ਦੇ ਦਿਲ ਵਿਚ ਪਰਭੂ ਵਸ ਜਾਂਦਾ ਹੈ ਉਹ ਖੁਸ਼ ਹੋ ਜਾਂਦਾ ਹੈ। ਉਸ ਦੇ ਨਜ਼ਦੀਕ ਮੌਤ ਨਹੀਂ ਆਂਦੀ। ਉਸ ਦੀ ਚੌਰਾਸੀ ਕਟੀ ਜਾਂਦੀ ਹੈ।

ਅਮਰ ਭਏ ਅਮਰ[3] ਪਦੁ ਪਾਇਆ ॥
ਸਾਧ ਸੰਗਿ ਨਾਨਕ ਹਰਿ ਧਿਆਇਆ ॥੮॥੨੨॥

ਗੁਰੂ ਜੀ ਕਹਿੰਦੇ ਹਨ ਕਿ ਜੋ ਜੀਵ ਸਾਧ ਸੰਗਤ ਵਿਚ ਜਾ ਕੇ ਪਰਭੂ ਦਾ ਨਾਮ ਜਪਦਾ ਹੈ ਉਹ ਸਦਾ ਜ਼ਿੰਦਾ ਰਹਿੰਦਾ ਹੈ ਤੇ ਜੀਵਨ ਮੁਕਤੀ ( ਦੇਵਤਿਆਂ ਦਾ ਰੁਤਬਾ ) ਪਾ ਲੈਂਦਾ ਹੈ।

---

1 ਵਡਾ। 2 ਨਜ਼ਦੀਕ। 3 ਜੀਵਨ ਮੁਕਤੀ, ਦੇਵਤਿਆਂ ਦਾ ਰੁਤਬਾ।



Digitized by Panjab Digital Library | www.panjabdigilib.org

# ਸਲੋਕੁ

ਗਿਆਨਅੰਜਨੁ [1] ਗੁਰਿਦੀਆ ਅਗਿਆਨ ਅੰਧੇਰਬਿਨਾਸੁ [2] ॥
ਹਰਿ ਕਿਰਪਾ ਤੇ ਸੰਤ ਭੇਟਿਆ [3] ਨਾਨਕਮਨਿ ਪਰਗਾਸੁ [4] ॥

ਜਿਸ ਜੀਵ ਨੂੰ ਗਿਆਨ ਰੂਪੀ ਸੁਰਮਾ ਸਤਿਗੁਰੂ ਜੀ ਨੇ ਦੇ ਦਿਤਾ ਹੈ ਉਸ ਦਾ ਅਗਿਆਨ ਰੂਪੀ ਅੰਧੇਰਾ ਹਟ ਗਿਆ। ਪਰਭੂ ਦੀ ਮੇਹਰ ਨਾਲ ਸਤਿਗੁਰੂ ਮਿਲ ਗਏ ਹਨ, ਗੁਰੂ ਜੀ ਕਹਿੰਦੇ ਹਨ ਹੁਨ ਦਿਲ ਵਿਚ ਰੋਸ਼ਨੀ ਹੋ ਜਾਏਗੀ।

## ਅਸਟਪਦੀ

ਸੰਤ ਸੰਗਿ ਅੰਤਰਿ [5] ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥

ਜੋ ਜੀ ਸਾਧ ਸੰਗਤ ਵਿਚ ਜਾਂਦੇ ਹੈਨ ਉਹ ਪਰਭੂ ਨੂੰ ਆਪਨੇ ਮਨ ਵਿਚ ਦੇਖਣ ਲਗ ਪੈਂਦੇ ਹਨ, ਤੇ ਉਨ੍ਹਾਂ ਨੂੰ ਪਰਭੂ ਦਾ ਨਾਮ ਮਿਠਾ ਲਗਦਾ ਹੈ।

---

[1] ਸੁਰਮਾ। [2] ਦੂਰ ਹੋ ਗਿਆ। [3] ਮਿਲਿਆ। [4] ਰੋਸ਼ਨੀ। [5] ਅੰਦਰ ਮਨ ਵਿਚ।



Digitized by Panjab Digital Library | www.panjabdigilib.org

ਸਗਲ[1] ਸਮਿਗ੍ਰੀ[2] ਏਕਸੁ ਘਟ[3] ਮਾਹਿ ॥
ਅਨਿਕ[4] ਰੰਗ ਨਾਨਾ[5] ਦ੍ਰਿਸਟਾਹਿ[6] ॥

ਸਾਰੀ ਦੁਨੀਆਂ ਇਕ ਪਰਭੂ ਵਿਚ ਸਮਾਈ ਹੋਈ ਹੈ। ਉਸ ਪਰਭੂ ਦੇ ਅਨੇਕਾਂ ਰੰਗ ਹਨ ਤੇ ਬੇਅੰਤ ਨਜ਼ਰਾਂ ਉਸ ਨੂੰ ਦੇਖਣ ਵਾਲੀ ਹਨ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ[7] ਮਹਿ ਇਸ ਕਾ ਬਿਸ੍ਰਾਮ ॥

ਜਿਸ ਜੀਵ ਦੇ ਸਰੀਰ ਵਿਚ ਉਸ ਪਰਭੂ ਦਾ ਨਾਉਂ ਟਿਕ ਜਾਂਦਾ ਹੈ। ਉਹ ਪਰਭੂ ਦਾ ਨਾਉਂ ਅੰਮ੍ਰਤ ਹੈ ਤੇ ਨੌ ਹੀ ਖ਼ਜ਼ਾਨਿਆਂ ਦੇ ਬਰਾਬਰ ਹੈ। ਉਸ ਜੀਵ ਨੂੰ ਸਭ ਕੁਛ ਮਿਲ ਜਾਂਦਾ ਹੈ।

ਸੁੰਨ ਸਮਾਧਿ[8] ਅਨਹਤ[9] ਤਹ ਨਾਦ[10] ॥
ਕਹਨੁ ਨ ਜਾਈ ਅਚਰਜ[11] ਬਿਸਮਾਦ[12] ॥

ਉਸ ਗੁਰਮੁਖ ਦੇ ਹਿਰਦੇ ਵਿਚ ਇਕ ਸਮਾਧੀ ਲਗੀ ਰਹਿੰਦੀ ਹੈ ਤੇ ਉਸ ਦੀ ਬਿਰਤੀ ਉਸ ਪਰਭੂ ਦੀ ਲਗਾਤਾਰ ਆਨ ਵਾਲੀ ਅਵਾਜ਼ ਵਿਚ ਇਉਂ ਜੁੜੀ ਰਹਿੰਦੀ ਹੈ ਜੋ ਬੜੀ ਹੈਰਾਨ ਕਰ ਦੇਣ ਵਾਲੀ ਹੁੰਦੀ ਹੈ ਤੇ ਇਸ ਦਾ ਬਿਆਨ ਨਹੀਂ ਹੋ ਸਕਦਾ।

ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥
ਨਾਨਕ ਤਿਸੁ ਜਨ ਸੋਝੀ ਪਾਏ ॥੧॥

---

1 ਸਾਰੀ। 2 ਦੁਨੀਆਂ। 3 ਹਿਰਦਾ। 4 ਬੇਅੰਤ। 5 ਜੁਦਾ 6 ਨਜ਼ਰਾਂ। 7 ਸ਼ਰੀਰ। 8 ਉਹ ਸਮਾਧੀ ਜਿਸ ਵਿਚ ਕੋਈ ਖਾਇਸ਼ ਨ ਉਠੇ। 9 ਲਗਾਤਾਰ। 10 ਅਵਾਜ਼ ਰਾਗ। 11 ਹੈਰਾਨ ਕਰ ਦੇਣਾ ਵਾਲੀ। 12 ਹੈਰਾਨ।



Digitized by Panjab Digital Library | www.panjabdigilib.org

ਗੁਰੂ ਜੀ ਕਹਿੰਦੇ ਹਨ ਕਿ ਇਹ ਆਨੰਦ ਉਹ ਹੀ ਜੀਵ ਮਾਨਦਾ ਹੈ। ਜਿਸ ਨੂੰ ਪਰਭੂ ਆਪ ਦਿਖਾਂਦਾ ਹੈ। ਉਸ ਜੀਵ ਨੂੰ ਸਭ ਗਲ ਦੀ ਰੋਸ਼ਨੀ ਹੋ ਜਾਂਦੀ ਹੈ।

ਸੋ ਅੰਤਰਿ ਸੋ ਬਾਹਰਿ ਅਨੰਤ[1] ॥
ਘਟਿ[2] ਘਟਿ ਬਿਆਪਿ[3] ਰਹਿਆ ਭਗਵੰਤ ॥

ਉਹ ਬੇਅੰਤ ਪਰਭੂ ਹਰ ਇਕ ਜੀਵ ਦੇ ਅੰਦਰ ਭੀ ਹੈ ਤੇ ਬਾਹਰ ਭੀ ਹੈ। ਉਹ ਪਰਭੂ ਹਰ ਇਕ ਦੇ ਸ਼ਰੀਰ ਵਿਚ ਮੌਜੂਦ ਹੈ।

ਧਰਨਿ[4] ਮਾਹਿ ਆਕਾਸ[5] ਪਇਆਲ[6] ॥
ਸਰਬ ਲੋਕ[7] ਪੂਰਨ[8] ਪ੍ਰਤਿਪਾਲ[9] ॥

ਪਰਭੂ ਧਰਤੀ ਵਿਚ ਅਸਮਾਨ ਤੇ ਪਤਾਲ ਵਿਚ ਤੇ ਸਭ ਭਵਨਾਂ ਵਿਚ ਮੌਜੂਦ ਹੈ ਤੇ ਉਹ ਸਭ ਦੀ ਪਾਲਨਾ ਕਰਦਾ ਹੈ।

ਬਨਿ[10] ਤਿਨਿ[11] ਪਰਬਤਿ[12] ਹੈ ਪਾਰਬ੍ਰਹਮੁ ॥
ਜੈਸੀ ਆਗਿਆ[13] ਤੈਸਾ ਕਰਮੁ[13] ॥

ਉਹ ਪਰਭੂ ਜੰਗਲ ਵਿਚ ਘਾਹ ਵਿਚ ਤੇ ਪਹਾੜਾਂ ਤੇ ਹਰ ਜਗਾ ਮੌਜੂਦ ਹੈ। ਜਿਸ ਤਰ੍ਹਾਂ ਪਰਭੂ ਹੁਕਮ ਦੇਂਦਾ ਹੈ ਜੀਵ ਉਹੀ ੨ ਕੰਮ ਕਰਦਾ ਹੈ।

---

ਬੇਅੰਤ। [1] ਸ਼ਰੀਰ। [3] ਦਿਖਾਈ। [4] ਧਰਤੀ। [5] ਅਸਮਾਨ। [6] ਪਤਾਲ। [7] ਭਵਨ। [8] ਪ੍ਰਭੂ। [9] ਪਾਲਨਾ ਕਰਦਾ ਹੈ। [10] ਜੰਗਲ [11] ਘਾਸ। [12] ਪਹਾੜ। [13] ਹੁਕਮ। [14] ਕੰਮ।


Digitized by Panjab Digital Library | www.panjabdigilib.org

ਪਉਣ[1] ਪਾਣੀ ਬੈਸੰਤਰ[2] ਮਾਹਿ ॥

ਚਾਰਿ ਕੁੰਟ[3] ਦਹ ਦਿਸੇ[4] ਸਮਾਹਿ ॥

ਤਿਸ ਤੇ ਭਿੰਨ[5] ਨਹੀ ਕੋ ਠਾਉ[6] ॥

ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ੨ ॥

ਹਵਾ ਵਿਚ, ਪਾਣੀ ਵਿਚ, ਅਗ ਵਿਚ, ਦੁਨੀਆਂ ਦੇ ਚਾਰੇ ਕੋਨਿਆਂ ਵਿਚ, ਤੇ ਜਗਤ ਦੇ ਹਰ ਤਰਫ ਉਹ ਪਰਭੂ ਮੌਜੂਦ ਹੈ । ਉਸ ਪਰਭੂ ਤੋਂ ਖਾਲੀ ਕੋਈ ਜਗਾ ਨਹੀਂ । ਗੁਰੂ ਜੀ ਕਹਿੰਦੇ ਹਨ, ਕਿ ਇਹ ਆਨੰਦ ਕਿ ਪਰਭੂ ਹਰ ਥਾਂ ਤੇ ਨਜ਼ਰ ਆਵੇ ਗੁਰਾਂ ਦੀ ਮੇਹਰ ਨਾਲ ਹੀ ਮਿਲ ਸਕਦਾ ਹੈ ।

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥

ਸਸੀਅਰ[7] ਸੂਰ[8] ਨਖੵਤ੍ਰ[9] ਮਹਿ ਏਕੁ ॥

ਵੇਦਾਂ, ਪੁਰਾਨਾਂ ਸਿੰਮ੍ਰਿਤੀ ਧਾਰਮਕ ਕਿਤਾਬਾਂ ਵਿਚ ਉਸ ਪ੍ਰਭੂ ਨੂੰ ਦੇਖੋ । ਚੰਦ, ਸੂਰਜ, ਤਾਰਿਆਂ ਵਿਚ ਇਕੋ ਉਹੀ ਪਰਭੂ ਹੈ ।

ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥

ਆਪ ਅਡੋਲੁ ਨ ਕਬਹੂ ਡੋਲੈ ॥

ਹਰ ਕੋਈ ਪਰਭੂ ਦੀ ਬੋਲੀ ਹੀ ਬੋਲਦਾ ਹੈ । ਉਹ ਸਾਰਿਆ ਵਿਚ ਹੋਨ ਦੇ ਬਾਵਜੂਦ ਸਭ ਤੇ ਅਲੈਦਾ ਹੈ ਤੇ ਕਿਸੇ ਨਾਲ ਨਹੀਂ ਮਿਲਦਾ ।

---

[1] ਹਵਾ । [2] ਅਗ । [3] ਕੋਨੇ। [4] ਤਰਫ । [5] ਵਖਰਾ । [6] ਜਗਾ। [7] ਚੰਦ੍ਰਮਾ । [8] ਸੂਰਜ । [9] ਤਾਰੇ ।



Digitized by Panjab Digital Library | www.panjabdigilib.org

ਸਰਬ ਕਲਾ[1] ਕਰਿ ਖੇਲੈ ਖੇਲ ॥
ਮੋਲਿ ਨ ਪਾਈਐ ਗੁਣਹ ਅਮੋਲ ॥

ਸਾਰੀਆਂ ਤਾਕਤਾਂ ਕਰਿਕ ਉਹ ਪਰਭੂ ਦੁਨੀਆਂ ਦੀਆਂ ਖੇਲਾਂ ਖੇਲ ਰਿਹਾ ਹੈ। ਉਸ ਅਮੋਲ ਗੁਨਾਂ ਵਾਲੇ ਦਾ ਮੂਲ ਨਹੀਂ ਪਏ ਸਕਦਾ।

ਸਰਬ ਜੋਤਿ[2] ਮਹਿ ਜਾ ਕੀ ਜੋਤਿ ॥
ਧਾਰਿ[3] ਰਹਿਓ ਸੁਆਮੀ ਓਤਿ ਪੋਤਿ[4] ॥

ਉਸ ਪਰਭੂ ਦਾ ਨੂਰ ਹਰ ਇਕ ਦੇ ਦਿਲ ਵਿਚ ਰੋਸ਼ਨੀ ਕਰ ਰਿਹਾ ਹੈ। ਉਹ ਤਾਨੇ ਪੇਟੇ ਦੀ ਤਰਾਂ ਸਭ ਵਿਚ ਆਪ ਹੀ ਹੈ ਤੇ ਸਭ ਨੂੰ ਉਸੇ ਦਾ ਹੀ ਆਸਰਾ ਹੈ।

ਗੁਰ ਪਰਸਾਦਿ ਭਰਮ[5] ਕਾ ਨਾਸੁ ॥
ਨਾਨਕ ਤਿਨ ਮਹਿ ਏਹੁ ਬਿਸਾਸੁ[6] ॥ ੩ ॥

ਗੁਰੂ ਜੀ ਇਹ ਕਹਿੰਦੇ ਹਨ ਉਪਰ ਲਿਖੀਆਂ ਗਲਾਂ ਦਾ ਉਨ੍ਹਾਂ ਜੀਵਾਂ ਦੇ ਦਿਲਾਂ ਵਿਚ ਹੀ ਯਕੀਨ ਹੁੰਦਾ ਹੈ ਜਿਨ੍ਹਾਂ ਦਾ ਗੁਰਾਂ ਦੀ ਮੇਹਰ ਨਾਲ ਵਹਿਮਾਂ ਦਾ ਨਾਸ ਹੋ ਜਾਵੇ।

ਸੰਤ ਜਨਾ ਕਾ ਪੇਖਨੁ[7] ਸਭੁ ਬ੍ਰਹਮ[8] ॥
ਸੰਤ ਜਨਾ ਕੈ ਹਿਰਦੈ ਸਭਿ[9] ਧਰਮ[10] ॥

ਸੰਤ ਹਰ ਜਗਾ ਤੇ ਪਰਭੂ ਨੂੰ ਹੀ ਕੇਵਲ ਵੇਖਦੇ ਹਨ। ਉਨ੍ਹਾਂ ਦੇ ਦਿਲ ਵਿਚ ਕੇਵਲ ਧਰਮ ਦੇ ਖ਼ਿਆਲ ਹੀ ਉਠਦੇ ਹਨ।

---

[1] ਤਾਕਤਾਂ। [2] ਨੂਰ। [3] ਆਸਰਾ ਲਿਆ ਹੋਇਆ ਹੈ। [4] ਤਾਨਾਂ ਪੇਟਾ। [5] ਵਹਿਮ। [6] ਯਕੀਨ। [7] ਵੇਖਣਾਂ। [8] ਵਾਹਿਗੁਰੂ। [9] ਸਾਰੇ। [10] ਧਰਮ ਦੇ ਖਿਆਲ।



Digitized by Panjab Digital Library | www.panjabdigilib.org

ਸੰਤ ਜਨਾ ਸੁਨਹਿ ਸੁਭ[1] ਬਚਨ ॥
ਸਰਬ ਬਿਆਪੀ ਰਾਮ ਸੰਗਿ ਰਚਨ ॥

ਸੰਤ ਕੇਵਲ ਚੰਗੇ ਬਚਨ ਹੀ ਸੁਨਦੇ ਹਨ। ਉਹ ਸਭ ਥਾਈਂ ਪਰਭੂ ਦੇ ਨਾਲ ਹੀ ਜੁੜੇ ਰਹਿੰਦੇ ਹਨ।

ਜਿਨਿ ਜਾਤਾ ਤਿਸ ਕੀ ਇਹ ਰਹਤ ॥
ਸਤਿ ਬਚਨ ਸਾਧੂ ਸਭਿ ਕਹਤ ॥

ਜਿਸ ੨ ਨੇ ਪਰਭੂ ਨੂੰ ਜਾਨ ਲਿਆ ਉਸ ਦੀ ਇਸ ਤਰ੍ਹਾਂ ਦੀ ਜ਼ਿੰਦਗੀ ਬਣ ਜਾਂਦੀ ਹੈ, ਸਾਧੂ ਹਮੇਸ਼ਾਂ ਸਚੇ ਬਚਨ ਬੋਲਦੇ ਹਨ।

ਜੋ ਜੋ ਹੋਇ ਸੋਈ ਸੁਖੁ ਮਾਨੈ ॥
ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥

ਜੋ ਕੁਛ ਹੀ ਬੀਤਦਾ ਹੈ ਸੰਤ ਉਸ ਨੂੰ ਖੁਸ਼ੀ ੨ ਸਿਰ ਮਥੇ ਤੇ ਕਬੂਲ ਕਰਦੇ ਹਨ। ਉਹ ਜਾਣਦੇ ਹਨ ਕਿ ਸਭ ਕੰਮਾਂ ਦੇ ਕਰਨ ਵਾਲਾ ਤੇ ਕਰਾਨ ਵਾਲਾ ਪਰਭੂ ਆਪ ਹੈ।

ਅੰਤਰਿ ਬਸੇ ਬਾਹਰਿ ਭੀ ਓਹੀ ॥
ਨਾਨਕ ਦਰਸਨੁ ਦੇਖਿ ਸਭ ਮੋਹੀ[2] ॥ ੪ ॥

ਸੰਤਾਂ ਨੂੰ ਹਰ ਇਕ ਦੇ ਅੰਦਰ ਤੇ ਬਾਹਿਰ ਹਰ ਥਾਂ ਕੇਵਲ ਪਰਭੂ ਹੀ ਦਿਸਦਾ ਹੈ। ਗੁਰੂ ਜੀ ਆਖਦੇ ਹਨ ਕਿ ਸੰਤ ਸਭਨਾਂ ਵਿਚ ਪਰਭੂ ਨੂੰ ਵੇਖਕੇ ਮੋਹਿਤ ਜਾਂ ਮਸਤ ਹੋਏ ਰਹਿੰਦੇ ਹਨ।

---

[1] ਚੰਗੇ। [2] ਮਸਤ।



Digitized by Panjab Digital Library | www.panjabdigilib.org

ਆਪਿ ਸਤਿ ਕੀਆ ਸਭੁ ਸਤਿ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥

ਖਰਬੂ ਆਪ ਸਚਾ ਹੈ ਤੇ ਉਸ ਦੀ ਬਨਾਈ ਹੋਈ ਦੁਨੀਆਂ ਭੀ ਸਚੀ ਹੈ। ਇਹ ਸਾਰੀ ਦੁਨੀਆਂ ਉਸੇ ਨੇ ਹੀ ਪੈਦਾ ਕੀਤੀ ਹੈ।

ਤਿਸੁ ਭਾਵੈ ਤਾ ਕਰੇ ਬਿਸਥਾਰ[1] ॥
ਤਿਸ ਭਾਵੈ ਤਾ ਏਕੰਕਾਰੁ[2] ॥

ਜੇ ਉਸ ਪਰਭੂ ਦੀ ਮਰਜ਼ੀ ਹੋਵੇ ਤਾਂ ਦੁਨੀਆਂ ਦਾ ਪਸਾਰਾ ਕਰ ਦੇਂਦਾ ਹੈ ਤੇ ਜੇਕਰ ਉਸ ਨੂੰ ਚੰਗਾ ਲਗੇ ਤਾਂ ਉਹ ਦੁਨੀਆਂ ਨੂੰ ਸਮੇਟ ਕੇ ਆਪ ਇਕੋ ਹੀ ਰਹਿ ਜਾਂਦਾ ਹੈ।

ਅਨਿਕ ਕਲਾ[3] ਲਖੀ ਨਹ ਜਾਇ ॥
ਜਿਸੁ ਭਾਵੈ ਤਿਸ ਲਏ ਮਿਲਾਇ ॥

ਪਰਭੂ ਦੀਆਂ ਬੇਅੰਤ ਤਾਕਤਾਂ ਹਨ ਜਿਨ੍ਹਾਂ ਦਾ ਬਿਆਨ ਨਹੀਂ ਹੋ ਸਕਦਾ। ਪਰਭੂ ਜਿਸ ਤੇ ਖੁਸ਼ ਹੋ ਜਾਵੇ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਕਵਨ ਨਿਕਟਿ[4] ਕਵਨ ਕਹੀਐ ਦੂਰਿ ॥
ਆਪੇ ਆਪਿ ਆਪਿ ਭਰਪੂਰ ॥

ਪਰਭੂ ਕਿਸ ਤੋਂ ਕਹੀਏ ਨਜ਼ਦੀਕ ਹੈ ਤੇ ਕਿਸ ਤੋਂ ਦੂਰ ਹੈ। ਉਹ ਪਰਭੂ ਆਪ ਹੀ ਹਰ ਥਾਂ ਤੇ ਮੌਜੂਦ ਹੈ।

---

[1] ਪਸਾਰਾ। [2] ਇਕ ਪਾਲਨ ਵਾਲਾ। [3] ਤਾਕਤ। [4] ਨਜ਼ਦੀਕ।



Digitized by Panjab Digital Library | www.panjabdigilib.org

ਅੰਤਰਿ[1] ਗਤਿ ਜਿਸੁ ਆਪਿ ਜਨਾਏ ॥
ਨਾਨਕ ਤਿਸੁ ਜਨ ਆਪਿ ਬੁਝਾਏ ॥੫॥

ਪਰਭੂ ਜਿਸ ਦੇ ਦਿਲ ਵਿਚ ਆਪਣਾ ਸਰੂਪ ਰਖ ਦੇਵੇ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਨੂੰ ਉਹ ਪਰਭੂ ਆਪਣੀ ਸਾਰੀ ਸੋਝੀ ਬਖਸ਼ ਦੇਂਦਾ ਹੈ।

ਸਰਬ ਭੂਤ[2] ਆਪਿ ਵਰਤਾਰਾ[3] ॥
ਸਰਬ ਨੈਨ[4] ਆਪਿ ਪੇਖਨਹਾਰਾ ॥

ਪਰਭੂ ਸਭਨਾਂ ਜੀਵਾਂ ਵਿਚ ਆਪ ਹੀ ਮੌਜੂਦ ਹੈ। ਤੇ ਆਪ ਹੀ ਸਭ ਨੂੰ ਜੀਵਾਂ ਦੀਆਂ ਅੱਖਾਂ ਦੀ ਰਾਹੀਂ ਦੇਖਣ ਵਾਲਾ ਹੈ।

ਸਗਲ ਸਮਗ੍ਰੀ[5] ਜਾ ਕਾ ਤਨਾ[6] ॥
ਆਪਨ ਜਸੁ ਆਪ ਹੀ ਸੁਨਾ ॥

ਸਾਰੀ ਦੁਨੀਆਂ ਪਰਭੂ ਦਾ ਸ਼ਰੀਰ ਹੈ ਤੇ ਆਪਣੀ ਸਿਫਤ ਵੀ ਉਹ ਪਰਭੂ ਆਪ ਹੀ ਸੁਣ ਰਿਹਾ ਹੈ।

ਆਵਨ ਜਾਨੁ ਇਕੁ ਖੇਲੁ ਬਨਾਇਆ ॥
ਆਗਿਆਕਾਰੀ ਕੀਨੀ ਮਾਇਆ ॥

ਪਰਭੂ ਨੇ ਜੀਵਾਂ ਦਾ ਜਮਨਾਂ ਤੇ ਮਰਨਾ ਆਪਣੀ ਇਕ ਖੇਲ ਬਨਾਈ ਹੈ ਤੇ ਇਹ ਦੁਨੀਆਂ ਆਪਣੇ ਹੁਕਮ ਤੇ ਚਲਨ ਵਾਲੀ ਬਨਾਈ ਹੈ।

---

[1] ਹਿਰਦੇ ਦੇ ਅੰਦਰ। [2] ਜੀਵ। [3] ਮੌਜੂਦ ਹੈ। [4] ਅਖਾਂ। [5] ਦੁਨੀਆਂ। [6] ਸ਼ਰੀਰ।



Digitized by Panjab Digital Library | www.panjabdigilib.org

ਸਭ ਕੈ ਮਧਿ[1] ਅਲਿਪਤੋ[2] ਰਹੈ ॥
ਜੋ ਕਿਛੁ ਕਹਣਾ ਸੁ ਆਪੇ ਕਹੈ ॥

ਪਰਭੂ ਸਭ ਦੇ ਵਿਚ ਹੈ ਤੇ ਇਹ ਸਭ ਤੋਂ ਅਲਗ ਰਹਿੰਦਾ ਹੈ। ਜੋ ਕੁਛ ਜੀਵ ਬੋਲਦਾ ਉਹ ਪਰਭੂ ਆਪ ਬੁਲਾਂਦਾਂ ਹੈ।

ਆਗਿਆ ਆਵੈ ਆਗਿਆ ਜਾਇ ॥
ਨਾਨਕ ਜਾ ਭਾਵੈ ਤਾ ਲਏ ਸਮਾਇ ॥ ੬ ॥

ਗੁਰੂ ਜੀ ਆਖਦੇ ਹਨ ਕਿ ਜੀਵ ਪਰਭੂ ਦੀ ਮਰਜ਼ੀ ਨਾਲ ਜਮਦਾ ਹੈ ਤੇ ਉਸ ਦੀ ਮਰਜ਼ੀ ਨਾਲ ਮਰ ਜਾਂਦਾ ਹੈ। ਪ੍ਰਭੂ ਜਿਸ ਨੂੰ ਚਾਹੇ ਉਸ ਨੂੰ ਅਪਨੇ ਨਾਲ ਮਿਲਾ ਲੈਂਦਾ ਹੈ।

ਇਸ ਤੇ ਹੋਇ ਸੁ ਨਾਹੀ ਬੁਰਾ ॥
ਓਰੈ[3] ਕਹਹੁ ਕਿਨੈ ਕਛੁ ਕਰਾ ॥

ਜੋ ਕੁਛ ਪ੍ਰਭੂ ਕਰਦਾ ਹੈ ਬੁਰਾ ਨਹੀਂ ਕਰਦਾ, ਤੇ ਵਾਹਿਗੁਰੂ ਤੋਂ ਬਿਨਾਂ ਦਸੋ ਹੋਰ ਕਿਸੇ ਨੇ ਕੀ ਕੀਤਾ ਹੈ।

ਆਪਿ ਭਲਾ ਕਰਤੂਤਿ[4] ਅਤਿ ਨੀਕੀ[5] ॥
ਆਪੇ ਜਾਨੈ ਅਪਨੇ ਜੀ ਕੀ ॥

ਪ੍ਰਭੂ ਆਪ ਚੰਗਾ ਹੈ ਤੇ ਉਸ ਦੇ ਕੰਮ ਭੀ ਚੰਗੇ ਹਨ, ਉਹ ਅਪਨੇ ਦਿਲ ਦੀਆਂ ਗਲਾਂ ਆਪ ਹੀ ਜਾਨਦਾ ਹੈ।

ਆਪਿ ਸਾਚੁ ਧਾਰੀ ਸਭ ਸਾਚੁ ॥
ਓਤਿ ਪੋਤਿ[6] ਆਪਨ ਸੰਗਿ ਰਾਚੁ ॥

---

[1] ਅੰਦਰ। [2] ਨਿਰਲੇਪ, ਅਲਗ। [3] ਹੋਰ। [4] ਕੰਮ। [5] ਚੰਗੇ, ਨੇਕ। [6] ਤਾਨਾਂ ਪੇਟਾ।



Digitized by Panjab Digital Library | www.panjabdigilib.org

ਪਰਭੂ ਆਪ ਸਚਾ ਹੈ ਤੇ ਉਸ ਨੇ ਸਚੀ ਦੁਨੀਆਂ ਸਾਜ ਕੇ ਅਪਨੇ ਆਸਰੇ ਤੇ ਖੜੀ ਕੀਤੀ ਹੈ। ਤਾਨੇ ਪੇਟੇ ਵਾਂਗ ਉਸ ਨੇ ਦੁਨੀਆਂ ਨੂੰ ਅਪਨੇ ਨਾਲ ਮਿਲਾਇਆ ਹੋਇਆ ਹੈ।

ਤਾ ਕੀ ਗਤਿ[1] ਮਿਤਿ[2] ਕਹੀ ਨ ਜਾਇ॥
ਦੂਸਰ ਹੋਇ ਤ ਸੋਝੀ ਪਾਇ ॥

ਉਸ ਪਰਭੂ ਦੀ ਹਾਲਤ ਦਾ ਕੋਈ ਅੰਦਾਜ਼ਾਂ ਨਹੀਂ ਲਗਾ ਸਕਦਾ। ਪਰਭੂ ਜੇਹਾ ਕੋਈ ਹੋਰ ਹੋਵੇ ਤਾਂ ਉਸ ਨੂੰ ਸਮਝ ਆਵੇ।

ਤਿਸ ਕਾ ਕੀਆ ਸਭੁ ਪਰਵਾਨੁ ॥
ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥

ਉਸ ਪਰਭੂ ਦਾ ਕੀਤਾ ਹੋਇਆ ਸਭ ਸਿਰ ਮਥੇ ਤੇ ਮਨਜ਼ੂਰ ਕਰਦੇ ਹਨ। ਗੁਰੂ ਜੀ ਕਹਿੰਦੇ ਹਨ ਇਹ ਪਛਾਨ ਗੁਰੂ ਦੀ ਕਰਪਾ ਨਾਲ ਹੀ ਹੋਂਦੀ ਹੈ।

ਜੋ ਜਾਨੈ ਤਿਸੁ ਸਦਾ ਸੁਖੁ ਹੋਇ॥
ਆਪਿ ਮਿਲਾਇ ਲਏ ਪ੍ਰਭੁ ਸੋਇ ॥

ਜੋ ਪਰਭੂ ਨੂੰ ਜਾਨ ਲੈਂਦਾ ਹੈ ਉਸ ਨੂੰ ਹਮੇਸ਼ਾਂ ਸੁਖ ਹੁੰਦਾ ਹੈ। ਪਰਭੂ ਉਸ ਨੂੰ ਆਪਣੇ ਆਪ ਨਾਲ ਮਿਲਾ ਲੈਂਦਾ ਹੈ।

ਓਹ ਧਨਵੰਤੁ[3] ਕੁਲਵੰਤੁ[4] ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥

---

[1] ਹਾਲਤ। [2] ਮਿਨਤੀ, ਅੰਦਾਜ਼ਾ। [3] ਦੌਲਤਮੰਦ। [4] ਚੰਗੇ ਖਾਨਦਾਨ ਵਾਲਾ। [5] ਇਜ਼ਤ ਵਾਲਾ।



Digitized by Panjab Digital Library | www.panjabdigilib.org

ਜਿਸ ਜੀਵ ਦੇ ਦਿਲ ਵਿਚ ਪਰਭੂ ਵਸਦਾ ਹੈ ਉਹ ਜੀਵਦਿਆਂ ਹੀ ਮੁਕਤੀ ਪਾ ਲੈਂਦਾ ਹੈ, ਉਹ ਧੰਨ ਵਾਲਾ, ਅਛੇ ਖਾਨਦਾਨ ਵਾਲਾ ਤੇ ਇਜ਼ਤ ਵਾਲਾ ਹੈ।

ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥

ਇਹੋ ਜੇਹੇ ਪੁਰਸ਼ ਦਾ ਦੁਨੀਆਂ ਵਿਚ ਆਨਾਂ ਧੰਨ ਹੈ ! ਧੰਨ ਹੈ !! ਧੰਨ ਹੈ !!! ਜਿਸ ਦੀ ਕ੍ਰਿਪਾ ਨਾਲ ਸਭ ਜਗਤ ਤਰ ਜਾਂਦਾ ਹੈ।

ਜਨ ਆਵਨ ਕਾ ਇਹੈ ਸੁਆਉ [1] ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥

ਐਸੇ ਗੁਰਮੁਖਾਂ ਦਾ ਇਸ ਸੰਸਾਰ ਵਿਚ ਆਨ ਦਾ ਇਹ ਹੀ ਮਤਲਬ ਜਾਂ ਜ਼ਰੂਰਤ ਸੀ ਕਿ ਓਨਾਂ ਗੁਰਮੁਖਾਂ ਨਾਲ ਮਿਲ ਕੇ ਪਰਭੂ ਦਾ ਨਾਉਂ ਚੇਤੇ ਆਵੇ।

ਆਪਿ ਮੁਕਤੁ [1] ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥

ਐਸਾ ਗੁਰਮੁਖ ਆਪ ਤਾਂ ਮੁਕਤੀ ਪਾ ਚੁਕਾ ਹੈ, ਤੇ ਉਹ ਜਗਤ ਨੂੰ ਭੀ ਦੁਨਿਆਵੀ ਬੰਧਨਾਂ ਤੋਂ ਅਜ਼ਾਦ ਕਰਦਾ ਹੈ। ਗੁਰੂ ਜੀ ਆਖਦੇ ਹਨ ਕਿ ਇਹੋ ਜੇਹੇ ਗੁਰਮੁਖਾਂ ਨੂੰ ਅਸੀਂ ਹਮੇਸ਼ਾਂ ਮਥਾ ਟੇਕੀਏ।

---

[1] ਮਤਲਬ। [2] ਦੁਨਿਆਵੀ ਬੰਦਨਾਂ ਤੋਂ ਅਜ਼ਾਦ।



Digitized by Panjab Digital Library | www.panjabdigilib.org

## ਸਲੋਕੁ ॥

ਪੂਰਾ [1] ਪ੍ਰਭੁ ਆਰਾਧਿਆ [2] ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥

ਉਸ ਸਚੇ ਪ੍ਰਭੂ ਨੂੰ ਜਪਿਆ ਹੈ ਜਿਸ ਦਾ ਨਾਉ ਸਦਾ ਥਿਰ ਰਹਿਨ ਵਾਲਾ ਹੈ। ਗੁਰੂ ਜੀ ਆਖਦੇ ਹਨ ਸਚਾ ਪ੍ਰਭੂ ਮਿਲ ਗਿਆ ਹੈ ਤੇ ਅਸੀ ਉਸ ਸਦਾ ਕਾਇਮ ਰਹਿਨ ਵਾਲੇ ਪ੍ਰਭੂ ਦੇ ਗੁਨ ਗਾਂਦੇ ਹਾਂ।

## ਅਸਟਪਦੀ

ਪੂਰੇ ਗੁਰ ਕਾ ਸੁਨਿ ਉਪਦੇਸੁ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥

ਹੇ ਮਨ! ਸਚੇ ਗੁਰੂ ਦਾ ਉਪਦੇਸ਼ ਸੁਨ ਤੇ ਉਸ ਪ੍ਰਭੂ ਨੂੰ ਤੂੰ ਬਿਲ ਕੁਲ ਨਜ਼ਦੀਕ ਪਾਇਗਾ।

---

[1] ਸਚਾ, ਸਦਾ ਰਹਿਨ ਵਾਲਾ। [2] ਜਪਿਆ।



Digitized by Panjab Digital Library | www.panjabdigilib.org

ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ [1] ॥

ਹੇ ਭਾਈ! ਹਰ ਦਮ ਪ੍ਰਭੂ ਨੂੰ ਯਾਦ ਕਰ ਤੇ ਇਸ ਤਰਾਂ ਦਿਲ ਦੇ ਅੰਦਰੋਂ ਚਿੰਤਾ ਦੂਰ ਹੋ ਜਾਏ।

ਆਸ [2] ਅਨਿਤ [3] ਤਿਆਗਹੁ ਤਰੰਗ [4] ॥
ਸੰਤ ਜਨਾ ਕੀ ਧੂਰਿ ਮਨ ਮੰਗ ॥

ਹੇ ਮਨ! ਨਿਤ ਨ ਰਹਿਨ ਵਾਲੀ ਚੀਜ਼ਾਂ ਦੀ ਇਛਾ ਛਡ ਦੇ ਤੇ ਸੰਤਾਂ ਦੇ ਚਰਨਾਂ ਦੀ ਧੂੜੀ ਮੰਗ। ਤਾਕੇ ਤੂੰ ਤਰ ਜਾਏਂ।

ਆਪੁ ਛੋਡਿ ਬੇਨਤੀ ਕਰਹੁ ॥
ਸਾਧ ਸੰਗਿ ਅਗਨਿ ਸਾਗਰੁ ਤਰਹੁ ॥

ਹੰਕਾਰ ਛੋੜ ਦੇਹੋ ਤੇ ਪ੍ਰਭੂ ਅਗੇ ਬੇਨਤੀ ਸਾਧ ਸੰਗਤ ਵਿਚ ਜਾ ਕੇ ਕਰੋ ਕਿ ਸਾਨੂੰ ਵਿਕਾਰਾਂ ਦੀ ਅਗ ਤੋਂ ਬਚਾ ਕੇ ਸੰਸਾਰ ਦੇ ਅਥਾਹ ਸਮੁੰਦਰ ਤੋਂ ਤਾਰ ਲਵੇ।

ਹਰਿ ਧਨ ਕੇ ਭਰਿ ਲੇਹੁ ਭੰਡਾਰ [5] ॥
ਨਾਨਕ ਗੁਰ ਪੂਰੇ ਨਮਸਕਾਰ ॥ ੧ ॥

ਗੁਰੂ ਜੀ ਕਹਿੰਦੇ ਹਨ ਕਿ ਪਰਭੂ ਨਾਮ ਦੇ ਖ਼ਜ਼ਾਨਿਆਂ ਨਾਲ ਆਪਨੀ ਝੋਲੀਆਂ ਭਰ ਲੌ ਤੇ ਐਸੇ ਗੁਰੂ ਨੂੰ ਨਮਸਕਾਰ ਕਰੋ ਜਿਸ ਦੇ ਪਾਸ ਇਸ ਤਰਾਂ ਦਾ ਖ਼ਜ਼ਾਨਾ ਹੈ।

---

[1] ਚਿੰਤਾ, ਫਿਕਰ। [2] ਉਮੈਦ। [3] ਸਦਾ ਨਾ ਕਾਇਮ ਰਹਿਣ ਵਾਲੀ। [4] ਉਮੰਗਾਂ। [5] ਖਜ਼ਾਨਾਂ।



Digitized by Panjab Digital Library | www.panjabdigilib.org

ਖੇਮ[1] ਕੁਸਲ[2] ਸਹਜ[3] ਆਨੰਦ ॥
ਸਾਧ ਸੰਗਿ ਭਜੁ ਪਰਮਾਨੰਦ ॥

ਹੇ ਜਿਵ ! ਸਾਧੂਆਂ ਦੀ ਸੰਗਤ ਵਿਚ ਰਹਿਕੇ ਉਸ ਵਡੇ ਸੁਖੀ ਪਰਭੂ ਨੂੰ ਸਿਮਰੋ ਤੇ ਇਸ ਤਰਾਂ ਤੈਨੂੰ ਸਦਾ ਕਾਇਮ ਰਹਿਨ ਵਾਲਾ ਸੁਖ ਮਿਲੇਗਾ ਤੇਰਾ ਭਲਾ ਹੋ ਜਾਵੇ ਗਾ ਤੇ ਤੈਨੂੰ ਦਿਲੀ ਖ਼ੁਸ਼ੀ ਹੋਵੇ ਗੀ

ਨਰਕ ਨਿਵਾਰਿ[4] ਉਧਾਰਹੁ[5] ਜੀਉ[6] ॥
ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥

ਹੇ ਜੀਵ ! ਪਰਭੂ ਦੇ ਗੁਨ ਗਾ, ਕਿਉਂ ਜੋ ਉਹ ਗੁਰੂ ਦੇ ਸ਼ਬਦ ਅਮੰਰਤ ਰਸ ਭਰੇ ਹਨ। ਉਹ ਰਸ ਪੀ। ਇਸ ਤਰਾਂ ਤੇਰਾ ਨਰਕਾਂ ਤੋਂ ਛੁਟਕਾਰਾ ਹੋ ਜਾਵੇ ਗਾ ਤੇ ਦੁਨੀਆਂ ਦੇ ਵਿਕਾਰਾਂ ਤੋਂ ਬਚ ਜਾਏਂ ਗਾ।

ਚਿਤਿ ਚਿਤਵਹੁ[7] ਨਾਰਾਇਣ ਏਕ ॥
ਏਕ ਰੂਪ ਜਾ ਕੇ ਰੰਗ ਅਨੇਕ ॥

ਪਰਭੂ ਦਾ ਰੂਪ ਇਕ ਹੈ ਤੇ ਉਸ ਦੇ ਰੰਗ ਅਨੇਕ ਹਨ। ਇਕ ਪਰਭੂ ਨੂੰ ਦਿਲ ਨਾਲ ਯਾਦ ਕਰੋ।

ਗੋਪਾਲ[8] ਦਾਮੋਦਰ[9] ਦੀਨਦਇਆਲ[10] ॥
ਦੁਖ ਭੰਜਨ ਪੂਰਨ ਕਿਰਪਾਲ ॥

---

[1] ਕਲਿਆਨ, ਸਦਾ ਕਾਇਮ ਰਹਿਨ ਵਾਲਾ ਸੁਖ। [2] ਭਲਾ। ਸੁਖ। [3] ਕੁਦਰਤੀ। [4] ਦੂਰ ਕਰ। [5] ਬਚਾਨਾ। [6] ਜੀਵ। [7] ਯਾਦ ਕਰੋ। [8] ਪ੍ਰਿਥਵੀ ਦਾ ਪਾਲਕ। [9] ਮਾਇਆ ਦਾ ਮਾਲਕ। [10] ਗਰੀਬਾਂ ਤੇ ਮੇਹਰ ਕਰਨ ਵਾਲਾ।



Digitized by Panjab Digital Library | www.panjabdigilib.org

ਸਿਮਰਿ ਸਿਮਰਿ ਨਾਮੁ ਬਾਰੰਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥ ੨ ॥

ਉਹ ਪਰਥਵੀ ਦਾ ਮਾਲਕ, ਉਹ ਮਾਯਾ ਦਾ ਮਾਲਿਕ, ਉਹ ਗਰੀਬਾਂ ਤੇ ਦਇਆ ਕਰਨ ਵਾਲਾ ਪਰਭੂ! ਉਹ ਦੁਖਾਂ ਦੇ ਨਾਸ ਕਰਨ ਵਾਲਾ ਵਾਹਿਗੁਰੂ ਉਹ ਸਭ ਵਿਚ ਮੌਜੂਦ ਤੇ ਸਭ ਤੇ ਕਿਰਪਾ ਕਰਨ ਵਾਲਾ ਪਰਭੂ ਹੈ। ਗੁਰੂ ਜੀ ਕਹਿੰਦੇ ਹਨ, ਉਸ ਦੇ ਨਾਂ ਨੂੰ ਮੁੜ ਮੁੜ ਕੇ ਜਪੋ। ਇਹੀ ਨਾਮ ਹੀ ਜ਼ਿੰਦਗੀ ਦਾ ਆਸਰਾ ਹੈ।

ਉਤਮ ਸਲੋਕ ਸਾਧ ਕੇ ਬਚਨ ॥
ਅਮੁਲੀਕ[1] ਲਾਲ ਏਹਿ ਰਤਨ ॥

ਸਾਧੂਆਂ ਦੇ ਬਚਨ ਸਬ ਤੋ ਉਚੀ ਬਾਣੀ ਹੈ। ਇਹ ਬਚਨ ਐਸੇ ਲਾਲ ਤੇਜਵਾਹਰ ਹਨ ਜਿਨਾਂ ਦਾ ਮੁਲ ਨਹੀ ਪਾਇਆਜਾਸਕਦਾ।

ਸੁਨਤ ਕਮਾਵਤ ਹੋਤ ਉਧਾਰ ॥
ਆਪਿ ਤਰੈ ਲੋਕਹ ਨਿਸਤਾਰ ॥

ਜੋ ਜੀਵ ਸਾਧੂਆਂ ਦੇ ਅਮੋਲਕ ਬਚਨ ਸੁਨ ਕੇ ਉਨਾ ਤੇ ਅਮਲ ਕਰਦਾ ਹੈ ਉਹ ਸੰਸਾਰ ਤੋਂ ਤਰ ਜਾਂਦਾ ਹੈ। ਉਹ ਆਪ ਭੀ ਤਰ ਜਾਂਦਾ ਹੈ ਤੇ ਲੋਕਾਂ ਨੂੰ ਭੀ ਤਾਰ ਦੇਂਦਾ ਹੈ।

ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥
ਜਾ ਕੈ ਮਨਿ ਲਾਗਾ ਹਰਿ ਰੰਗੁ ॥
ਜੈ ਜੈ[2] ਸਬਦੁ ਅਨਾਹਦੁ[3] ਵਾਜੈ ॥
ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥

---

[1] ਜਿਸ ਦਾ ਮੁਲ ਨਾ ਪਾਇਆ ਜਾਏ। [2] ਫਤਹ ਦੀ ਅਵਾਜ਼
[3] ਲਗਾਤਾਰ, ਇਕ ਰਸ।



Digitized by Panjab Digital Library | www.panjabdigilib.org

ਜਿਸ ਜੀਵ ਦੇ ਦਿਲ ਵਿਚ ਪਰਭੂ ਵਸ ਗਿਆ ਹੈ, ਉਸ ਦੀ ਜ਼ਿੰਦਗੀਦਾ ਵਡਾ ਕੰਮ ਪੂਰਾ ਹੋ ਗਿਆ ਤੇ ਉਸ ਦਾ ਸਾਥ ਕਰਨ ਨਾਲ ਵੀ ਕਾਮਯਾਬੀ ਹੋਂਦੀ ਹੈ ।

ਉਨਾਂ ਭਗਤਾਂ ਦੇ ਦਿਲਾਂ ਦੇ ਵਿਚ ਜੈ ਜੈ ਦੀ ਅਵਾਜ਼ ਦਾ ਲਗਾਤਾਰ ਵਾਜਾ ਬਜ ਰੇਹਾ ਹੈ, ਪਰਭੂ ਨਾਲ ਉਹ ਗਲਾਂ ਕਰਦੇ ਰਹਿੰਦੇ ਹਨ। ਉਨ੍ਹਾਂ ਦੇ ਦਿਲਾਂ ਵਿਚ ਪਰਭੂ ਗਜ ਰਿਹਾ ਹੈ, ਜਿਸ ਨੂੰ ਸੁਨ ੨ ਉਹ ਸੰਤ ਖੁਸ਼ ਹੁੰਦੇ ਹਨ ।

ਪ੍ਰਗਟੇ ਗੁਪਾਲ ਮਹਾਂਤ[1] ਕੈ ਮਾਥੈ ॥
ਨਾਨਕ ਉਧਰੇ ਤਿਨ ਕੈ ਸਾਥੇ ॥ ੩ ॥

ਉਸ ਵਾਹਿਗੁਰੂ ਦਾ ਰੂਪ ਉਨ੍ਹਾਂ ਮਹਾਂ ਪੁਰਸ਼ ਦੇ ਮਥੇ ਤੇ ਦਿਖਾਈ ਦੇਂਦਾ ਹੈ, ਕਿਉਂ ਜੋ ਉਨ੍ਹਾਂ ਦਾ ਮਥਾ ਚਮਕਦਾ ਹੈ। ਗੁਰੂ ਜੀ ਆਖਦੇ ਹਨ ਉਨ੍ਹਾਂ ਗੁਰਮੁਖਾਂ ਦਾ ਸਾਥ ਕਰਕੇ ਹੋਰ ਲੋਕੀ ਭੀ ਤਰ ਜਾਂਦੇ ਹਨ ।

ਸਰਨਿ ਜੋਗੁ[2] ਸੁਨਿ ਸਰਨੀ ਆਏ ॥
ਕਰਿ ਕਿਰਪਾ ਪ੍ਰਭ ਆਪਿ ਮਿਲਾਏ ॥

ਹੇ ਵਾਹਿਗੁਰੂ ਜੀ ! ਅਸੀਂ ਸੁਨਿਆ ਸੀ ਕਿ ਜੋ ਤੇਰੀ ਸ਼ਰਨ ਆਂਦੇ ਹਨ ਤੂੰ ਉਨ੍ਹਾਂ ਦੀ ਹਿਫਾਜ਼ਤ ਕਰਦਾ ਹੈ ਤੇ ਅਸੀ ਹੁਣ ਤੇਰਾ ਹੀ ਆਸਰਾ ਲਿਆ ਹੈ। ਮੇਰੇ ਪਰਭੂ ਜੀ ਮੇਹਰ ਕਰ ਤੇ ਆਪ ਦੀ ਗੋਦੀ ਵਿਚ ਲਏ ਲਾਏ ।

ਮਿਟਿ ਗਏ ਬੈਰ[3] ਭਏ ਸਭ ਰੇਨ[4] ॥
ਅੰਮ੍ਰਿਤ ਨਾਮੁ ਸਾਧ ਸੰਗਿ ਲੈਨ ॥

---

[1] ਜਿਸ ਦੀ ਸਭ ਤੋਂ ਜ਼ਿਆਦਾ ਇਜ਼ਤ ਹੋਵੇ। [2] ਹਿਫਾਜ਼ਤ ਕਰਨ ਦੇ ਕਾਬਲ। [3] ਵੈਰ, ਦੁਸ਼ਮਨੀ। [4] ਚਰਨਧੂੜ।



Digitized by Panjab Digital Library | www.panjabdigilib.org

ਹੁਣ ਸਾਡੇ ਅੰਦਰੋਂ ਦੂਜਿਆਂ ਦੇ ਨਾਲ ਵੈਰ ਹਟ ਗਏ ਹਨ ਤੇ ਅਸੀਂ ਸ਼ਭ ਦੀ ਚਰਨਾਂ ਦੀ ਧੂੜੀ ਹੋ ਗਏ ਹਾਂ ਨਿਮਰਤਾਈ ਆ ਗਈ ਹੈ। ਤੇ ਅਸੀਂ ਸਾਧੂਆਂ ਦੀ ਸੰਗਤ ਵਿਚ ਸਦਾ ਅਮਰ ਰਹਿਨ ਵਾਲਾ ਪਰਭੂ ਦਾ ਨਾਮ ਜਪਦੇ ਹਾਂ।

ਸੁਪ੍ਰਸੰਨ ਭਏ ਗੁਰਦੇਵ ॥
ਪੂਰਨ ਹੋਈ ਸੇਵਕ ਕੀ ਸੇਵ ॥
ਆਲ ਜੰਜਾਲ [1] ਬਿਕਾਰ [2] ਤੇ ਰਹਤੇ [3] ॥
ਰਾਮ ਨਾਮ ਸੁਨਿ ਰਸਨਾ ਕਹਤੇ ॥
ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥
ਨਾਨਕ ਨਿਬਹੀ [4] ਖੇਪ [5] ਹਮਾਰੀ ॥

ਸਤ ਗੁਰੂ ਜੀ ਸਾਡੇ ਉਤੇ ਖੁਸ਼ ਹੋ ਗਏ ਹਨ ਤੇ ਸੇਵਕ ਦੀ ਸੇਵਾ ਪੂਰੀ ਹੋ ਗਈ ਹੈ। ਦੁਨਿਆਵੀ ਧੰਧੇ ਤੇ ਬੁਰੇ ਕੰਮਾਂ ਤੋਂ ਬਚ ਗਏ ਹਾਂ। ਪਰਭੂ ਦਾ ਨਾਉਂ ਸੁਣ ਕੇ ਅਸੀ ਆਪਣੀ ਜੀਭ ਨਾਲ ਉਸ ਦੇ ਨਾਉਂ ਨੂੰ ਜਪਦੇ ਹਾਂ। ਗੁਰੂ ਜੀ ਕਹਿੰਦੇ ਹਨ ਕਿ ਪਰਭੂ ਨੇ ਸਾਡੇ ਉਤੇ ਤਰਸ ਕਰ ਕੇ ਇਹ ਦਇਆ ਕੀਤੀ ਹੈ ਤੇ ਸਾਡਾ ਲਿਆਦਾ ਹੋਇਆ ਸੌਦਾ ਪਰਭੂ ਦੀ ਦਰਗਾਹ ਵਿਚ ਕਬੂਲ ਹੋ ਗਿਆ ਹੈ।

ਪ੍ਰਭ ਕੀ ਉਸਤਤਿ [6] ਕਰਹੁ ਸੰਤ ਮੀਤ [7] ॥
ਸਾਵਧਾਨ [8] ਏਕਾਗਰ [9] ਚੀਤ ॥

---

[1] ਧੰਧੇ। [2] ਵਿਕਾਰ, ਬੁਰੇ ਕੰਮ। [3] ਬਚ ਗਏ। [4] ਕਬੂਲ। [5] ਸੌਦਾ। [6] ਮਹਿਮਾ, ਤਾਰੀਫ਼। [7] ਮਿਤਰੋ, ਦੋਸਤੋ। [8] ਧਿਆਨ ਨਾਲ। [9] ਇਕ ਨਿਸ਼ਾਨੇ ਤੇ ਟਿਕਾ ਕੇ। ।



Digitized by Panjab Digital Library | www.panjabdigilib.org

ਹੇ ਸੰਤੋ ਮਿਤ੍ਰੋ ! ਧਿਆਨ ਨਾਲ ਬਿਰਤੀਆਂ ਨੂੰ ਇਕ ਜਗਾ ਟਿਕਾ ਕੇ ਸਚੇ ਦਿਲ ਨਾਲ ਪਰਭੂ ਦੇ ਗੁਨ ਗਾਉ ।

ਸੁਖਮਨੀ [1] ਸਹਜ [2] ਗੋਬਿੰਦ ਗੁਨ ਨਾਮ ॥
ਜਿਸ ਮਨਿ ਬਸੈ ਸੁ ਹੋਤ ਨਿਧਾਨ [3] ॥
ਸਰਬ ਇਛਾ ਤਾਕੀ ਪੂਰਨ ਹੋਇ ॥
ਪ੍ਰਧਾਨ [4] ਪੁਰਖੁ ਪ੍ਰਗਟੁ [5] ਸਭ ਲੋਇ ॥
ਸਭ ਤੇ ਊਚ ਪਾਏ ਅਸਥਾਨੁ ॥
ਬਹੁਰਿ ਨ ਹੋਵੈ ਆਵਨ ਜਾਨੁ ॥
ਹਰਿ ਧਨੁ ਖਾਟਿ ਚਲੈ ਜਨੁ ਸੋਇ ॥
ਨਾਨਕ ਜਿਸਹਿ ਪਰਾਪਤਿ ਹੋਇ ॥ ੫ ॥

ਇਹ ਸੁਖਮਨੀ ਦੀ ਬਾਣੀ ਦੇ ਵਿਚ ਵਾਹਿਗੁਰੂ ਦੇ ਗੁਨ ਭਰੇ ਹੋਏ ਹਨ ਜਿਸ ਦੇ ਦਿਲ ਵਿਚ ਇਹ ਟਿਕ ਜਾਵੇ ਉਹ ਗੁਨਾਂ ਦਾ ਖਜ਼ਾਨਾ ਹੋ ਜਾਂਦਾ ਹੈ ।

ਉਸ ਮਨੁਖ ਦੀਆਂ ਸਾਰੀਆਂ ਖਾਇਸ਼ਾਂ ਪੂਰੀਆਂ ਹੋ ਜਾਂਦੀਆਂ ਹਨ, ਉਹ ਜੀਵ ਸਭ ਤੋਂ ਵਡਾ ਬਣ ਜਾਂਦਾ ਹੈ ਤੇ ਹਰ ਜਗਾ ਉਹ ਮਸ਼ਹੂਰ ਹੋ ਜਾਂਦਾ ਹੈ । ਉਸ ਨੂੰ ਸਭ ਤੋਂ ਉਚਾ ਰੁਤਬਾ ਮਿਲਦਾ ਹੈ ਤੇ ਮਰਨ ਜਮਨ ਤੋਂ ਉਸ ਦਾ ਛੁਟਕਾਰਾ ਹੋ ਜਾਂਦਾ ਹੈ । ਗੁਰੂ ਜੀ ਆਖਦੇ ਹਨ ਕਿ ਸੁਖਮਨੀ ਸਾਹਿਬ ਦਾ ਜਾਪ ਜਿਸ ਜੀਵ ਨੂੰ ਵਾਹਿਗੁਰੂ ਬਖਸ਼ਦਾ ਹੈ ਉਹ ਜੀਵ ਪਰਭੂ ਦੇ ਨਾਂ ਦੇ ਸੌਦੇ ਤੋਂ ਖਟ ਕੇ ਪਰਭੂ ਦੀ ਦਰਗਹ ਵਿਚ ਪੁਜ ਜਾਂਦੇ ਹਨ ਤੇ ਉਥੇ ਹੀ ਮੁਕਤੀ ਪਾ ਕੇ ਸਮਾ ਜਾਂਦੇ ਹਨ ।

---

[1] ਸੁਖ ਦੇਣ ਵਾਲੇ ਮੋਤੀ । [2] ਕੁਦਰਤੀ । [3] ਗੁਨਾਂ ਦਾ ਖਜ਼ਾਨਾਂ ।
[4] ਸਭ ਤੋਂ ਵਡਾ । [5] ਮਸ਼ਹੂਰ ।



Digitized by Panjab Digital Library | www.panjabdigilib.org

ਖੇਮ[1] ਸਾਂਤਿ[2] ਰਿਧਿ[3] ਨਵਨਿਧਿ[4] ॥
ਬੁਧਿ[5] ਗਿਆਨੁ ਸਰਬ ਤਹ ਸਿਧਿ[6] ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ[7] ਕਾ ਬੇਤਾ[8] ॥
ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥ ੬ ॥

ਉਸ ਜੀਵ ਨੂੰ ਸੁਖ, ਸ਼ਾਂਤੀ, ਹਰ ਕੰਮ ਠੀਕ ਕਰਨ ਦੀ ਤਾਕਤ, ਦੁਨੀਆਂ ਦੇ ਸਭ ਖਜ਼ਾਨੇ, ਅਕਲ, ਗਿਆਨ, ਤੇ ਸਾਰੀਆਂ ਕਰਾਮਾਤਾਂ, ਵਿਦਿਆ, ਤਪਸਿਆ, ਜੋਗ ਤੇ ਪਰਭੂ ਦਾ ਧਿਆਨ, ਸ੍ਰਿਸ਼ਟੀ ਦਾ ਗਿਆਨ, ਚੰਗੇ ਤੋਂ ਚੰਗਾ ਇਸ਼ਨਾਨ ਦਾ ਫਲ, ਚਾਰ ਪਦਾਰਥ (ਧਰਮ, ਧੰਨ, ਮੁਕਤੀ ਤੇ ਖਾਹਿਸ਼ਾਂ ਦਾ ਪੂਰਾ ਹੋਣਾ), ਹਿਰਦੇ ਰੂਪੀ ਕੰਮਲ ਫੁਲ ਦਾ ਖਿੜਨਾਂ, ਸਭ ਦੇ ਵਿਚ ਰਹਿੰਦਿਆਂ ਹੋਇਆਂ ਸਭ ਤੋਂ ਉਦਾਸ ਰਹਿਣਾ, ਸੋਹਣਾ, ਚਾਲਾਕ, ਅਸਲੀਅਤ ਦੇ ਜਾਨਣ ਵਾਲਾ ਤੇ ਸਭ ਨੂੰ ਇਕ ਨਜ਼ਰ ਨਾਲ ਵੇਖਣਾ। ਗੁਰੂ ਜੀ ਆਖਦੇ ਹਨ ਕਿ ਇਹ ਸਾਰੇ

---

1 ਅਟਲ ਸੁਖ। 2 ਸ਼ਾਂਤੀ। 3 ਹਰ ਕੰਮ ਠੀਕ ਹੋਣ ਦੀ ਤਾਕਤ। 4 ਦੁਨੀਆਂ ਦੇ ਸਭ ਖਜ਼ਾਨੇ। 5 ਅਕਲ। 6 ਕਰਾਮਾਤ 7 ਅਸਲੀਅਤ। 8 ਜਾਨਣ ਵਾਲਾ।



Digitized by Panjab Digital Library | www.panjabdigilib.org

ਫਲ ਜੋ ਅਸੀਂ ਮੂਹੋਂ ਕਹੇ ਹਨ ਉਸ ਜੀਵ ਨੂੰ ਮਿਲਦੇ ਹਨ ਜੋ ਪਰਭੂ ਦਾ ਨਾਮ (ਜਿਸ ਦਾ ਵਰਨਨ ਸੁਖਮਨੀ ਸਾਹਿਬ ਵਿਚ ਕੀਤਾ ਗਿਆ ਹੈ) ਜਪਦਾ ਹੈ ਤੇ ਦਿਲ ਦੇ ਕੰਨ ਖੋਲ੍ਹ ਕੇ ਸੁਖਮਨੀ ਸਾਹਿਬ ਦਾ ਪਾਠ ਸੁਣਦਾ ਹੈ।

ਇਹੁ ਨਿਧਾਨੁ[1] ਜਪੈ ਮਨਿ ਕੋਇ ॥
ਸਭ ਜੁਗ[2] ਮਹਿ ਤਾ ਕੀ ਗਤਿ ਹੋਇ ॥
ਗੁਣ ਗੋਬਿੰਦ ਨਾਮ ਧੁਨਿ ਬਾਣੀ ॥
ਸਿਮ੍ਰਿਤ ਸਾਸਤ੍ਰ ਬੇਦ ਬਖਾਣੀ[3] ॥

ਇਸ ਸੁਖਮਣੀ ਸਾਹਿਬ ਜਹੇ ਸੁਖਾਂ ਦੇ ਖ਼ਜ਼ਾਨੇ ਨੂੰ ਜੋ ਦਿਲੋਂ ਜਪਦਾ ਹੈ ਉਸਦੀ ਸਾਰੀ ਜ਼ਿੰਦਗੀ ਵਿਚ ਅਛੀ ਹਾਲਤ ਬਣੀ ਰਹਿੰਦੀ ਹੈ। ਇਹ ਸੁਖਮਣੀ ਸਾਹਿਬ ਦੀ ਬਾਣੀ ਪਰਭੂ ਦੇ ਗੁਣ ਤੇ ਨਾਮ ਦੀ ਧੁਨੀ ਲਗਾਉਨ ਵਾਲੀ ਬਾਣੀ ਹੈ। ਇਹ ਹੀ ਬਾਣੀ ਸਿਮ੍ਰਤੀਆਂ ਸ਼ਾਸਤਰਾਂ ਤੇ ਵੇਦਾਂ ਨੇ ਪਹਿਲਾਂ ਹੀ ਵਰਨਨ ਕੀਤੀ ਹੈ।

ਸਗਲ ਮਤਾਂਤ[4] ਕੇਵਲ ਹਰਿ ਨਾਮ ॥
ਗੋਬਿੰਦ ਭਗਤ ਕੈ ਮਨਿ ਬਿਸ੍ਰਾਮ[5] ॥

ਸਾਰੇ ਮਜ਼ੂਬਾਂ ਦਾ ਨਿਚੋੜ ਸਿਰਫ਼ ਪਰਭੂ ਦਾ ਨਾਮ ਹੀ ਹੈ। ਇਹ ਨਾਮ ਵਾਹਿਗੁਰੂ ਦੇ ਭਗਤ ਦੇ ਦਿਲ ਵਿਚ ਵਸਦਾ ਹੈ।

ਕੋਟਿ[9] ਅਪ੍ਰਾਧ[7] ਸਾਧ ਸੰਗਿ ਮਿਟੈ ॥
ਸੰਤ ਕ੍ਰਿਪਾ ਤ ਜਮ ਤੇ ਛੁਟੈ ॥

---

[1] ਖ਼ਜ਼ਾਨਾ। [2] ਜ਼ਿੰਦਗੀ ਦਾ ਹਿਸਾ।[3] ਬਿਆਨ। [4] ਮਜ਼ਹਬ
5 ਅਰਾਮ। 6 ਕਰੋੜ। [7] ਪਾਪ।



Digitized by Panjab Digital Library | www.panjabdigilib.org

ਸਤਸੰਗ ਵਿਚ ਜਾਨ ਨਾਲ ਜੀਵ ਦੇ ਕਰੋੜਾਂ ਪਾਪ ਦੂਰ ਹੋ ਜਾਂਦੇ ਹਨ। ਗੁਰੂ ਦੀ ਮੇਹਰ ਨਾਲ ਉਹ ਜੀਵ ਮੌਤ ਦੇ ਡਰ ਤੋਂ ਛੁਟ ਜਾਂਦਾ ਹੈ। ਉਸ ਨੂੰ ਮਰਨ ਜਮਨ ਦਾ ਡਰ ਹਟ ਜਾਦਾ ਹੈ।

ਜਾ ਕੈ ਮਸਤਕਿ ਕਰਮ ਪ੍ਰਭਿ ਪਾਇ ॥
ਸਾਧ ਸਰਣਿ ਨਾਨਕ ਤੇ ਆਇ ॥੭॥

ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਦੇ ਮਥੇ ਤੇ ਇਹ ਚੰਗੇ ਕੰਮ ਵਾਹਿਗੁਰੂ ਨੇ ਲਿਖ ਦਿਤੇ ਹਨ। ਉਹੀ ਜੀਵ ਸੰਤਾਂ ਦੀ ਸ਼ਰਨ ਵਿਚ ਆਂਦੇ ਹਨ।

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥
ਜਨਮ ਮਰਨ ਤਾ ਕਾ ਦੂਖ ਨਿਵਾਰੈ[1] ॥
ਦੁਲਭ[2] ਦੇਹ[3] ਤਤਕਾਲ[4] ਉਧਾਰੈ[5] ॥

ਜੋ ਜੀਵ ਪਰੇਮ ਨਾਲ ਸੁਖਮਣੀ ਸਾਹਿਬ ਸੁਣੇ ਤੇ ਮਨ ਵਿਚ ਇਸ ਦੇ ਭਾਵ ਨੂੰ ਟਿਕਾ ਲਵੇ ਉਸ ਨੂੰ ਵਾਹਿਗੁਰੂ ਹਰ ਵਕਤ ਯਾਦ ਆਏਗਾ। ਉਸ ਦਾ ਜਨਮ ਮਰਨ ਦਾ ਦੁਖ ਕਟਿਆ ਜਾਂਦਾ ਹੈ (ਚੌਰਾਸੀ ਕਟੀ ਜਾਂਦੀ ਹੈ) ਤੇ ਇਹ ਮਨੁਸ਼ਾਂ ਜਨਮ ਜੋ ਇਤਨਾਂ ਮੁਸ਼ਕਿਲ ਨਾਲ ਮਿਲਿਆ ਹੈ ਉਸ ਨੂੰ ਉਸੇ ਵਕਤ ਬੁਰੇ ਕੰਮਾਂ ਤੋਂ ਬਚਾ ਲੈਂਦਾ ਹੈ।

---

[1] ਕਟਣਾ। [2] ਜੋ ਮੁਸ਼ਕਿਲ ਨਾਲ ਮਿਲੀ ਹੈ। [3] ਸਰੀਰ। [4] ਉਸੇ ਵਕਤ। [5] ਬਚਾਨਾ।



Digitized by Panjab Digital Library | www.panjabdigilib.org

ਨਿਰਮਲ[1] ਸੋਭਾ[2] ਅੰਮ੍ਰਿਤ ਤਾ ਕੀ ਬਾਨੀ ॥
ਏਕੁ ਨਾਮੁ ਮਨ ਮਾਹਿ ਸਮਾਨੀ ॥

ਜਿਸ ਜੀਵ ਦੇ ਦਿਲ ਵਿਚ ਕੇਵਲ ਇਕ ਪ੍ਰਭੂ ਦਾ ਨਾਮ ਵ ਜਾਂਦਾ ਹੈ। ਉਸਦੀ ਬੜੀ ਤਾਰੀਫ਼ ਹੁੰਦੀ ਹੈ ਤੇ ਜੋ ਕੁਛ ਉਹ ਬੋਲਦਾ ਉਸ ਤੋਂ ਅੰਮ੍ਰਿਤ ਦੀ ਵਰਸ਼ਾ ਹੁੰਦੀ ਹੈ।

ਦੂਖ ਰੋਗ ਬਿਨਸੇ ਭੈ ਭਰਮ ॥
ਸਾਧ ਨਾਮ ਨਿਰਮਲ ਤਾ ਕੇ ਕਰਮ ॥

ਉਸ ਦੇ ਦੁਖ ਤੇ ਬੀਮਾਰੀ ਦਾ ਨਾਸ ਹੋ ਜਾਂਦਾ ਹੈ ਤੇ ਉਸ ਦੇ ਡਰ ਤੇ ਵਹਿਮ ਹਟ ਜਾਂਦੇ ਹਨ। ਉਸਦਾ ਨਾਮ ਸਾਧ ਪਾਇ ਜਾਂਦਾ ਹੈ ਤੇ ਉਸ ਦੇ ਸਾਰੇ ਕੰਮ ਪਵਿਤਰ ਹੁੰਦੇ ਹਨ।

ਸਭ ਤੇ ਊਚ ਤਾ ਕੀ ਸੋਭਾ ਬਨੀ।
ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥

ਸਭ ਤੋਂ ਉਚੀ ਸੋਭਾ ਉਸੇ ਨੂੰ ਹੀ ਮਿਲਦੀ ਹੈ। ਗੁਰੂ ਜੀ ਆਖਦੇ ਹਨ ਕਿ ਇਹ ਸਾਰੇ ਗੁਨ ਸੁਖਮਨੀ ਸਾਹਿਬ ਵਿਚ ਹਨ। ਮਨੁਖ ਸੁਖਮਨੀ ਸਾਹਿਬ ਪੜ੍ਹਦੇ ਹਨ ਉਨ੍ਹਾਂ ਨੂੰ ਪ੍ਰਭੂ ਇਹ ਸਾਰੇ ਫ ਬਖਸ਼ਦਾ ਹੈ।

---

[1] ਪਵਿਤਰ। [2] ਤਾਰੀਫ।



Digitized by Panjab Digital Library | www.panjabdigilib.org

ਸਤਿ ਨਾਮ ਸ੍ਰੀ ਵਾਹਿਗੁਰੂ ਜੀ।
ਸਤਿ ਨਾਮ ਸ੍ਰੀ ਵਾਹਿਗੁਰੂ ਜੀ।
ਸਤਿ ਨਾਮ ਸ੍ਰੀ ਵਾਹਿਗੁਰੂ ਜੀ।
ਸਤਿ ਨਾਮ ਸ੍ਰੀ ਵਾਹਿਗੁਰੂ ਜੀ।
ਸਤਿ ਨਾਮ ਸ੍ਰੀ ਵਾਹਿਗੁਰੂ ਜੀ।

ਤੇਰਾ ਸਭ ਸੱਦਕਾ

ਸੰਗਤ ਦਾ ਦਾਸ
'ਭਾਈ'



Digitized by Panjab Digital Library | www.panjabdigilib.org

# ਕੀਮਤ

ਸ੍ਰੀ ਮਾਨ ਜੀ ! ਇਸ ਟੀਕੇ ਦੀ ਕੀਮਤ ਪੰਜ ਸੁਖਮਨੀ ਸਾਹਿਬ ਜੀ ਦੇ ਪਾਠ ਹਨ, ਇਸ ਲਈ ਤੁਸੀਂ 'ਭੂਮਕਾ' ਪੜ੍ਹੋ। ਜੇਕਰ ਤੁਸੀਂ ਇਹ ਕੀਮਤ ਨਾ ਦੇ ਸਕਦੇ ਹੋਵੋ, ਤਾਂ ਕ੍ਰਿਪਾ ਕਰ ਕੇ ਇਹ ਟੀਕਾ ਕਿਸੇ ਐਸੇ ਮਿਤ੍ਰ ਜਾਂ ਸੰਨਬੰਧੀ ਨੂੰ ਦੇ ਦਿਓ, ਜੋ ਇਹ ਕੀਮਤ ਦੇਣ ਲਈ ਤਿਆਰ ਹੋਵੇ, ਜਾਂ ਆਪਣੇ ਸ਼ਹਿਰ ਦੇ ਗੁਰਦਵਾਰੇ ਦੇ ਦੇਵੋ।

ਜੇਕਰ ਤੁਸੀਂ ਇਹ ਟੀਕਾ ਜ਼ਰੂਰੀ ਰਖਣਾਂ ਹੋਵੇ ਤਾਂ ਉਤੇ ਲਿਖੀ ਕੀਮਤ ਭੀ ਨਾ ਦੇਣੀ ਹੋਵੇ ਤਾਂ ਆਪ ਦੇ ਦਾਸ ਨੂੰ ਲਿਖਣ ਦੀ ਖੇਚਲ ਜ਼ਰੂਰ ਕਰੋ, ਤਾਂ ਜੋ ਆਪ ਜੀ ਦੀ ਥਾਂ ਦਾਸ ਇਹ ਕੀਮਤ ਦੇ ਦੇਵੇ।

ਸੰਗਤ ਦਾ ਦਾਸ—
ਭਾਈ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1242

Digitized by Panjab Digital Library | www.panjabdigilib.org

Digitized by Panjab Digital Library | www.panjabdigilib.org